# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 49 | 11 December 2019 to 17 December 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਦਰਬਾਰ ਸਾਹਿਬ ਵਿਖੇ ਫਰਾਂਸ ਦੇ ਬਿਸ਼ਪ ਨੇ ਮੱਥਾ ਟੇਕਿਆ



**ਅੰਮ੍ਰਿਤਸਰ/ਏ.ਟੀ. ਨਿਊਜ਼ :** ਮਸੀਹ ਭਾਈਚਾਰੇ ਦੇ ਕੈਥੋਲਿਕ ਚਰਚ ਨਾਲ ਸਬੰਧਤ ਫਰਾਂਸ ਦੇ ਬਿਸ਼ਪ ਜੌਸਫ ਡੀ. ਮੈਟਜ਼ ਨੇ 30 ਮੈਂਬਰੀ ਵਫ਼ਦ ਸਮੇਤ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਹ ਗੁਰੂ ਰਾਮਦਾਸ ਲੰਗਰ ਘਰ ਵਿਖੇ ਗਏ। ਉਨ੍ਹਾਂ ਲੰਗਰ ਬਣਾਉਣ ਅਤੇ ਵਰਤਾਉਣ ਦੀ ਪ੍ਰਥਾ ਨੂੰ ਦੇਖਿਆ। ਉਪਰੰਤ ਸੱਚਖੰਡ ਵਿਖੇ ਨਤਮਸਤਕ ਹੋਣ ਮਗਰੋਂ ਉਨ੍ਹਾਂ ਨੇ ਪ੍ਰਸ਼ਾਦ ਵੀ ਲਿਆ। ਸੂਚਨਾ ਘਰ ਵਿੱਚ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਸਿੱਖ ਧਰਮ ਬਾਰੇ ਆਪਣੀਆਂ ਭਾਵਨਾਵਾਂ ਵੀ ਯਾਤਰੂ ਬੁੱਕ ਵਿੱਚ ਦਰਜ ਕੀਤੀਆਂ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਰੂਹਾਨੀ ਸਥਾਨ ਹੈ, ਜਿਥੇ ਨਤਮਸਤਕ ਹੋ ਕੇ ਸਾਂਝੀਵਾਲਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਮਿਲਦਾ ਹੈ। ਉਨ੍ਹਾਂ ਲੰਗਰ ਘਰ ਵਿਚ ਪੰਗਤ ਵਿੱਚ ਬੈਠ ਕੇ ਲੋਕਾਂ ਨੂੰ ਪ੍ਰਸ਼ਾਦਾ ਛਕਦਿਆਂ ਦੇਖਿਆ। ਉਨ੍ਹਾਂ ਨੇ ਸਿੱਖ ਧਰਮ ਅਤੇ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਹਾਸਲ ਕੀਤੀ।

## ਪੰਜਾਬ 'ਚ 'ਗੈਂਗਸਟਰਾਂ' ਬਾਰੇ ਸਿਆਸਤ ਭਖੀ...

# ਗੈਂਗਸਟਰਾਂ ਲਈ ਬਾਦਲ ਦਲ ਜ਼ਿੰਮੇਵਾਰ : ਕੈਪਟਨ

### ਬਿਕਰਮ ਸਿੰਘ ਮਜੀਠੀਆ ਨੇ ਕਾਂਗਰਸ 'ਤੇ ਗੰਭੀਰ ਦੋਸ਼ ਲਗਾਏ

**ਚੰਡੀਗੜ੍ਹ/ਏ.ਟੀ. ਨਿਊਜ਼ :**

ਪੰਜਾਬ ਵਿਚ ਕਾਂਗਰਸ ਸਰਕਾਰ ਆਉਣ ਮਗਰੋਂ ਪੰਜਾਬ ਪੁਲਿਸ ਨੇ 'ਐਨਕਾਊਂਟਰ' ਰਣਨੀਤੀ 'ਤੇ ਕੰਮ ਕਰਦਿਆਂ ਸੂਬੇ ਵਿਚੋਂ ਗੈਂਗਸਟਰਾਂ ਦੇ ਮੁਕੰਮਲ ਸਫ਼ਾਏ ਦਾ ਦਾਅਵਾ ਕੀਤਾ ਸੀ ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਗੈਂਗਸਟਰ ਮੁੜ ਸਰਗਰਮ ਹੋ ਗਏ ਜਾਪਦੇ ਹਨ, ਜਿਸ ਦੇ ਚਲਦੇ ਪੰਜਾਬ ਪੁਲਿਸ ਇਸ ਸਬੰਧੀ ਸਖ਼ਤ ਰਣਨੀਤੀ ਬਣਾਉਣ ਵਿਚ ਜੁੱਟ ਗਈ ਦੱਸੀ ਜਾ ਰਹੀ ਹੈ। ਦੂਜੇ ਪਾਸੇ ਜਿਥੇ ਗੈਂਗਸਟਰਾਂ ਨੂੰ ਲੈ ਕੇ ਅਕਾਲੀ ਦਲ ਅਤੇ ਕਾਂਗਰਸ ਵਿਚਾਲੇ ਸ਼ੁਰੂ ਹੋਈ ਸਿਆਸੀ ਜੰਗ ਰੁਕਣ ਦਾ ਨਾਂਅ ਨਹੀਂ ਲੈ ਰਹੀ, ਉਥੇ ਇਕ ਵੱਡਾ ਸਵਾਲ ਵੀ ਭੇਤ ਬਣਿਆ ਹੋਇਆ ਹੈ ਕਿ ਆਖ਼ਰ ਪੰਜਾਬ ਵਿਚ ਗੈਂਗਸਟਰਾਂ ਦਾ ਜਨਮਦਾਤਾ ਹੈ ਕੌਣ ਹੈ?

ਰਾਜਸੀ ਆਗੂਆਂ ਤੇ ਗੈਂਗਸਟਰਾਂ ਵਿਚਾਲੇ ਗਠਜੋੜ ਦੀ ਚਰਚਾ ਦੇ ਜ਼ੋਰ ਫੜਨ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੰਦਿਆਂ ਇਹ ਦਾਅਵਾ ਵੀ ਕੀਤਾ ਹੈ ਕਿ ਕਿਸੇ ਦੇ ਵੀ ਦੋਸ਼ੀ ਪਾਏ ਜਾਣ 'ਤੇ ਕਾਰਵਾਈ ਕੀਤੀ ਜਾਵੇਗੀ। ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਇਸ ਮਾਮਲੇ ਦੀ ਪੜਚੋਲ ਕਰਨ ਲਈ ਵੀ ਕਿਹਾ ਗਿਆ ਹੈ। ਮੌਜੂਦਾ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ





ਕਹਿਣਾ ਹੈ ਕਿ 'ਗੈਂਗਸਟਰ' 'ਸ਼ਬਦ' ਹੀ ਸੂਬੇ ਨੂੰ ਅਕਾਲੀ ਦਲ ਦੀ ਦੇਣ ਹੈ, ਜਦਕਿ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਇਹ ਦੋਸ਼ ਵੀ ਲਾਉਂਦੇ ਆ ਰਹੇ ਹਨ ਕਿ ਅਕਾਲੀ ਆਗੂ ਢਿੱਲਵਾਂ ਦਾ ਕਤਲ ਵੀ ਗੈਂਗਸਟਰ-ਮੰਤਰੀ ਗਠਜੋੜ ਹੋਣ ਦਾ ਨਤੀਜਾ ਹੈ, ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉੱਧਰ ਜੇਲ੍ਹ ਮੰਤਰੀ ਰੰਧਾਵਾ ਇਸ ਮਾਮਲੇ ਵਿਚ ਖ਼ੁਦ ਨੂੰ ਪਾਕ ਸਾਫ਼ ਦੱਸਦੇ ਹੋਏ ਕਿਸੇ ਵੀ ਪੱਧਰ ਦੀ ਜਾਂਚ ਕਰਵਾਉਣ ਲਈ ਤਿਆਰ ਹਨ। ਦੱਸਣਯੋਗ ਹੈ ਕਿ ਗੈਂਗਸਟਰ ਵਿੱਕੀ ਗਾਡਰ ਦੇ ਐਨਕਾਊਂਟਰ ਮਗਰੋਂ ਰਾਜ ਵਿਚ ਕੁਝ ਸਮਾਂ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਵਿਰਾਮ ਲੱਗਿਆ ਰਿਹਾ, ਪਰ ਹੁਣ ਫਿਰ ਗੈਂਗਸਟਰਾਂ ਵਲੋਂ ਜੇਲ੍ਹਾਂ ਵਿਚ ਗਤੀਵਿਧੀਆਂ ਤੇਜ਼ ਕਰਨ ਦੀਆਂ ਸੂਚਨਾਵਾਂ ਹਨ। ਜੇਲ੍ਹਾਂ ਵਿਚ ਬੰਦ ਗੈਂਗਸਟਰ ਤੇ ਅਪਰਾਧੀਆਂ ਵਲੋਂ ਖੁੱਲ੍ਹੇਆਮ ਮੋਬਾਈਲ ਫ਼ੋਨ ਦੀ ਵਰਤੋਂ, ਫੇਸਬੁੱਕ 'ਤੇ ਧਮਕੀਆਂ ਦੇਣ ਸਮੇਤ ਜਨਮ ਦਿਨ ਮਨਾਉਣ ਦੀਆਂ ਵੀਡੀਓ ਵਾਇਰਲ ਹੋਣਾ ਜੇਲ੍ਹਾਂ ਵਿਚ ਗੈਂਗਸਟਰਾਂ ਦੇ ਸਰਗਰਮ ਹੋਣ ਦੀ ਵੱਡੀ ਉਦਾਹਰਨ ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਦੀ ਸਿਖਰਲੀ ਲੀਡਰਸ਼ਿਪ ਦੇ ਖਤਰਨਾਕ ਅਪਰਾਧੀਆਂ/ਗੈਂਗਸਟਰਾਂ ਨਾਲ ਸਬੰਧਾਂ ਨੂੰ ਸਪੱਸ਼ਟ ਰੂਪ ਵਿੱਚ ਦਰਸਾਉਂਦੀਆਂ ਤਸਵੀਰਾਂ ਹਾਸਲ ਕਰਨ ਮਗਰੋਂ ਉਨ੍ਹਾਂ ਡੀਜੀਪੀ ਨੂੰ ਇਸ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਜੇਕਰ ਇਹ ਸਹੀ ਸਾਬਤ ਹੋ ਗਿਆ ਤਾਂ ਇਸ ਨਾਲ ਸੂਬੇ ਵਿੱਚ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਸਰਪ੍ਰਸਤੀ ਦੇਣ ਵਿੱਚ ਅਕਾਲੀਆਂ ਦੀ ਸ਼ਮੂਲੀਅਤ ਬੇਨਕਾਬ ਹੋ ਜਾਵੇਗੀ।

ਕੈਪਟਨ ਨੇ ਕਿਹਾ ਕਿ ਅਕਾਲੀ ਦਲ ਕੋਲ ਸ੍ਰੀ ਰੰਧਾਵਾ ਜਾਂ ਹੋਰ ਕਾਂਗਰਸੀ ਮੰਤਰੀਆਂ/ਲੀਡਰਾਂ ਦੀ ਗੈਂਗਸਟਰਾਂ ਤੇ ਅਪਰਾਧੀਆਂ ਨਾਲ ਕਿਸੇ ਤਰ੍ਹਾਂ ਦੀ ਸਾਂਝ ਹੋਣ ਦਾ ਕੋਈ

ਬਾਕੀ ਸਫ਼ਾ 29 'ਤੇ

# ਢੀਂਡਸਾ ਦੀ ਅਗਵਾਈ 'ਚ ਬਾਦਲ ਵਿਰੋਧੀ ਧੜੇ ਹੋ ਸਕਦੇ ਨੇ ਇਕੱਠੇ

### ਕਈ ਸੀਨੀਅਰ ਅਕਾਲੀ ਆਗੂ ਸੰਪਰਕ ਵਿਚ ਹੋਣ ਦਾ ਦਾਅਵਾ

**ਚੰਡੀਗੜ੍ਹ/ਵਿਸ਼ੇਸ਼ ਰਿਪੋਰਟ**

ਅਕਾਲੀ ਦਲ ਤੋਂ ਨਾਰਾਜ਼ ਹੋ ਕੇ ਬਗਾਵਤੀ ਸੁਰ ਅਪਣਾਈ ਬੈਠੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਪਹਿਲਕਦਮੀ ਉੱਪਰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸ਼ਤਾਬਦੀ ਮਨਾਉਣ ਤੇ ਦਲ ਦੇ ਬੁਨਿਆਦੀ ਰਵਾਇਤੀ ਚਿਹਰੇ ਨੂੰ ਮੁੜ ਉਭਾਰਨ ਲਈ ਬਾਦਲ ਵਿਰੋਧੀ ਵੱਖ-ਵੱਖ ਧੜਿਆਂ ਨੂੰ ਇਕੱਤਰ ਕਰਨ ਦੇ ਯਤਨ ਤੇਜ਼ੀ ਨਾਲ ਸ਼ੁਰੂ ਹੋ ਗਏ ਹਨ। ਪਹਿਲੇ ਯਤਨ ਵਜੋਂ ਢੀਂਡਸਾ ਦੀ ਚੰਡੀਗੜ੍ਹ ਰਿਹਾਇਸ਼ ਵਿਖੇ ਬੀਤੀ ਸ਼ਾਮ ਬੁਲਾਈ ਮੀਟਿੰਗ ਵਿਚ ਢੀਂਡਸਾ ਤੋਂ ਇਲਾਵਾ ਅਕਾਲੀ ਦਲ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਕਰਨੈਲ ਸਿੰਘ ਪੀਰ ਮੁਹੰਮਦ, ਰਵੀ ਇੰਦਰ ਸਿੰਘ ਤੋਂ ਇਲਾਵਾ ਹਰਸੁਖਇੰਦਰ ਸਿੰਘ ਬੱਬੀ ਬਾਦਲ ਅਤੇ ਰਵਿੰਦਰ ਸਿੰਘ ਬ੍ਰਹਮਪੁਰਾ ਅਕਾਲੀ ਦਲ (1920) ਦੇ ਪ੍ਰਧਾਨ ਰਵੀਇੰਦਰ ਸਿੰਘ ਦੇ ਨੇਤਾਵਾਂ ਦੀ ਮੀਟਿੰਗ ਹੋਈ।

ਪਾਰਟੀ ਵੱਲੋਂ ਇਸ ਸਬੰਧ ਵਿਚ ਜਲਦੀ ਹੀ ਨਵਜੋਤ ਸਿੰਘ ਸਿੱਧੂ ਨਾਲ ਵੀ ਸੰਪਰਕ ਕੀਤਾ ਜਾਵੇਗਾ। ਇਹ ਵੀ ਪਤਾ ਲੱਗਾ ਹੈ ਕਿ ਬਲਵੰਤ ਸਿੰਘ ਰਾਮੂਵਾਲੀਆ ਅਤੇ ਸੁਖਪਾਲ ਸਿੰਘ ਖਹਿਰਾ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਾਬਕਾ ਸੰਸਦ



ਮੈਂਬਰ ਤੇ ਅਕਾਲੀ ਆਗੂ ਮੇਜਰ ਸਿੰਘ ਉਬੋਕੇ, ਤੁੜ ਪਰਿਵਾਰ, ਲਾਲਪੁਰਾ ਪਰਿਵਾਰ ਸਮੇਤ ਹੋਰ ਅਕਾਲੀ ਆਗੂਆਂ ਦੇ ਪਰਿਵਾਰਾਂ ਨਾਲ ਵੀ ਸੰਪਰਕ ਕਰਕੇ ਅੰਮ੍ਰਿਤਸਰ ਦੀ ਮੀਟਿੰਗ ਵਿਚ ਸ਼ਮੂਲੀਅਤ ਲਈ ਆਖਿਆ ਜਾਵੇਗਾ।

ਢੀਂਡਸਾ ਨੇ ਦੱਸਿਆ ਕਿ ਸਾਡੇ ਇਸ ਯਤਨ ਵਿਚ ਲੋਕ ਇਨਸਾਫ਼ ਪਾਰਟੀ ਵਾਲੇ ਬੈਂਸ ਭਰਾ ਵੀ ਸ਼ਾਮਿਲ ਹਨ। ਪਤਾ ਲੱਗਾ ਹੈ ਕਿ ਐਤਵਾਰ ਸਵੇਰੇ ਅਕਾਲੀ ਦਲ (ਟਕਸਾਲੀ) ਦੇ ਬੁਲਾਰੇ ਤੇ ਸਕੱਤਰ ਜਨਰਲ ਸ: ਸੇਵਾ ਸਿੰਘ ਸੇਖਵਾਂ ਦੀ ਬੈਂਸ ਭਰਾਵਾਂ ਨਾਲ ਲੁਧਿਆਣਾ ਵਿਖੇ ਮੀਟਿੰਗ ਹੋਈ। ਬੈਂਸ ਭਰਾਵਾਂ ਨੇ 14 ਦਸੰਬਰ ਨੂੰ ਅੰਮ੍ਰਿਤਸਰ ਵਿਖੇ ਰੱਖੀ ਮੀਟਿੰਗ ਵਿਚ ਸ਼ਾਮਿਲ ਹੋਣ ਦੀ ਬਕਾਇਦਾ ਸਹਿਮਤੀ ਜ਼ਾਹਰ ਕਰ ਦਿੱਤੀ ਹੈ।

ਬਾਕੀ ਸਫ਼ਾ 29 'ਤੇ

## ਵਾਸ਼ਿੰਗਟਨ ਵਿੱਚ ਸਿੱਖ ਟੈਕਸੀ ਡਰਾਈਵਰ ਉੱਤੇ ਹਮਲਾ

**ਵਾਸ਼ਿੰਗਟਨ/ਏ.ਟੀ. ਨਿਊਜ਼ :** ਇਥੇ ਭਾਰਤੀ ਮੂਲ ਦੇ ਸਿੱਖ ਟੈਕਸੀ ਡਰਾਈਵਰ 'ਤੇ ਹਮਲਾ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਸ ਹਮਲੇ ਨੂੰ ਸ਼ੱਕੀ ਨਸਲੀ ਅਪਰਾਧ ਮੰਨਿਆ ਜਾ ਰਿਹੈ। ਬੈਲਿੰਗਮ ਹੇਰਾਲਡ ਨੇ ਪੁਲੀਸ ਦੇ ਹਵਾਲੇ ਨਾਲ ਕਿਹਾ ਕਿ ਗ੍ਰਿਫਿਨ ਲੇਵੀ ਸੇਅਰਜ਼ (22) ਨਾਂ ਦੇ ਅਮਰੀਕੀ ਨੌਜਵਾਨ ਨੇ 5 ਦਸੰਬਰ ਨੂੰ ਬੈਲਿੰਗਮ ਸ਼ਹਿਰ ਵਿੱਚ ਸਿੱਖ ਊਬਰ ਡਰਾਈਵਰ ਨੂੰ ਪਹਿਲਾਂ ਗਾਲ੍ਹਾਂ ਕੱਢੀਆਂ ਤੇ ਮਗਰੋਂ ਉਸ ਨਾਲ ਦੀ ਖਿੱਚਧੂਹ ਵੀ ਕੀਤੀ। ਪੁਲੀਸ ਅਧਿਕਾਰੀ ਕਲਾਉਡੀਆ ਮਰਫ਼ੀ ਨੇ ਇਸ ਰੋਜ਼ਨਾਮਚੇ ਨੂੰ ਦੱਸਿਆ ਕਿ ਖਿੱਚਧੂਹ ਦੌਰਾਨ

ਬਾਕੀ ਸਫ਼ਾ 29 'ਤੇ

















ਗੁਰਦੁਆਰਾ ਸਾਹਿਬ ਫਰੀਮਾਂਟ
300 Gurdwara Road Fremont CA 94536
ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਪ੍ਰਤੀ ਨਵੀਆਂ ਵੋਟਾਂ ਬਨਣੀਆਂ ਸ਼ੁਰੂ
ਵੋਟਾਂ 26 ਜਨਵਰੀ, 2020 ਤੱਕ ਬਨਣਗੀਆਂ
ਵੋਟਾਂ ਬਣਾਉਣ ਲਈ ਤਰੀਕਾਂ ਅਤੇ ਸਮੇਂ ਦਾ ਵੇਰਵਾ
ਐਤਵਾਰ ਵਾਲੇ ਦਿਨ
15 ਦਸੰਬਰ, 22 ਦਸੰਬਰ, 29 ਦਸੰਬਰ, 2019
5 ਜਨਵਰੀ, 12 ਜਨਵਰੀ, 19 ਜਨਵਰੀ, 26 ਜਨਵਰੀ, 2020
(ਸਮਾਂ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ)
ਬੁੱਧਵਾਰ ਵਾਲੇ ਦਿਨ
11 ਦਸੰਬਰ, 18 ਦਸੰਬਰ, 25 ਦਸੰਬਰ, 2019
1 ਜਨਵਰੀ, 8 ਜਨਵਰੀ, 15 ਜਨਵਰੀ, 22 ਜਨਵਰੀ, 2020
(ਸਮਾਂ : ਸ਼ਾਮ 6 ਵਜੇ ਤੋਂ 8 ਵਜੇ ਤੱਕ)
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।
ਗੁਰੂ ਰੂਪ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 2020 ਵਿਚ ਹੋ ਰਹੀਆਂ ਹਨ ਅਤੇ ਚੋਣਾਂ ਵਿਚ ਉਹ ਮਾਈ ਭਾਈ ਹੀ ਹਿੱਸਾ ਲੈ ਸਕਦੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਮੈਂਬਰਸ਼ਿਪ ਰਜਿਸਟਰਡ ਕਰਵਾਈ ਹੋਵੇ। ਸਾਧ ਸੰਗਤ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰ ਬਣੋ ਤਾਂ ਜੋ ਗੁਰੂ ਘਰ ਵਿਚ ਹੋਣ ਵਾਲੇ ਅਹਿਮ ਫ਼ੈਸਲਿਆਂ ਵਿਚ ਤੁਸੀਂ ਸ਼ਾਮਿਲ ਹੋ ਸਕੋ। ਇਸ ਕਰਕੇ ਉੱਪਰ ਦਿੱਤੀਆਂ ਤਰੀਕਾਂ ਅਤੇ ਸਮਾਂ ਅਨੁਸਾਰ ਪਹੁੰਚ ਕੇ ਆਪਣੀਆਂ ਵੋਟਾਂ ਬਣਵਾਓ।
ਨਵੀਆਂ ਵੋਟਾਂ ਲਈ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਚੱਲੇਗੀ।
ਮੈਂਬਰਸ਼ਿਪ ਦੀ ਕੋਈ ਫੀਸ ਨਹੀਂ ਹੈ। ਮੈਂਬਰ ਬਨਣ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ ਅਤੇ ਆਪਣੀ ਰਿਹਾਇਸ਼ ਦਾ ਪਰੂਫ਼ ਅਤੇ ਆਈ.ਡੀ. ਨਾਲ ਲੈ ਕੇ ਆਵੋ ਜੀ। (ਆਪਣੀ ਰਿਹਾਇਸ਼ ਦਾ ਪਰੂਫ਼ ਕੇਵਲ ਉਨ੍ਹਾਂ ਵਿਅਕਤੀਆਂ ਲਈ ਲੈ ਕੇ ਆਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਆਈ.ਡੀ. ਉਪਰਲਾ ਐਡਰੈੱਸ ਮੌਜੂਦਾ ਐਡਰੈੱਸ ਤੋਂ ਅਲੱਗ ਹੈ। ਜੇਕਰ ਤੁਹਾਡੀ ਆਈ.ਡੀ. ਉਪਰਲਾ ਐਡਰੈੱਸ ਤੁਹਾਡੀ ਮੌਜੂਦਾ ਰਿਹਾਇਸ਼ ਵਾਲਾ ਹੈ ਤਾਂ ਤੁਹਾਨੂੰ ਆਪਣਾ ਪਰੂਫ਼ ਲਿਆਉਣ ਦੀ ਜ਼ਰੂਰਤ ਨਹੀਂ ਹੈ।)
ਸ਼ਰਤਾਂ : ਸਿੱਖ ਹੋਣਾ ਲਾਜ਼ਮੀ ਹੈ। ਉਮਰ 18 ਸਾਲ ਤੋਂ ਉੱਪਰ ਹੋਵੇ, ਮੈਂਬਰ ਵਿਅਕਤੀ ਐਲਾਮੀਡਾ, ਸੈਂਟਾ ਕਲਾਰਾ, ਸੈਂਟਾ ਕਰੂਜ਼, ਸੋਲਾਨੋ, ਸੈਣ ਮੈਟੀਓ, ਸੈਨ ਫਰਾਂਸਿਸਕੋ ਅਤੇ ਕੋਂਟਰਾ ਕੋਸਟਾ ਕਾਊਂਟੀਆਂ ਦਾ ਵਸਨੀਕ ਹੋਵੇ।
ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰਦੁਆਰਾ ਸਾਹਿਬ ਫਰੀਮਾਂਟ (510) 790-0177


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਕਾਂਗਰਸਮੈਨ ਟੀ.ਜੇ.ਕਾਕਸ ਨੇ ਸਿੱਖ ਭਾਇਚਾਰੇ ਨਾਲ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ 'ਤੇ ਵੀਚਾਰ ਸਾਂਝੇ ਕੀਤੇ

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ** : ਫਰਿਜਨੋ-ਬੇਕਰਜਫੀਲਡ ਸ਼ਹਿਰਾਂ ਦੇ ਰਾਜਨੀਤਕ ਜਿਲੇ 21 ਵਿਚੋਂ ਡੈਮੋਕਰੈਟਿਕ ਪਾਰਟੀ ਦੇ ਕਾਂਗਰਸਮੈਨ ਟੀ.ਜੇ.ਕਾਕਸ,ਜੋ ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਦੇ ਵਾਇਸ ਚੇਅਰਮੈਨ ਵੀ ਹਨ ਨੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਤੇ ਬੀਬੀ ਮਨਜੀਤ ਕੌਰ ਦੇ ਗ੍ਰਹਿ ਵਿਖੇ ਪਧਾਰੇ, ਜਿੱਥੇ ਉਨਾਂ ਦੀ ਅਮਰੀਕੀ ਕਾਂਗਰਸ ਦੀ ਆਉਣ ਵਾਲੇ ਸਾਲ ਵਿਚ ਹੋਣ ਵਾਲੀ ਚੋਣ ਵਾਸਤੇ ਫੰਡ ਕੱਠਾ ਕੀਤਾ ਗਿਆ, ਜਿਸ ਵਿਚ ਹੋਰ ਵੀ ਸਿੱਖ ਪਤਵੰਤੇ ਸੱਜਣ ਸ਼ਾਮਲ ਹੋਏ। ਉਨਾਂ ਆਪਣੇ ਵੱਲੋਂ ਸਿੱਖ ਕੌਮ ਦੇ ਅਮਰੀਕਾ ਵਿਚਲੇ ਮਸਲਿਆਂ ਉਤੇ ਕੰਮ ਕਰਨ ਦੀ ਗੱਲ ਕਹੀ ਤੇ ਆਖਿਆ ਕਿ ਉਹ ਹਰ ਮੁਸੀਬਤ ਸਮੇਂ ਕੌਮ ਨਾਲ ਖੜੇ ਹਨ, ਜਿਵੇਂ ਉਹ ਪਿਛਲੇ ਸਾਲ ਹੂਸਟਨ ਟੈਕਸਾਸ ਵਿਚ ਮੋਦੀ ਦੁਆਰਾ ਸੱਦੇ ਜਾਣ ਉਪਰ ਵੀ ਉਸਦੇ ਸਮਾਗਮ ਵਿਚ ਸ਼ਾਮਲ ਨਹੀਂ ਸਨ ਹੋਏ।

ਇਸ ਤੋਂ ਬਾਦ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ



ਸੈਮੀਨਾਰ ਹਾਲ ਵਿਚ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਉਤੇ ਵੀਚਾਰ ਗੋਸ਼ਠੀ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿਚ ਕਾਂਗਰਸਮੈਨ ਟੀ.ਜੇ.ਕਾਕਸ ਨੇ ਕਿਹਾ ਕਿ





ਅਮਰੀਕਾ ਵਿਚ ਸਭ ਦੇ ਬਰਾਬਰ ਹੱਕ ਹਨ ਤੇ ਇਹ ਸਵਿੰਧਾਨਿਕ ਗਰੰਟੀ ਹੈ। ਕਿਸੇ ਦੇ ਹੱਕ ਮਾਰਨ ਦੀ ਸਖਤ ਮਨਾਹੀ ਹੈ ਤੇ ਹੌਲੀ ਹੌਲੀ ਸਿੱਖ ਧਰਮ ਦੀਆਂ ਮਾਨਤਾਵਾਂ ਤੇ ਭਰੋਸੇ ਅਨੁਸਾਰ ਸਿੱਖਾਂ ਨੂੰ ਵੀ ਬਰਾਬਰ ਦੇ ਹੱਕ ਮਿਲ ਰਹੇ ਹਨ ਤੇ ਮਿਲਦੇ ਰਹਿਣਗੇ। ਸਿੱਖ ਅਮਰੀਕਾ ਵਾਸਤੇ ਮੇਹਨਤ ਕਰਦੇ ਹਨ ਤੇ ਅਮਰੀਕਾ ਸਿੱਖਾਂ ਦਾ ਆਪਣਾ ਦੇਸ਼ ਹੈ।

ਇਸ ਤੋਂ ਬਾਦ ਵਿਲਾਇਤ ਤੋਂ ਡਾਕਟਰ ਕਰਾਮਾਤ ਚੀਮਾ ਜੋ ਸੰਯੁਕਤ ਰਾਸ਼ਟਰ ਸੰਘ ਦੀ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਤੇ ਸੰਯੁਕਤ ਰਾਸ਼ਟਰ ਸੰਘ ਦੇ ਐਡਵਾਇਜਰ ਹਨ ਨੇ ਆਪਣੇ ਵੀਚਾਰਾਂ ਵਿਚ ਦੱਸਿਆ ਕਿ ਘੱਟ ਗਿਣਤੀਆਂ ਵਾਸਤੇ ਸੰਯੁਕਤ ਰਾਸ਼ਟਰ ਨੂੰ ਹੋਰ ਸਰਗਰਮ ਕਰਨ ਦੀ ਲੋੜ ਹੈ। ਤੇ ਜਦ ਤੱਕ ਉਹ ਇਸ ਦੇ ਨਾਲ ਕੰਮ ਕਰ ਰਹੇ ਹਨ, ਤਦ ਤੱਕ ਉਹ ਆਪਣੀ ਪੂਰੀ ਕੋਸ਼ਿਸ਼ ਕਰਕੇ ਸਿੱਖਾ ਸਮੇਤ ਹੋਰ ਘੱਟ ਗਿਣਤੀਆ ਵਾਸਤੇ ਆਪਣੀ ਪੂਰੀ ਆਵਾਜ ਬੁਲੰਦ ਕਰਦੇ ਰਹਿਣਗੇ ਤੇ ਮਨੁੱਖੀ ਹੱਕਾਂ ਦੇ ਕਤਲੇਆਮ ਵਿਰੁੱਧ ਆਵਾਜ ਬੁਲੰਦ ਕਰਦੇ ਰਹਿਣਗੇ।

ਇਸ ਤੋਂ ਬਾਦ ਬੀਬੀ ਅੰਮਰਿਤ ਕੌਰ ਜੋ ਹਾਲੇ ਹਾਈ ਸਕੂਲ ਦੀ ਵਿਦਿਆਰਥਣ ਹੈ ਨੇ ਮਨੁੱਖੀ ਹੱਕਾਂ ਬਾਰੇ ਗੱਲਬਾਤ ਕੀਤੀ ਤੇ ਕਸ਼ਮੀਰ, ਬਰਮਾ, ਸੀਰੀਆ-ਕੁਰਦ ਨਾਗਰਿਕਾਂ ਦੇ ਮਨੁੱਖੀ ਹੱਕਾਂ ਦੇ ਕਤਲੇਆਮ ਬਾਰੇ ਆਪਣੇ ਵੀਚਾਰ ਸਾਂਝੇ ਕਰਦਿਆਂ ਕਿਹਾ ਕਿ ਇਨਾਂ ਦੁਖੀ ਲੋਕਾਂ ਦੀ ਬਾਂਹ ਫੜਨ ਦੀ ਫੌਰੀ ਲੋੜ ਹੈ। ਬੀਬੀ ਕੌਰ ਨੇ ਵੀਚਾਰ ਸਮੇਟਦਿਆਂ 1984 ਦੇ ਸਿੱਖ ਕਤਲੇਆਮ ਦੀ ਗੱਲ ਆਖੀ। ਉਸਨੇ ਸਰਕਾਰਾਂ ਨੂੰ ਜੋਰ ਦੇ ਕੇ ਕਿਹਾ ਕਿ ਲੋਕਾਂ ਦੇ ਹੱਕ ਦਬਾਏ ਨਹੀਂ ਬਲਕਿ ਉਭਾਰੇ ਜਾਣੇ ਚਾਹੀਦੇ ਹਨ।

**Homeopathicvibes**

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H

(Ex Homeopathic Medical officer Punjab Govt.)



## ਸਿਆਟਲ ਵਿਚ ਡਾ. ਖੇਮ ਸਿੰਘ ਗਿੱਲ ਨੂੰ ਸ਼ਰਧਾਂਜਲੀ





**ਸਿਆਟਲ/ ਗੁਰਚਰਨ ਸਿੰਘ ਢਿੱਲੋਂ :** ਕਲਗੀਧਰ ਸੁਸਾਇਟੀ ਬੜੂ ਸਾਹਿਬ ਦੇ ਉਪ ਪ੍ਰਧਾਨ ਤੇ ਵਾਈਸ ਚਾਂਸਲਰ ਰਹਿ ਚੁੱਕੇ ਸਵਰਗੀ ਡਾ. ਖੇਮ ਸਿੰਘ ਗਿੱਲ ਨੂੰ ਰੈਡ ਲਾਈਨ ਹੋਟਲ ਰੈਨਟਨ ਵਿਚ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਡਾ. ਖੇਮ ਸਿੰਘ ਗਿੱਲ ਦੇ ਪਾਏ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਇਸ ਸਮਾਗਮ ਦੇ ਸਟੇਜ ਦੀ ਸੰਚਾਲਨ ਕਰਦਿਆਂ ਬੀਬੀ ਰਵੀਦੀਪ ਕੌਰ ਮੁਕਤਾ ਨੇ ਬੜੂ ਸਾਹਿਬ ਅਕੈਡਮੀਆਂ ਬਾਰੇ ਚਾਨਣਾ ਪਾਇਆ। ਡਾ. ਸਰਬਜੀਤ ਸਿੰਘ ਵਿਰਕ ਨੇ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਸਵਾਗਤ ਕੀਤਾ।

## ਸੂਫ਼ੀ ਗਾਇਕ ਦੇ ਦਿਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਵੈਨਕੂਵਰ/ਏ.ਟੀ. ਨਿਊਜ਼ :** ਪੰਜਾਬ ਦੇ ਮੇਲਿਆਂ ਦੀ ਸ਼ਾਨ ਸਮਝੇ ਜਾਂਦੇ ਤੇ ਛੋਟੀ ਉਮਰ ਵਿੱਚ ਸੂਫ਼ੀ ਗਾਇਕੀ ਵਿੱਚ ਵਿਸ਼ਵ ਭਰ ਵਿੱਚ ਨਾਮਣਾ ਖੱਟਣ ਵਾਲੇ ਪੰਜਾਬੀ ਗਾਇਕ ਵਿੱਕੀ ਬਾਦਸ਼ਾਹ ਦੀ ਹੋਈ ਬੇਵਕ਼ਤੀ ਮੌਤ ’ਤੇ ਜੀਵੇ ਪੰਜਾਬ ਇੰਟਰਨੈਂਟਮੈਂਟ ਦੇ ਮਾਲਕ ਤੇ



ਉਘੇ ਪ੍ਰਮੋਟਰ ਜੱਸੀ ਬੰਗਾ ਯੂ.ਐਸ.ਏ. ਵਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਪ੍ਰਮੋਟਰ ਜੱਸੀ ਬੰਗਾ ਯੂ.ਐਸ.ਏ. ਨੇ ਆਖਿਆ ਕਿ ਗਾਇਕ ਵਿੱਕੀ ਬਾਦਸ਼ਾਹ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਲੋਕਾਂ ਦਾ ਹਰਮਨ ਪਿਆਰਾ ਗਾਇਕ ਬਣ ਗਿਆ ਸੀ। ਉਨ੍ਹਾਂ ਆਖਿਆ ਕਿ ਗਾਇਕ ਵਿੱਕੀ ਬਾਦਸ਼ਾਹ ਨਾਲ ਉਨ੍ਹਾਂ ਦਾ ਜਾਤੀ ਪਿਆਰ ਸੀ, ਉਹ ਜਦੋਂ ਵੀ ਪੰਜਾਬ ਜਾਂਦੇ ਤਾਂ ਵਿੱਕੀ ਬਾਦਸ਼ਾਹ ਅਕਸਰ ਉਨ੍ਹਾਂ ਨੂੰ ਮਿਲਣ ਆਇਆ ਕਰਦਾ ਸੀ ਤੇ ਕਈ ਕਈ ਘੰਟੇ ਸਮਾਂ ਬਤੀਤ ਕਰਦਾ ਸੀ। ਇਸ ਮੌਕੇ ਕੈਨੇਡਾ ਤੋਂ ਪ੍ਰਿੰਸ ਰੂਫ਼ਿੰਗ ਦੇ ਮਾਲਕ ਬਲਵੀਰ ਬੈਂਸ, ਸੋਢੀ ਦਦਰਾਲ, ਰਾਜ ਬੰਗਾ, ਰੌਨੀ ਬੰਗਾ ਯੂ.ਐਸ.ਏ., ਹਰਨੇਕ ਸਿੰਘ ਵਿਰਦੀ, ਸੁਖਦੇਵ ਸਾਹਿਲ, ਗਾਇਕ ਲਖਵਿੰਦਰ ਲੱਕੀ, ਆਸ਼ਾ ਸ਼ਰਮਾ, ਸੋਨੂੰ ਚੱਠਾ, ਪ੍ਰਦੀਪ ਚੱਠਾ, ਦੀਪ ਸੋਚ, ਜੱਸੀ ਕਾਤਰੋਂ, ਸੁਰਿੰਦਰ ਮਹੇ, ਅਵਤਾਰ ਲਾਖਾ, ਪਰਮਜੀਤ ਲਾਖਾ, ਜੁਗਨੂੰ ਖੇੜਾ, ਬਿੱਟੂ ਸਪੀਡੋ, ਮਨਜੀਤ ਰੱਲ੍ਹ, ਮਾਇਕਲ, ਗੀਤਕਾਰ ਮੱਖਣ ਲੁਹਾਰ, ਸੋਨੂੰ ਲੰਬੜਦਾਰ, ਬਿਸ਼ਨ ਪਰਮਾਰ, ਨਵੀ ਗੀਨੂ, ਬਸੰਤ ਬ੍ਰਦਰਜ਼ ਆਦਿ ਤੋਂ ਇਲਾਵਾ ਹੋਰਨਾਂ ਸ਼ਖ਼ਸ਼ੀਅਤਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਭਾਰਤੀ ਮੂਲ ਦੇ ਵਿਦਿਆਰਥੀ ਦੇ ਕਤਲ ਦੇ ਮਾਮਲੇ ਵਿਚ ਦੋਸ਼ੀ ਵੱਲੋਂ ਆਤਮ ਸਮਰਪਣ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ-** ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅਭੀਸ਼ੇਕ ਸੁਦੇਸ਼ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੇ ਆਤਮ ਸਮਰਪਣ ਕਰ ਦਿੱਤਾ ਹੈ ਜਿਸ ਉਪਰੰਤ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਦੋਸ਼ੀ ਦੀ ਪਛਾਣ ਐਰਿਕ ਡੈਵਿਨ ਟਰਨਰ (42) ਵਜੋਂ ਹੋਈ ਹੈ। 28 ਨਵੰਬਰ ਨੂੰ ਥੈਂਕਸ ਗਿਵਨ ਦਿਵਸ ਵਾਲੇ ਦਿਨ ਗੋਲੀ ਚੱਲਣ ਦੀ ਘਟਨਾ ਵਾਪਰੀ ਸੀ। ਸੈਨਬਰਨਾਰਡੀਨੋ ਪੁਲਿਸ ਦੇ ਸਾਰਜੈਂਟ ਅਲਬਰਟ ਟੈਲੋ ਅਨੁਸਾਰ ਪੁਲਿਸ ਨੂੰ ਸਾਊਥ ਈਸਟ ਸਟਰੀਟ ਦੇ 100 ਨੰਬਰ ਬਲਾਕ ਵਿਚ ਗੋਲੀ ਚੱਲਣ ਦੀ ਘਟਨਾ ਵਾਪਰਨ ਬਾਰੇ ਸੂਚਨਾ ਮਿਲੀ ਸੀ। ਜਦੋਂ ਮੌਕੇ ਉਪਰ ਪੁਲਿਸ ਪੱਜੀ ਤਾਂ ਉਸ ਨੇ ਵੇਖਿਆ ਕਿ 25 ਸਾਲ ਦਾ ਵਿਦਿਆਰਥੀ ਅਭੀਸ਼ੇਕ ਸੁਦੇਸ਼ ਜਮੀਨ ਉਪਰ ਡਿੱਗਾ ਪਿਆ ਸੀ। ਉਸ ਦੇ ਗੋਲੀਆਂ ਵੱਜੀਆਂ ਹੋਈਆਂ ਸਨ।

ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ ਸੀ। ਹਮਲਾਵਰ ਘਟਨਾ ਸਥਾਨ ਤੋਂ ਫਰਾਰ ਹੋ ਗਿਆ ਸੀ ਪਰ ਪੁਲਿਸ ਨੇ ਉਸ ਦੀ ਸ਼ਨਾਖਤ ਕਰ ਲਈ ਸੀ।



ਪੁਲਿਸ ਅਨੁਸਾਰ ਦੋਸ਼ੀ ਨੇ ਵਿਦਿਆਰਥੀ ਨੂੰ ਕਿਉਂ ਮਾਰਿਆ ਇਸ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ।

## ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਸੈਂਟਾਕਲਾਰਾ/ਪ੍ਰਮਿੰਦਰ ਸਿੰਘ ਪ੍ਰਵਾਨਾ :** ਅਮਰੀਕੀ ਪੰਜਾਬੀ ਕਵੀਆਂ ਵਲੋਂ Silicon Vally Gurdwara-2356 Walsh Ave-Santa Clara CA 95051 ਵਿਖੇ ਹਫ਼ਤਾਵਰੀ ਸਜੇ ਦੀਵਾਨਾਂ ਵਿਚ ‘ਸ਼ਹੀਦੀ ਗੁਰੂ ਤੇਗ ਬਹਦਾਰ ਜੀ’ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਗੁਰੂ ਇਤਿਹਾਸ ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਮੁਗਲ ਬਾਦਸ਼ਾਹ ਔਰੰਗਜੇਬ ਦੀ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਖਿਲਾਫ਼ ਗੁਰੂ ਤੇਗ ਬਹਾਦਰ ਜੀ ਨੇ ਆਵਾਜ਼ ਉਠਾਈ ਕਿ ਨਾ ਕਿਸੇ ਤੋਂ ਡਰੋ ਨਾ ਕਿਸੇ ਨੂੰ ਡਰਾਉ। ਧਰਮ ਦੀ ਰੱਖਿਆ ਲਈ ਸ਼ਹੀਦੀ ਪਾ ਕੇ ਗੁਰਾਂ ਨੇ ਦ੍ਰਿੜ ਕਰਵਾਇਆ ਕਿ ਸਿੱਖ ਨੂੰ ਕੋਈ ਵੀ ਜ਼ੁਲਮ ਦਬਾ ਨਹੀਂ ਸਕਦਾ। ਸਿੱਖ ਸ਼ਹੀਦੀਆਂ



ਨੇ ਹਮੇਸ਼ਾ ਕੌਮ ਨੂੰ ਸੇਧ ਦਿੱਤੀ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਕਵੀਆਂ ਦਾ ਗੁਰੂਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਤ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਵਲੋਂ ਕਿਹਾ ਗਿਆ ਕਿ ਕਵੀਆਂ ਵਲੋਂ ਅਜਿਹੇ ਪ੍ਰੋਗਰਾਮਾਂ ਲਈ ਗੁਰਦੁਆਰਾ ਸਾਹਿਬ ਵਲੋਂ ਹਮੇਸ਼ਾ ਖੁੱਲ੍ਹਾ ਸੱਦਾ ਹੈ। ਪ੍ਰਵਾਨਾ ਵਲੋਂ ਧੰਨਵਾਦ ਸ਼ਬਦ ਵਿਚ ਕਿਹਾ ਗਿਆ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਸੰਪਰਕ 510-415-9377 ਜਾਂ 408-528-4489 ਹੈ।

# ਭਾਈ ਗੁਰਮੇਲ ਸਿੰਘ ਰਾਗੀ ਜੱਥੇ ਦਾ ਨਿਊਯਾਰਕ ਵਿਖੇ ਗੋਲਡ ਮੈਡਲ ਨਾਲ ਸਨਮਾਨ

**ਨਿਊਯਾਰਕ/ਰਾਜ ਗੋਗਨਾ :** ਬੀਤੇ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਮਰੀਕਾ ਦੇ ਸੂਬੇ ਨਿਊਯਾਰਕ ਦੇ ਗੁਰੂ-ਘਰਾਂ ਦੀਆਂ ਵੱਖ-ਵੱਖ ਪ੍ਰਬੰਧਕ ਕਮੇਟੀਆਂ ਵੱਲੋਂ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ ਵਿਖੇ ਮਿਤੀ 1 ਦਸੰਬਰ 2019 ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗੁਰਮਤਿ ਸੰਗੀਤ ਵਿਚ ਅਹਿਮ ਪਛਾਣ ਰੱਖਣ ਵਾਲੀ ਸਖ਼ਸ਼ੀਅਤ ਜਿੰਨਾ ਚ’ ਭਾਈ ਗੁਰਮੇਲ ਸਿੰਘ ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ



ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਉਨ੍ਹਾਂ ਵੱਲੋਂ ਗੁਰੂ-ਘਰ ਵਿਖੇ ਨਿਭਾਈਆਂ ਸੇਵਾਵਾਂ ਨੂੰ ਮੁੱਖ ਰਖਦਿਆਂ ਗੋਲਡ ਮੈਡਲ, ਸ੍ਰੀ ਸਾਹਿਬ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਜਿਕਰਯੋਗ ਹੈ ਕਿ ਭਾਈ ਸਾਹਿਬ ਭਾਈ ਗੁਰਮੇਲ ਸਿੰਘ 28 ਸਾਲ ਦੇ ਕਰੀਬ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਰਹੇ ਹਨ। ਇਸ ਦੇ ਨਾਲ ਹੀ ਉਹ ਲੰਮਾ ਸਮਾਂ ਆਲ ਇੰਡੀਆ ਰੇਡੀਓ ਜਲੰਧਰ ਵਿਖੇ ਵੀ ਕੀਰਤਨ ਕਰਦੇ ਰਹੇ ਹਨ। ਭਾਈ ਗੁਰਮੇਲ ਸਿੰਘ ਦੇ ਰਾਗੀ ਜਥੇ ਨੇ ਭਾਰਤ ਤੋਂ ਇਲਾਵਾ ਬਹੁਤ ਸਾਰੇ ਹੋਰ ਦੇਸ਼ਾਂ ਵਿਚ ਵੀ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਸਿੰਗਾਪੁਰ, ਮਲੇਸ਼ੀਆ, ਥਾਈਲੈਂਡ, ਹਾਂਗਕਾਂਗ, ਇੰਗਲੈਂਡ, ਨਿਊਜ਼ੀਲੈਂਡ, ਕੈਨੇਡਾ, ਅਮਰੀਕਾ ਤੇ ਕੁਵੈਤ ਆਦਿ ਬਹੁਤ ਸਾਰੇ ਦੇਸ਼ਾਂ ਵਿਚ ਹਾਜ਼ਰੀ ਲਗਵਾਈ।

ਭਾਈ ਗੁਰਮੇਲ ਸਿੰਘ ਨੂੰ ਪਹਿਲਾਂ ਵੀ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਇਸ ਸਨਮਾਨ ਸਮਾਗਮ ਵਿਚ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਸੁਸਾਇਟੀ ਦੇ ਪ੍ਰਬੰਧਕ ਅਤੇ ਸਿੱਖ ਕਲਚਰ ਸੁਸਾਇਟੀ, ਰਿੱਚਮਿੰਡ ਹਿੱਲ ਦੇ ਪ੍ਰਧਾਨ ਸ. ਦਵਿੰਦਰ ਸਿੰਘ ਬੋਪਾਰਾਏ, ਸਾਬਕਾ ਪ੍ਰਧਾਨ ਸ. ਗੁਰਦੇਵ ਸਿੰਘ ਕੰਗ, ਸ. ਕੁਲਦੀਪ ਸਿੰਘ ਢਿੱਲੋਂ, ਸ. ਕੁਲਦੀਪ ਸਿੰਘ ਵੜੈਚ, ਜਨਰਲ ਸੈਕਟਰੀ ਸ. ਬਲਾਕਾ ਸਿੰਘ, ਗਿਆਨੀ ਭੁਪਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਲਾਸ ਏਂਜਲਸ ਦੇ ਜਗਪਾਲ ਸਿੰਘ ਪਾਲ ਨੂੰ 3 ਸਾਲ ਦੀ ਸਜ਼ਾ

**ਲਾਸ ਏਂਜਲਸ/ਸੁਰਿੰਦਰ ਸਿੰਘ :** ਅਮਰੀਕਾ ‘ਚ ਲਾਸ ਏਂਜਲਸ ਦੇ 61 ਸਾਲਾ ਜਗਪਾਲ ਸਿੰਘ ਪਾਲ ਨੂੰ ਸਥਾਨਕ ਅਦਾਲਤ ਨੇ 3 ਸਾਲਾਂ ਦੀ ਸਜ਼ਾ ਸੁਣਾਈ ਹੈ। ਅਮਰੀਕੀ ਅਟਾਰਨੀ ਮੈਕਗ੍ਰੇਗਰ ਡਬਲਿਊ ਸਕਾਟ ਨੇ ਇਸ ਬਾਰੇ ਦੱਸਿਆ ਕਿ ਜਗਪਾਲ ਸਿੰਘ ਨੇ ਆਪਣਾ ਟੱਰਕ ਡ੍ਰਾਈਵਿੰਗ ਦਾ ਲਾਇਸੰਸ ਬਣਾਉਣ ਲਈ ਡਿਪਾਰਟਮੈਂਟ ਆਫ ਮੋਟਰ ਵਹੀਕਲਸ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਸੀ।

1 ਮਾਰਚ ਨੂੰ ਅਦਾਲਤ ਨੇ ਜਗਪਾਲ ਸਿੰਘ ਨੂੰ ਰਿਸ਼ਵਤ ਦੇਣ, ਆਪਣੀ ਪਛਾਣ ਗਲਤ ਦੱਸਣ ਅਤੇ ਕੰਪਿਊਟਰ ਦੀ ਗ਼ੈਰਾਧਿਕਾਰਕ ਵਰਤੋਂ ਕਰਨ ਦੇ ਜੁਰਮ ’ਚ ਦੋਸ਼ੀ ਮੰਨ ਲਿਆ ਸੀ. ਅਦਾਲਤੀ ਕਾਰਵਾਈ ਦੌਰਾਨ ਇਹ ਤੱਥ ਸਾਹਮਣੇ ਆਏ ਕਿ ਸਿੰਘ ਨੇ ਡੀ.ਐਮ.ਵੀ. ਦੇ ਦੋ ਅਧਿਕਾਰੀਆਂ ਲੀਸਾ ਟੀਰਾਸ਼ਨੋ ਅਤੇ ਕੇਰੀ ਸਕੇਟੇਗਲੀਆ ਨੂੰ ਰਿਸ਼ਵਤ ਦਿਤੀ ਅਤੇ ਇਹਨਾਂ ਦੋਵਾਂ ਨੇ ਅਦਾਲਤ ‘ਚ ਆਪਣਾ ਜੁਰਮ ਮੰਨ ਲਿਆ ਹੈ। ਜਗਪਾਲ ਦੇ ਨਾਲ ਹੀ ਲੀਸਾ ਟੀਰਾਸ਼ਨੋ ਨੂੰ ਤਿੰਨ ਸਾਲ ਚਾਰ ਮਹੀਨੇ ਅਤੇ ਕੇਰੀ ਸਕੇਟੇਗਲੀਆ ਨੂੰ ਦੋ ਸਾਲ ਅੱਠ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ. ਡ੍ਰਾਈਵਿੰਗ ਮਹਿਕਮੇ ਦੀਆਂ ਇਹਨਾਂ ਦੋਵਾਂ ਮੁਲਾਜ਼ਮਾਂ ਨੂੰ ਜਗਪਾਲ ਸਿੰਘ ਦੇ ਡ੍ਰਾਈਵਿੰਗ ਸਕੂਲ ਦੇ ਵਿਦਿਆਰਥੀਆਂ ਵਾਸਤੇ ਕੰਪਿਊਟਰ ਡੇਟਾਬੇਸ ’ਚ ਛੇੜਛਾੜ ਕਰਨ ਦਾ ਦੋਸ਼ੀ ਵੀ ਪਾਇਆ ਗਿਆ ਹੈ। ਸੈਕਰਾਮੈਂਟੋ ਵਿਖੇ ਵਾਪਰੇ ਇਸ ਰਿਸ਼ਵਤ ਅਤੇ ਡ੍ਰਾਈਵਿੰਗ ਨਾਲ ਸੰਬਧਤ ਮਾਮਲੇ ‘ਚ ਵਿਭਾਗੀ ਰਿਕਾਰਡ ਨਾਲ ਵੱਡੇ ਪੱਧਰ ’ਤੇ ਤਬਦੀਲੀ ਕੀਤੀ ਗਈ ਸੀ। ਟੱਰਕ ਡ੍ਰਾਈਵਿੰਗ ਦਾ ਟੈਸਟ ਦੇਣ ਵਾਲੇ ਉਮੀਦਵਾਰਾਂ ਨੂੰ ਰਿਕਾਰਡ ਮੁਤਾਬਕ ਵਿਭਾਗ ਦੇ ਕੰਪਿਊਟਰਾਂ ’ਚ ਪਾਸ ਦਿਖਾਇਆ ਗਿਆ ਸੀ ਜਦਕਿ ਉਮੀਦਵਾਰਾਂ ਨੇ ਕੋਈ ਟੈਸਟ ਦਿੱਤਾ ਹੀ ਨਹੀਂ ਸੀ. ਪਰ ਇਸ ਤਰਾਂ ਦੀਆਂ ਬੇ-ਨਿਅਮੀਆਂ ਕਾਰਨ ਕਿ ਅਜਿਹੇ ਲੋਕਾਂ ਨੂੰ ਡ੍ਰਾਈਵਿੰਗ ਲਾਇਸੰਸ ਜਾਰੀ ਕਰ ਦਿਤੇ ਗਏ ਜਿਹੜੇ ਕਿ ਅਮਰੀਕਾ ‘ਚ ਡ੍ਰਾਈਵਿੰਗ ਮਾਪਦੰਡਾਂ ‘ਤੇ ਖਰੇ ਨਹੀਂ ਉਤਰਦੇ।

ਧੋਖਾਧੜੀ ਦਾ ਇਹ ਮਾਮਲਾ ਕੈਲੀਫੋਰਨੀਆ ਡਿਪਾਰਟਮੈਂਟ ਆਫ ਮੋਟਰ ਵ੍ਹੀਕਲਸ, ਆਫਿਸ ਆਫ ਇੰਟਰਨਲ ਅਫੇਅਰਜ਼, ਐਫ.ਬੀ.ਆਈ., ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਹੋਮਲੈਂਡ ਸਿਕਿਉਰਿਟੀ ਇਨਵੈਸਟੀਗੇਸ਼ਨ ਅਤੇ ਡਿਪਾਰਟਮੈਂਟ ਆਫ ਟ੍ਰਾਂਸਪੋਰਟ ਵੱਲੋਂ ਤਹਿਕੀਕਾਤ ਦੇ ਸਾਂਝੇ ਯਤਨਾਂ ਕਾਰਨ ਸਾਹਮਣੇ ਆਇਆ। ਅਸਿਸਟੈਂਟ ਯੂ.ਐੱਸ. ਅਟਾਰਨੀ ਰੋਸੇਨ ਐਲ. ਰਸਟ ਨੇ ਅਦਾਲਤ ‘ਚ ਇਸ ਮਾਮਲੇ ਡੀ ਪੈਰਵਾਈ ਕੀਤੀ। ਇਸੇ ਮਾਮਲੇ ’ਚ 34 ਸਾਲਾ ਤਜਿੰਦਰ ਸਿੰਘ, ਡ੍ਰਾਈਵਿੰਗ ਸਕੂਲ ਦੇ ਮਾਲਕ 29 ਸਾਲਾ ਪਰਮਿੰਦਰ ਸਿੰਘ, ਰੈਂਚੋ ਕੁਕਮੰਗਾ ਵਿਖੇ ਡੀ.ਐਮ.ਵੀ. ਦਾ ਮੁਲਾਜ਼ਮ 49 ਸਾਲਾ ਸ਼ਵਾਨਾ ਡੇਨਿਸ ਹੈਰਿਸ ‘ਤੇ ਅਦਾਲਤ 1 ਜੂਨ 2020 ਨੂੰ ਸੁਣਵਾਈ ਕਰੇਗੀ। ਹਾਲੇ ਇਹਨਾਂ ਦੇ ਦੋਸ਼ ਸਾਬਤ ਨਹੀਂ ਹੋਏ ਹਨ, ਪਰ ਜੇਕਰ ਅਜਿਹਾ ਹੁੰਦਾ ਹੈ ਤਾਂ ਕੇਸ ਦੀਆਂ ਦਲੀਲਾਂ ਅਤੇ ਦੋਸ਼ਾਂ ਡੀ ਗੰਭੀਰਤਾ ਦੇ ਮੱਦੇਨਜ਼ਰ ਹਰ ਇੱਕ ਨੂੰ ਪੰਜ ਸਾਲ ਤੱਕ ਡੀ ਸਜ਼ਾ ਅਤੇ ਢਾਈ ਲੱਖ ਅਮਰੀਕੀ ਡਾਲਰਾਂ ਦਾ ਜੁਰਮਾਨਾ ਹੋ ਸਕਦਾ ਹੈ।

## ਸ਼ਿਕਾਗੋ ਮੈਡੀਕਲ ਸੁਸਾਇਟੀ ਵਲੋਂ ਬੈਠਕ



**ਸ਼ਿਕਾਗੋ/ਏ.ਟੀ. ਨਿਊਜ਼**

ਸ਼ਿਕਾਗੋ, ਮੈਡੀਕਲ ਸੁਸਾਇਟੀ ਦੇ ਸੱਦੇ ’ਤੇ ਇੱਥੇ ਸਟੈਂਡਰਡ ਕਲੱਬ ਵਿਖੇ ਸੁਸਾਇਟੀ ਦੀ ਸਲਾਨਾ ਹਾਲੀਡੇਅ ਮੀਟਿੰਗ ਕੀਤੀ ਗਈ ਜਿਸ ਵਿਚ ਡਾਕਟਰੀ ਕਿੱਤੇ ਨਾਲ ਸਬੰਧਤ 200 ਤੋਂ ਵੱਧ ਮੈਂਬਰਾਂ ਨੇ ਹਿੱਸਾ ਲਿਅ। ਇਸ ਸਮਾਗਮ ਦਾ ਮਕਸਦ ਇਸ ਕਾਰਜ ਵਿਚ ਲੱਗੇ ਡਾਕਟਰਾਂ, ਪ੍ਰਸ਼ਾਸਕਾਂ, ਵਕੀਲਾਂ ਅਤੇ ਲੋਕ ਨੁਮਾਇੰਦਿਆਂ ਦਾ ਧੰਨਵਾਦ ਕਰਨਾ ਸੀ। ਇਸ ਹਾਲੀਡੇਅ ਮੀਟਿੰਗ ਵਿਚ ਆਪਸੀ ਗੱਲਬਾਤ ਤੋਂ ਇਲਾਵਾ ਸਾਰੇ ਲੋਕਾਂ ਨੇ ਰਾਤਰੀ ਭੋਜ ਦਾ ਖ਼ੂਬ ਆਨੰਦ ਮਾਣਿਆ।

ਸ਼ਿਕਾਗੋ ਮੈਡੀਕਲ ਸੁਸਾਇਟੀ ਦੀ ਸਥਾਪਨਾ 1850 ਵਿਚ ਹੋਈ ਜੋ ਅਮਰੀਕਾ ਵਿਚ ਡਾਕਟਰੀ ਭਾਈਚਾਰੇ ਦੀ ਸਭ ਤੋਂ ਪੁਰਾਣੀ ਸੰਸਥਾ ਹੈ।

## ਭਾਰਤੀ ਸੰਸਦ ਵੱਲੋਂ ਨਵਾਂ ਨਾਗਰਿਕਤਾ ਸੋਧ ਬਿਲ ਪਾਸ ਕਰਨ ਦੀ ਸਖਤ ਆਲੋਚਨਾ

**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ:** ਭਾਰਤ ਦੀ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਦੁਆਰਾ ਨਾਗਰਿਕਤਾ ਵਿਚ ਸੋਧ ਬਿੱਲ ਪਾਸ ਕਰਨ ਦਾ ਸੋਸ਼ਲ ਮੀਡੀਏ ਉਤੇ ਬਹੁਤ ਰੌਲਾ ਪਿਆ ਹੋਇਆ ਹੈ ਤੇ ਉਧਰ ਅਮਰੀਕਾ ਦੇ ਕੌਮਾਂਤਰੀ ਧਾਰਮਿਕ ਅਜ਼ਾਦੀ ਉੱਤੇ ਅਮਰੀਕੀ ਕਮਿਸ਼ਨ (ਯੂਐੱਸਸੀਆਈਆਰਐੱਫ਼) ਨੇ ਭਾਰਤੀ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿਚ ਨਾਗਰਿਕਤਾ ਸੋਧ ਬਿੱਲ ਨੂੰ ਪਾਸ ਕੀਤੇ ਜਾਣ ਉੱਤੇ ਸਖਤ ਚਿੰਤਾ ਪ੍ਰਗਟਾਈ ਹੈ। ਇੱਕ ਪ੍ਰੈਸ ਬਿਆਨ ਵਿਚ ਕਮਿਸ਼ਨ ਨੇ ਕਿਹਾ ਹੈ ਕਿ ਜੇਕਰ ਇਹ ਬਿੱਲ ਸੰਸਦ ਵਿਚ ਪਾਸ ਹੋ ਜਾਂਦਾ ਹੈ ਤਾਂ ਅਮਰੀਕੀ ਸਰਕਾਰ ਨੂੰ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਹੋਰ ਪ੍ਰਮੁੱਖ ਆਗੂਆਂ ਉੱਤੇ ਪਾਬੰਦੀ ਲਾਉਣ ਦਾ ਵਿਚਾਰ ਕਰਨਾ ਚਾਹੀਦਾ ਹੈ। ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਨੇ ਨਵੇਂ ਨਾਗਰਿਕਤਾ ਸੋਧ ਬਿਲ ਦੀ ਸਖਤ ਲਫਜਾਂ ਵਿਚ ਆਲਚੋਨਾ ਕਰਦਿਆਂ ਅਮਰੀਕੀ ਕੌਮਾਂਤਰੀ ਧਾਰਮਿਕ ਆਜਾਦੀ ਕਮਿਸ਼ਨ ਦੀ ਇਸ ਗੱਲੋਂ ਤਰੀਫ ਕੀਤੀ ਹੈ ਕਿ ਕਮਿਸ਼ਨੇ ਨੇ ਆਪਣੇ ਸਿਧਾਂਤ ਉਤੇ ਪਹਿਰਾ ਦਿੱਤਾ ਹੈ ਤੇ ਵੇਲੇ ਸਿਰ ਐਕਸ਼ਨ ਲਿਆ ਹੈ, ਜਿਸ ਉਤੇ ਭਾਰਤ ਤੜਫਿਆ ਹੈ। ਡਾ: ਸਿੰਘ ਨੇ ਬਿਆਨ ਜਾਰੀ ਰਖਦਿਆਂ ਕਿਹਾ ਕਿ ਇਸ ਬਿਲ ਦੇ ਪੂਰਨ ਰੂਪ ਵਿਚ ਪਾਸ ਹੋਣ ਨਾਲ ਘੱਟ ਗਿਣਤੀਆਂ ਵਿਚ ਡਰ ਦੇ ਸਹਿਮ ਦੀ ਭਾਵਨਾ ਪ੍ਰਗਟ ਹੋਵੇਗੀ ਤੇ ਉਹ ਦਹਿਸ਼ਤ ਵਿਚ ਰਹਿਣਗੇ। ਖਾਸ ਤੌਰ ਤੇ ਇਸਲਾਮ ਨੂੰ ਮੰਨਣ ਵਾਲਿਆਂ ਨੂੰ ਨੀਵਾਂਪਣ ਮਹਿਸੂਸ ਹੋਵੇਗਾ ਜੋ ਕਿ ਇਸਲਾਮ ਤੋਂ ਹਿੰਦੂ ਧਰਮ ਤਬਦੀਲੀ ਵਾਸਤੇ ਉਕਸਾਹਟ ਪੈਦਾ ਕਰੇਗਾ। ਇਸ ਨਾਲ ਜੋ ਮਾੜਾ ਮੋਟਾ ਧਰਮ ਨਿਰਪੱਖਤਾ ਦਾ ਉਹਲਾ ਬਣਿਆ ਹੈ, ਉਹ ਛਿੰਨ-ਭਿੰਨ ਹੋ ਜਾਵੇਗਾ। ਅਮਰੀਕਨ ਸਿੱਖ ਕਾਕਸ ਕਮੇਟੀ ਦੇ ਬੁਲਾਰੇ ਹਰਪਰੀਤ ਸਿੰਘ ਸੰਧੂ ਨੇ ਇਸ ਬਿੱਲ ਦੇ ਪਾਸ ਹੋਣ ਉਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਨਾ ਖੁਸ਼ੀ ਜਾਹਰ ਕੀਤੀ ਹੈ ਤੇ ਕਿਹਾ ਹੈ ਕਿ ਉਹ ਅਮਰੀਕਨ ਕੰਗਰੈਨਸ਼ਨਲ ਕਾਕਸ ਕਮੇਟੀ ਤੱਕ ਪਹੁੰਚ ਕਰਕੇ ਇਸਦੀ ਰਿਪੋਰਟ ਕਰਨਗੇ।

# ਸੰਯੁਕਤ ਰਾਸ਼ਟਰ ਸੰਘ ਦੀ 71ਵੀਂ ਵਰ੍ਹੇਗੰਢ ਮੌਕੇ ਡਾ: ਕਰਾਮਾਤ ਚੀਮਾ ਵਲੋਂ ਸਿੱਖ ਕੌਮ ਦੇ ਮਨੁੱਖੀ ਅਧਿਕਾਰਾਂ ਦੀ ਗੱਲ ’ਤੇ ਜ਼ੋਰ





**ਨਿਊਯਾਰਕ/ਬਲਵਿੰਦਰਪਾਲ ਸਿੰਘ ਖਾਲਸਾ:** ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ 1948 ਵਿਚ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਦੀ ਸਥਾਪਨਾ ਕੀਤੀ ਸੀ ਤੇ ਇਹ ਦਸ ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਵਾਰ ਵੀ ਇਸਦੀ 71ਵੀਂ ਵਰੇਗੰਢ ਨੂੰ ਇਸਦੇ ਮੁੱਖ ਦਫਤਰ ਨਿਊਯਾਰਕ ਵਿਚ ਮਨਾਇਆ ਗਿਆ। ਜਿਸ ਵਿਚ ਇਸਦੇ ਮੈਂਬਰ ਦੇਸ਼ਾਂ ਨੇ ਹਿੱਸਾ ਲਿਆ। ਇਸਦੇ 192 ਦੇਸ਼ ਮੈਂਬਰ ਹਨ। ਵਿਲਾਇਤ ਤੋਂ ਡਾਕਟਰ ਕਰਾਮਾਤ ਚੀਮਾ ਜੋ ਸੰਯੁਕਤ ਰਾਸ਼ਟਰ ਦੀ ਆਲਮੀ ਸੰਚਾਲਨ ਕਮੇਟੀ ਦੇ ਮੈਂਬਰ ਤੇ ਸੰਯੁਕਤ ਰਾਸ਼ਟਰ ਦੇ ਐਡਵਾਇਜਰ ਹਨ, ਨੇ ਮਨੁੱਖੀ ਅਧਿਕਾਰਾਂ ਬਾਰੇ ਰਿਪੋਰਟ ਪੜੀ। ਜਿਸ ਵਿਚ ਉਨਾਂ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਬਾਰੇ ਗੱਲਬਾਤ ਕੀਤੀ। ਜਿਸ ਵਿਚ ਬਰਮਾ-ਮਾਇਨਮਾਰ, ਭਾਰਤ ਪਰਮੁਖ ਹਨ। ਇਨਾ ਦੇਸ਼ਾਂ ਵਿਚ ਘੱਟ ਗਿਣਤੀਆਂ ਨੂੰ ਦਬਾਇਆ ਜਾਂਦਾ ਹੈ ਤੇ ਦੂਜੇ ਦਰਜੇ ਦੇ ਸ਼ਹਿਰੀ ਸਮਝਿਆ ਜਾਂਦਾ ਹੈ। ਭਾਰਤ ਦੇ ਸੰਧਰਭ ਵਿਚ ਡਾ: ਕਰਾਮਾਤ ਨੇ ਸਿੱਖ ਕੌਮ ਤੇ ਮੁਸਲਮਾਨਾਂ, ਦਲਿਤਾ ਤੇ ਇਸਾਇਆਂ ਦੀ ਗੱਲ ਕਰਦਿਆਂ ਕਿਹਾ ਕਿ ਇਨਾਂ ਦੇ ਅਧਿਕਾਰ ਬਚਾਏ ਜਾਣ ਦੀ ਲੋੜ ਹੈ। ਇਨਾਂ ਦੇਸ਼ਾਂ ਵਿਚ ਸਿੱਖਾਂ, ਮੁਸਲਮਾਨਾਂ ਤੇ ਇਸਾਇਆਂ ਉਤੇ ਨਸਲਕੁਸ਼ੀ ਦੇ ਵਰਤਾਰੇ ਵਾਪਰੇ ਹਨ, ਜਿਨਾਂ ਦੇ ਦੋਬਾਰਾ ਫਿਰ ਵਾਪਰਨ ਦਾ ਖਤਰਾ ਬਰਕਰਾਰ ਹੈ, ਜਿਸਦੀ ਰੋਕਥਾਮ ਵਾਸਤੇ ਸਖਤ ਕਦਮ ਚੁੱਕਣ ਦੀ ਲੋੜ ਹੈ। ਡਾਕਟਰ ਕਰਾਮਾਤ ਉਹ ਸ਼ਖਸ ਹਨ, ਜਿਨਾ ਦੋ ਸਾਲ ਪਹਿਲਾਂ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿਚ ਦੂਜੇ ਧਰਮਾਂ ਦੇ ਬਰਾਬਰ ਸਿੱਖ ਧਰਮ ਵੱਲੋਂ ਗੁਰਬਾਣੀ ਦੀਆਂ ਤਿੰਨ ਤੁੱਕਾਂ ਸ਼ਾਮਲ ਕਰਵਾ ਕੇ ਸਿੱਖ ਕੌਮ ਦੀ ਵਾਹਵਾ ਖੱਟੀ ਸੀ। ਡਾਕਟਰ ਕਰਾਮਾਤ ਨੇ ਅਮਰੀਕੀ ਕਾਂਗਰਸ ਨੂੰ ਵੀ ਮਨੁੱਖੀ ਅਧਿਕਾਰਾਂ ਬਾਰੇ ਪਿਛਲੇ ਸਾਲ ਰਿਪੋਰਟ ਪੇਸ਼ ਕੀਤੀ ਸੀ।

## ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਬਣਨ ’ਤੇ ਟਕਸਾਲੀਆਂ ਵਲੋਂ ਸਵਾਗਤ

**ਯੂਬਾ ਸਿਟੀ/ਹੁਸਨ ਲੜੋਆ ਬੰਗਾ:** ਸੀਨੀਅਰ ਟਕਸਾਲੀ ਅਕਾਲੀ ਆਗੂ ਜਥੇਦਾਰ ਰਜਿੰਦਰ ਸਿੰਘ ਚੌਹਾਨ ਨੰਗਲ ਖ਼ੂੰਗਾਂ ਨੇ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਕਮੇਟੀ ਜਨਰਲ ਸਕੱਤਰ ਬਣਨ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸ. ਧਾਮੀ ਪੜ੍ਹਿਆ ਲਿਖਿਆ ਬੇਦਾਗ ਸ਼ਖਸੀਅਤ ਹੈ ਅਤੇ ਸਿੱਖ ਪੰਥ ਦੀਆਂ ਸਫ਼ਾਂ ਵਿਚ ਇਨ੍ਹਾਂ ਦੀ ਕੁਰਬਾਨੀ ਤੇ ਦੇਣ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵਿਚ ਸਿੱਖ ਪ੍ਰਚਾਰ ਦੀ ਆਈ ਖੜੋਤ ਕਰਕੇ ਸਿੱਖ ਪਰਿਵਾਰਾਂ ਦੇ ਬੱਚਿਆਂ ਵਿਚੋਂ ਨਸ਼ਿਆਂ ਅਤੇ ਪਤਿਤਪੁਣੇ ਦੇ ਸ਼ਿਕਾਰ ਹੋ ਚੁੱਕੇ ਨੌਜਵਾਨਾਂ ਨੂੰ ਮੁੜ ਮੁੱਖ ਧਾਰਾ ਵਿਚ ਲਿਆਉਣ ਲਈ ਸ਼੍ਰੋਮਣੀ ਕਮੇਟੀ ਦੀ ਮੁੱਖ ਲੀਡਰਸਿਪ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਲੜੀਵਾਰ ਹਲਕਿਆਂ ਨੂੰ ਜ਼ੋਨਾਂ ਵਿਚ ਵੰਡ ਕੇ ਧਰਮ ਪ੍ਰਚਾਰ ਲਹਿਰ ਪ੍ਰਚੰਡ ਕੀਤੀ ਜਾਵੇ। ਉਨ੍ਹਾਂ ਅਕਾਲੀ ਲੀਡਰਸ਼ਿਪ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਇਸ ਨਿਯੁਕਤ ਦਾ ਗੁਰਨਾਮ ਸਿੰਘ ਪੰਮਾ, ਦਿਲਬੀਰ ਸਿੰਘ ਗਿੱਲ, ਚਰਨਜੀਤ ਸਿੰਘ ਚੌਹਾਨ, ਜਗਜੀਤ ਸਿੰਘ ਚੌਟਾਲਾ, ਸੁਖਵਿੰਦਰ ਸਿੰਘ ਅਬਲੋਵਾਲ ਆਦਿ ਨੇ ਵਿਸ਼ੇਸ਼ ਸਵਾਗਤ ਕੀਤਾ ਹੈ।




## ਭਾਈ ਹਵਾਰਾ ਬੰਬ ਬਲਾਸਟ ਕੇਸ ਵਿਚੋਂ ਬਰੀ

**ਲੁਧਿਆਣਾ/ਨਿਊਜ਼ ਏ.ਟੀ.** :ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਸਜ਼ਾ ਭੁਗਤ ਰਹੇ ਜਗਤਾਰ ਸਿੰਘ ਹਵਾਰਾ ਨੂੰ ਲੁਧਿਆਣਾ ਦੀ ਅਦਾਲਤ ਨੇ ਇੱਕ ਹੋਰ ਕੇਸ ਵਿੱਚੋਂ ਬਰੀ ਕਰ ਦਿੱਤਾ ਹੈ। ਲੁਧਿਆਣਾ ਪੁਲਿਸ ਨੇ ਦਸੰਬਰ 1995 ਦੇ ਘੰਟਾ ਘਰ ਬਲਾਸਟ ਮਾਮਲੇ ਵਿੱਚ ਹਵਾਰਾ ਖਿਲਾਫ ਕੇਸ ਦਾਇਰ ਕੀਤਾ ਸੀ। ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਲੁਧਿਆਣਾ ਦੀ ਵਧੀਕ ਸੈਸ਼ਨ ਅਦਾਲਤ ਨੇ ਹਵਾਰਾ ਨੂੰ ਬਰੀ ਕਰ ਦਿੱਤਾ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਪੁਲਿਸ ਦੋਸ਼ ਸਾਬਤ ਕਰਨ ਵਿੱਚ ਅਸਫਲ ਰਹੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ 1996 ਵਿੱਚ ਹਵਾਰਾ ਸਣੇ ਪੰਜ ਜਣਿਆਂ ਖਿਲਾਫ ਚਲਾਨ ਪੇਸ਼ ਕੀਤਾ ਸੀ। ਐਡਵੋਕੇਟ ਮੰਝਪੁਰ ਨੇ ਦੱਸਿਆ ਕਿ ਹੁਣ ਹਵਾਰਾ ਖਿਲਾਫ ਬੇਅੰਤ ਸਿੰਘ ਕਤਲ ਨੂੰ ਛੱਡ ਕੇ ਹੋਰ ਕੋਈ ਮਾਮਲਾ ਨਹੀਂ ਬਚਿਆ। ਉਹ ਜਾਂ ਤਾਂ ਕੇਸਾਂ ਵਿੱਚੋਂ ਬਰੀ ਹੋ ਗਏ ਹਨ ਜਾਂ ਫਿਰ ਸਜ਼ਾ ਭੁਗਤ ਲਈ ਹੈ। ਉਨ੍ਹਾਂ ਕਿਹਾ ਕਿ ਉਹ ਤਿਹਾੜ ਜੇਲ੍ਹ ਤੋਂ ਕਸਟਡੀ ਸਰਟੀਫਿਕੇਟ ਮੰਗਣਗੇ। ਜੇਕਰ ਹੋਰ ਕੋਈ ਕੇਸ ਬਕਾਇਆ ਨਾ ਹੋਇਆ ਤਾਂ ਪੈਰੋਲ ਦੀ ਅਪੀਲ ਕਰਨਗੇ।

## ਗੁਰਦੁਆਰਿਆਂ ’ਚ ਨਵੰਬਰ ’84 ਪੀੜਤਾਂ ਲਈ ਖੁੱਲ੍ਹਣਗੀਆਂ ਦੁਕਾਨਾਂ

**ਨਵੀਂ ਦਿੱਲੀ/ਨਿਊਜ਼ ਏ.ਟੀ.** : ਸਿੱਖ ਵਿਰੋਧੀ ਦੰਗਿਆਂ ਦੇ ਪੀੜਤ ਪਰਿਵਾਰਾਂ ਨੂੰ ਆਰਥਿਕ ਤੌਰ ’ਤੇ ਪੈਰਾਂ ’ਤੇ ਖੜ੍ਹਾ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਤਿਹਾਸਕ ਗੁਰਦੁਆਰਿਆਂ ਵਿਚ ‘1984 ਸਟੋਰ’ ਨਾਂ ਨਾਲ ਦੁਕਾਨਾਂ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਦੁਕਾਨਾਂ ਦਾ ਪ੍ਰਬੰਧ ਪੀੜਤ ਪਰਿਵਾਰਾਂ ਦੇ ਮੈਂਬਰ ਸੰਭਾਲਣਗੇ। ਇਸ ਮਹੀਨੇ ਦੇ ਅੰਤ ਤਕ ਗੁਰਦੁਆਰਾ ਬੰਗਲਾ ਸਾਹਿਬ ਵਿਚ ਤੇ ਜਨਵਰੀ ਵਿਚ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਦੁਕਾਨਾਂ ਸ਼ੁਰੂ ਹੋ ਜਾਣਗੀਆਂ। ਅਗਲੇ ਸਾਲ ਦੇ ਅੰਤ ਤਕ ਦਿੱਲੀ ਦੇ ਦਸ ਇਤਿਹਾਸਕ ਗੁਰਦੁਆਰਿਆਂ ਵਿਚ ਇਸ ਤਰ੍ਹਾਂ ਦੀਆਂ ਦੁਕਾਨਾਂ ਖੁੱਲ੍ਹ ਜਾਣਗੀਆਂ।

## ਆਸਟ੍ਰੇਲੀਆ ਦੇ ਸਕੂਲਾਂ ਵਿਚ ਪੜ੍ਹਾਈ ਜਾਵੇਗੀ ਪੰਜਾਬੀ

**ਸਿਡਨੀ/ਨਿਊਜ਼ ਏ.ਟੀ.** : ਆਸਟ੍ਰੇਲੀਆ ਦੇ ਸੂਬੇ ਨਿਓ ਸਾਊਥ ਵੇਲਜ਼ ਵਿਚ ਪੰਜਾਬੀ ਭਾਸ਼ਾ ਨੂੰ ਕਿੰਡਰਗਾਰਡਨ ਤੋਂ ਲੈ ਕੇ ਐਚ. ਐਸ. ਸੀ. ਤੱਕ ਪੜ੍ਹਾਉਣ ’ਤੇ ਮੋਹਰ ਲਗਾ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਡਾ: ਸੁਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿਚ ਪੜ੍ਹਾਉਣ ਨੂੰ ਲੈ ਕੇ ਕਈ ਸਾਲਾਂ ਤੋਂ ਯਤਨ ਕੀਤੇ ਜਾ ਰਹੇ ਸਨ। ‘ਵੀਕ ਐਂਡ’ ’ਤੇ ਕਈ ਪੰਜਾਬੀ ਸਕੂਲ ਨਿੱਜੀ ਪੱਧਰ ’ਤੇ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਸਾਲ 2020 ਵਿਚ ਚੋਣਵੇਂ ਵਿਸ਼ੇ ਦੇ ਤੌਰ ’ਤੇ ਰੱਖਿਆ ਜਾਵੇਗਾ ਤੇ ਅਗਾਂਹ ਕਿੰਡਰਗਾਰਡਨ ਤੋਂ ਦਸਵੀਂ ਤੱਕ ਸ਼ੁਰੂ ਹੋ ਜਾਵੇਗਾ। ਇਥੇ ਗੌਰਤਲਬ ਹੈ ਕਿ 10ਵੀਂ ਪਾਸ ਕਰਨ ਤੋਂ ਬਾਅਦ ਵੀ ਬਾਰ੍ਹਵੀਂ ਤੱਕ ਬੱਚੇ ਪੰਜਾਬੀ ਭਾਸ਼ਾ ਨੂੰ ਪੜ੍ਹ ਸਕਦੇ ਹਨ।

## ਸੰਦੀਪ ਸਿੰਘ ਦੇ ਨਾਂ ’ਤੇ ਹੋਵੇਗਾ ਅਮਰੀਕਾ ’ਚ ਡਾਕਘਰ

**ਨਿਊਯਾਰਕ/ਨਿਊਜ਼ ਏ.ਟੀ.** : ਅਮਰੀਕਾ ਵਿਚ ਇੱਕ ਡਾਕਘਰ ਦਾ ਨਾਂ ਡਿਊਟੀ ਦੌਰਾਨ ਸ਼ਹੀਦ ਹੋਏ ਭਾਰਤੀ ਸਿੱਖ ਪੁਲਿਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਨਾਂ ’ਤੇ ਰੱਖਣ ਲਈ ਅਮਰੀਕੀ ਸੰਸਦ ਵਿਚ ਇੱਕ ਬਿਲ ਪੇਸ਼ ਕੀਤਾ ਗਿਆ ਹੈ। ਇਹ ਬਿੱਲ ਟੈਕਸਾਸ ਵਿਚ ਸੰਸਦ ਮੈਂਬਰ ਲਿਜੀ ਫਲੈੱਚਰ ਨੇ ਪੇਸ਼ ਕੀਤਾ ਹੈ। ਇਸ ਵਿਚ 315 ਐਡਿਕਸ ਹਾਵੇਲ ਰੋਡ ’ਤੇ ਸਥਿਤ ਡਾਕਘਰ ਦਾ ਨਾਂ ਡਿਪਟੀ ਸੰਦੀਪ ਸਿੰਘ ਧਾਲੀਵਾਲ ਪੋਸਟ ਆਫ਼ਿਸ ਰੱਖਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਡਾਕਘਰ ਦਾ ਨਾਂ ਧਾਲੀਵਾਲ ਦੇ ਨਾਂ ’ਤੇ ਰੱਖਣ ਨਾਲ ਇਹ ਉਨ੍ਹਾਂ ਦੀ ਸੇਵਾ ਅਤੇ ਉਨ੍ਹਾਂ ਦਾ ਬਲੀਦਾਨ ਸਾਨੂੰ ਹਮੇਸ਼ਾ ਯਾਦ ਰਹੇਗਾ।

# ਪਾਸਪੋਰਟ ਘੁਟਾਲਾ ਪ੍ਰਵਾਸੀ ਪੰਜਾਬੀਆਂ ਦੇ ਵਤਨ ਵਾਪਸੀ ’ਚ ਬਣਿਆ ਅੜਿੱਕਾ

### *330 ਪਰਵਾਸੀ ਪੰਜਾਬੀ ਗ੍ਰਿਫ਼ਤਾਰੀ ਦੇ ਡਰ ਕਾਰਨ ਵਤਨ ਨਾ ਪਰਤੇ*

**ਮੋਗਾ/ਨਿਊਜ਼ ਏ.ਟੀ.** : ਗਿਆਰਾਂ ਸਾਲ ਪੁਰਾਣਾ ਮੋਗਾ ਪਾਸਪੋਰਟ ਘੁਟਾਲਾ 330 ਪਰਵਾਸੀ ਪੰਜਾਬੀਆਂ ਦਾ ਪਿੱਛਾ ਨਹੀਂ ਛੱਡ ਰਿਹਾ। ਗ੍ਰਿਫ਼ਤਾਰੀ ਦੇ ਡਰੋਂ ਸੈਂਕੜੇ ਪਰਵਾਸੀ ਪੰਜਾਬੀ ਵਤਨ ਵਾਪਸ ਨਹੀਂ ਆ ਰਹੇ ਤੇ ਐੱਲਓਸੀ ਜਾਰੀ ਹੋਣ ਕਾਰਨ ਉਨ੍ਹਾਂ ਨੂੰ ਹਵਾਈ ਅੱਡੇ ਉੱਤੇ ਹੀ ਹਿਰਾਸਤ ਵਿਚ ਲੈ ਲਿਆ ਜਾਂਦਾ ਹੈ। ਇਹ ਘੁਟਾਲਾ ਵਿਭਾਗ ਦੇ ਕਈ ਅਧਿਕਾਰੀਆਂ ਲਈ ਸੋਨੇ ਦੀ ਮੁਰਗੀ ਬਣਿਆ ਰਿਹਾ। ਇੱਥੇ ਥਾਣਾ ਸਿਟੀ ਵਿਚ 12 ਜੁਲਾਈ, 2008 ਨੂੰ ਇਕ ਭੇਤੀ ਪੁਲੀਸ ਮੁਲਾਜ਼ਮ ਦੀ ਸ਼ਿਕਾਇਤ ਉੱਤੇ ਪਾਸਪੋਰਟ ਘੁਟਾਲੇ ਦਾ ਕੇਸ ਦਰਜ ਕੀਤਾ ਗਿਆ ਸੀ। ਪੌਣੇ ਦੋ ਵਰ੍ਹੇ ਪਹਿਲਾਂ 21 ਫਰਵਰੀ, 20 18 ਨੂੰ ਸੀਜੇਐੱਮ ਦੀ ਅਦਾਲਤ ਨੇ ਫ਼ਰਜ਼ੀ ਨਾਵਾਂ ਅਤੇ ਦਸਤਾਵੇਜ਼ਾਂ ਉੱਤੇ ਪਾਸਪੋਰਟ ਹਾਸਲ ਕਰਨ ਵਾਲੇ 44 ਪਰਵਾਸੀ ਪੰਜਾਬੀਆਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਅਤੇ ਪਰਵਾਸੀ ਪੰਜਾਬੀ ਸ਼ਮਸ਼ੇਰ ਸਿੰਘ ਸਣੇ ਕਰੀਬ 12 ਮੁਲਜ਼ਮਾਂ ਨੂੰ ਭਗੌੜੇ ਕਰਾਰ ਦਿੱਤਾ ਸੀ। ਅਦਾਲਤ ਮਹਿਲਾ ਟਰੈਵਲ ਏਜੰਸੀ ਸੰਚਾਲਕ ਸਮੇਤ 14 ਸੰਚਾਲਕਾਂ, ਪੰਜ ਏਜੰਟਾਂ, ਤਿੰਨ ਪੁਲੀਸ ਮੁਲਾਜ਼ਮਾਂ, ਚੰਡੀਗੜ੍ਹ ਖੇਤਰੀ ਪਾਸਪੋਰਟ ਦਫ਼ਤਰ ਦੇ ਸੁਪਰਡੈਂਟ, ਜਨਮ ਮੌਤ ਸ਼ਾਖਾ ਦੇ ਕਲਰਕ ਤੇ ਪੋਸਟਮੈਨ ਸਮੇਤ 25 ਜਣਿਆਂ ਨੂੰ ਦੋਸ਼ੀ ਕਰਾਰ ਦਿੰਦਿਆਂ ਤਿੰਨ ਸਾਲਾਂ ਦੀ ਕੈਦ ਸੁਣਾ ਚੁੱਕੀ ਹੈ। ਇਹ ਮੁਲਜ਼ਮ ਅਦਾਲਤ ਵੱਲੋਂ ਮੁਕੱਰਰ ਜੁਰਮਾਨਾ ਰਾਸ਼ੀ ਭਰਨ ਮਗਰੋਂ ਜ਼ਮਾਨਤ ਉੱਤੇ ਹਨ ਅਤੇ ਉਨ੍ਹਾਂ ਦੀ ਹੇਠਲੀ ਅਦਾਲਤ ਦੇ ਹੁਕਮ ਖ਼ਿਲਾਫ਼ ਜ਼ਿਲ੍ਹਾ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੋਈ ਹੈ। ਇਸ ਪਾਸਪੋਰਟ ਘੁਟਾਲੇ ਵਿਚ ਫ਼ਰਜ਼ੀ ਨਾਵਾਂ ਤੇ ਜਾਅਲੀ ਦਸਤਾਵੇਜ਼ਾਂ ਸਬੰਧੀ ਪੁਲੀਸ ਰਿਕਾਰਡ ਹਾਲੇ ਵੀ 58 ਔਰਤਾਂ ਸਣੇ 330 ਪਰਵਾਸੀ ਪੰਜਾਬੀਆਂ ਦਾ ਪਿੱਛਾ ਨਹੀਂ ਛੱਡ ਰਿਹਾ। ਗ੍ਰਿਫ਼ਤਾਰੀ ਦੇ ਡਰੋਂ ਸੈਂਕੜੇ ਪਰਵਾਸੀ ਪੰਜਾਬੀ ਵਤਨ ਵਾਪਸ ਨਹੀਂ ਆ ਰਹੇ। ਸਥਾਨਕ ਜ਼ਿਲ੍ਹਾ ਅਦਾਲਤ ਨੇ ਬੀਤੀ 23 ਨਵੰਬਰ ਨੂੰ ਪਰਵਾਸੀ ਪੰਜਾਬੀ ਸ਼ਮਸ਼ੇਰ ਸਿੰਘ ਦੀ ਵਿਦੇਸ਼ ਤੋਂ ਭੇਜੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਮੂਲ ਰੂਪ ਵਿਚ ਪਿੰਡ ਬਾਹਮਣੀਆਂ (ਸ਼ਾਹਕੋਟ) ਦਾ ਸ਼ਮਸ਼ੇਰ ਸਿੰਘ ਵਿਦੇਸ਼ੀ ਨਾਗਰਿਕਤਾ ਵੀ ਹਾਸਲ ਕਰ ਚੁੱਕਾ ਹੈ। ਉਸ ਨੂੰ ਕਈ ਸਾਲ ਪਹਿਲਾਂ ਫ਼ਰਜ਼ੀ ਦਸਤਾਵੇਜ਼ਾਂ ਨਾਲ ਬਣਾਏ ਭਾਰਤੀ ਪਾਸਪੋਰਟ ਉੱਤੇ ਸਫ਼ਰ ਕਰਦਿਆਂ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਕੁਝ ਪੇਸ਼ੀਆਂ ਭੁਗਤਣ ਮਗਰੋਂ ਅਦਾਲਤ ਤੋਂ ਆਗਿਆ ਲੈ ਕੇ ਵਿਦੇਸ਼ ਪਰਤ ਗਿਆ ਸੀ ਪਰ ਵਾਪਸ ਨਹੀਂ ਆਇਆ। ਇੱਥੇ ਦੱਸਣਯੋਗ ਹੈ ਕਿ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਚੰਡੀਗੜ੍ਹ ਪਾਸਪੋਰਟ ਦਫ਼ਤਰ ਤੋਂ ਜ਼ਿਲ੍ਹੇ ਨਾਲ ਸਬੰਧਤ 2002 ਤੋਂ 2008 ਤੱਕ 795 ਪਾਸਪੋਰਟ ਅਰਜ਼ੀਆਂ ਦੀ ਜਾਂਚ ਦੌਰਾਨ ਕਰੀਬ 395 ਪਾਸਪੋਰਟ, ਫ਼ਰਜ਼ੀ ਦਸਤਾਵੇਜ਼ਾਂ ਤੋਂ ਇਲਾਵਾ ਜਾਅਲੀ ਨਾਮ-ਪਤੇ ’ਤੇ ਜਾਰੀ ਹੋਣ ਦੀ ਪੁਸ਼ਟੀ ਹੋਈ ਸੀ। ਇਸ ਵਿਚ ਡਾਕੀਏ ਦੀ ਮਿਲੀਭੁਗਤ ਨਾਲ ਪਾਸਪੋਰਟ ਦੀ ਡਲਿਵਰੀ ਹੋਣ ਦੀ ਪੁਸ਼ਟੀ ਹੋਈ ਸੀ।

## ਪ੍ਰਭ ਆਸਰਾ ਸੰਸਥਾ ਲਈ ਸੈਲਮਾ ਵਿਖੇ ਫੰਡ ਇਕੱਤਰ

**ਫਰਿਜ਼ਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ**- ਦੀਨ -ਦੁਖੀ, ਮੰਦਬੁੱਧੀ ਬੱਚਿਆਂ ਅਤੇ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਸੰਭਾਲ਼ ਲਈ ਇਨਸਾਨੀਅਤ ਨੂੰ ਸਮਰਪਿਤ ਸੰਸਥਾ ਪ੍ਰਭ-ਆਸਰਾ ਲਈ ਲੰਘੇ ਸਨਿੱਚਰਵਾਰ ਫਰਿਜ਼ਨੋ ਦੇ ਲਾਗਲੇ ਸ਼ਹਿਰ ਸੈਲਮਾ ਵਿਖੇ ਉੱਘੇ ਸਮਾਜ ਸੇਵੀ ਰਣਜੀਤ ਸਿੰਘ ਨਾਗਰਾ ਦੇ ਸੱਦੇ ਤੇ ਸਾਥਾਨਿਕ ਗੁਰਘਰ ਵਿਖੇ ਇੱਕ ਫੰਡ ਰੇਜ਼ ਪ੍ਰੋਗਰਾਮ ਰੱਖਿਆ ਗਿਆ। ਇਸ ਮੌਕੇ ਫਰਿਜ਼ਨੋ ਇਲਾਕੇ ਦੀਆਂ ਉੱਘੀਆ ਸ਼ਖ਼ਸੀਅਤਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕਰਕੇ ਆਪਣਾ ਦਸਵੰਧ ਕੱਢਿਆ ਤੇ ਫੰਡ ਰੇਜ਼ਰ ਪ੍ਰੋਗਰਾਮ ਨੂੰ ਕਾਮਯਾਬ ਬਣਾਇਆ। ਇਸ ਮੌਕੇ ਸਟੇਜ ਸੰਚਾਲਨ ਕਬੱਡੀ ਪ੍ਰਮੋਟਰ ਸੁਰਿੰਦਰ ਸਿੰਘ ਨਿੱਝਰ ਨੇ ਕੀਤਾ। ਪ੍ਰਭ ਆਸਰਾ ਸੰਸਥਾ ਦੇ ਮੋਢੀ ਸ਼ਮਸ਼ੇਰ ਸਿੰਘ ਨੇ ਸੰਸਥਾ ਦੇ ਕੰਮਾਂ ਕਾਰਾ ਤੇ ਝਲਕ ਪਵਾਉਣ ਲਈ ਆਪਣੇ ਵਿਚਾਰ ਰੱਖੇ, ਜਿਸ ਨੂੰ ਸੁਣਕੇ ਪਤਾ ਲੱਗਿਆ ਕਿ ਕਿਵੇਂ ਲੋਕ ਅਣਚਾਹੇ ਨਵੇਂ ਬੱਚਿਆਂ ਨੂੰ ਪ੍ਰਭ ਆਸਰਾ ਆਸ਼ਰਮਾਂ ਵਿੱਚ ਛੱਡ ਜਾਂਦੇ ਨੇ ‘ਤੇ ਕਈ ਰੱਜਦੇ ਪੁੱਜਦੇ ਪਰਿਵਾਰ ਵੀ ਆਪਣੇ ਬਜ਼ੁਰਗਾਂ ਨੂੰ ਸੜਕਾਂ ਤੇ ਰੁਲਣ ਲਈ ਛੱਡ ਕਿਨਾਰਾ ਕਰ ਜਾਂਦੇ ਨੇ ‘ਤੇ ਪ੍ਰਭ ਆਸਰਾ ਹੀ ਇਹਨਾਂ ਦੇ ਲਈ ਕੇਵਲ ਇੱਕੋ ਇੱਕ ਸਹਾਰਾ ਬਣਦਾ ਹੈ। ਇਸ ਮੌਕੇ ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਸਾਨੂੰ ਨਾ ਹੀ ਕੋਈ ਡਾਕਟਰ ਮੁਹੱਈਆ ਕਰਵਾਇਆ ਗਿਆ ਹੈ ਅਤੇ ਨਾਂ ਹੀ ਕੋਈ ਹੋਰ ਖ਼ਾਸ ਸਹੂਲਤ ਦਿੱਤੀ ਗਈ ਹੈ। ਸੰਸਥਾ ਦਾ ਹਰਰੋਜ ਦਾ ਲੱਖਾਂ ਰੁਪੱਈਆ ਖਰਚ ਹੈ, ਜੋ ਤੁਹਾਡੇ ਵਰਗੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਚੱਲ ਰਿਹਾ ਹੈ। ਅਖੀਰ ਉਹਨਾਂ ਸਮੂਹ ਦਾਨੀ ਸੱਜਣਾਂ ਤੇ ਗੁਰੂ-ਘਰ ਦੀ ਕਮੇਟੀ ਦਾ ਫੰਡ ਰੇਜਰ ਰੱਖਣ ਲਈ ਧੰਨਵਾਦ ਕੀਤਾ ਤੇ ਧਾਰਮਿਕ ਜਥੇਬੰਦੀਆਂ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਗੁਰੂ ਸਹਿਬ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਇਨਸਾਨੀਅਤ ਦੀ ਸੇਵਾ ਲਈ ਮੱਦਦ ਦੀ ਅਪੀਲ ਕੀਤੀ।



# ਰਵਿੰਦਰ ਸਿੰਘ ਪੁਰੇਵਾਲ ਨੂੰ ਨਿੱਘੀ ਸ਼ਰਧਾਂਜਲੀ

**ਸੈਨਹੋਜ਼ੇ/ਏ.ਟੀ. ਨਿਊਜ਼ :**
ਉੱਘੇ ਸਮਾਜ ਸੇਵੀ ਅਤੇ ਸਾਬਕਾ ਹਾਕੀ ਖਿਡਾਰੀ ਰਵਿੰਦਰ ਸਿੰਘ ਪੁਰੇਵਾਲ ਨਮਿੱਤ ਅੰਤਿਮ ਅਰਦਾਸ ਇੱਥੇ ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ (3636 ਗੁਰਦਵਾਰਾ ਐਵਨਿਊ, ਸੈਨਹੋਜ਼ੇ, ਕੈਲੀਫੋਰਨੀਆ 95148) ਵਿਖੇ ਹੋਈ ਜਿੱਥੇ ਸਮਾਜ ਦੇ ਵੱਖ ਵੱਖ ਖੇਤਰਾਂ ਦੇ ਨੁਮਾਇੰਦਿਆਂ ਨੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਪਹਿਲਾਂ ਉਨ੍ਹਾਂ ਦਾ ਅੰਤਿਮ ਸੰਸਕਾਰ ਸਪੈਂਗਲਰ ਮਾਰਚਰੀ ਸੰਨੀਵੇਲ ਵਿਖੇ ਕੀਤਾ ਗਿਆ।



ਸ੍ਰੀ ਪੁਰੇਵਾਲ ਪਹਿਲੀ ਦਸੰਬਰ ਨੂੰ ਅਕਾਲ ਚਲਾਣਾ ਕਰ ਗਏ ਸਨ। ਰਵਿੰਦਰ ਸਿੰਘ ਪੁਰੇਵਾਲ ਦਾ ਜਨਮ 7 ਮਾਰਚ 1955 ਨੂੰ ਮਾਤਾ ਦਲਬੀਰ ਕੌਰ ਤੇ ਪਿਤਾ ਜਰਨੈਲ ਸਿੰਘ ਪੁਰੇਵਾਲ (ਸਵ.) ਦੇ ਗ੍ਰਹਿ ਵਿਖੇ ਪੰਜਾਬ ਦੇ ਪਿੰਡ ਚੱਕ ਮੁਗ਼ਲਾਣੀ ਵਿਖੇ ਹੋਇਆ। ਆਪਣੇ ਸਨੇਹੀਆਂ ਤੇ ਮਿੱਤਰਾਂ 'ਚ ਉਹ ਛੋਟੇ ਨਾਮ ਰੂਬੀ ਅਤੇ ਰਵੀ ਕਰਕੇ ਜਾਣੇ ਜਾਂਦੇ ਸਨ। ਉਹਨਾਂ ਨੇ ਆਪਣੇ ਅਤੇ ਪਰਿਵਾਰ ਦੇ ਸੁਨਹਿਰੇ ਭਵਿੱਖ। ਲਈ ਕੈਲੇਫੋਰਨੀਆ ਦੇ ਸੈਂਟਰਲ ਵੈਲੀ ਇਲਾਕੇ ਤੋਂ ਸਫਲਤਾ ਦੇ ਅਮਰੀਕੀ ਸੁਪਨੇ ਨੂੰ ਸਾਕਾਰ ਕਰਨ ਦੀ 1974 'ਚ ਸ਼ੁਰੂਆਤ ਕੀਤੀ ਸੀ। 25 ਫਰਵਰੀ 1980 ਨੂੰ ਉਹਨਾਂ ਦਾ ਵਿਆਹ ਬੀਬੀ ਰਵਿੰਦਰ ਕੌਰ ਨਾਲ ਹੋਇਆ। ਉਹ ਆਪਣੇ ਪਿੱਛੇ ਆਪਣੀ ਧਰਮ ਪਤਨੀ ਰਵਿੰਦਰ ਕੌਰ, ਦੋ ਪੁੱਤਰ ਹਰਵੀਰ ਸਿੰਘ ਪੁਰੇਵਾਲ ਅਤੇ ਪਾਲ ਸਿੰਘ ਪੁਰੇਵਾਲ ਅਤੇ ਦੋਹਤਾ ਯੁਵਰਾਜ ਸਿੰਘ ਪੁਰੇਵਾਲ ਛੱਡ ਗਏ ਹਨ। ਉਹਨਾਂ ਨੇ ਮਿਹਨਤੀ ਜੀਵਨ ਨਾਲ ਆਪਣੇ ਮਿੱਤਰਾਂ ਦੇ ਘੇਰੇ 'ਚ ਇੱਕ ਚੰਗੇ ਕਿਰਦਾਰ ਦੀ ਪਹਿਚਾਣ ਬਣਾ ਲਈ ਸੀ। ਪੰਜਾਬੀ ਸਮਾਜ ਅਤੇ ਭਾਈਚਾਰੇ ਦੇ ਲੋਕ ਹਰ ਤਰਾਂ ਦੇ ਸੁੱਖ ਦੁੱਖ ਮੌਕੇ ਰਵਿੰਦਰ ਸਿੰਘ ਪੁਰੇਵਾਲ ਕੋਲੋਂ ਰਾਹਨੁਮਾਈ ਲੈਂਦੇ ਅਤੇ ਉਹਨਾਂ ਨੂੰ ਆਪਣੇ ਸੰਗ ਖੜ੍ਹਿਆਂ ਮਹਿਸੂਸ ਕਰਦੇ।

ਰਵਿੰਦਰ ਸਿੰਘ ਪੁਰੇਵਾਲ ਨੇ ਇੱਕ ਸੁਘੜ ਇਨਸਾਨ ਦੇ ਤੌਰ 'ਤੇ ਆਪਣੇ ਭਾਈਚਾਰੇ ਲਈ ਨਿਰਸਵਾਰਥ ਕੰਮ ਕੀਤਾ। ਉਹਨਾਂ ਨੇ ਆਪਣੇ ਖੇਡ ਜੀਵਨ ਦੌਰਾਨ ਹਾਕੀ ਖੇਡਦਿਆਂ ਵੱਡਿਆਂ ਪ੍ਰਾਪਤੀਆਂ ਕੀਤੀਆਂ। ਇਸ ਦੌਰਾਨ ਉਹਨਾਂ ਨੇ ਬ੍ਰਾਜ਼ੀਲ, ਚੀਨ, ਯੋਰਪ ਅਤੇ ਕਿ ਹੋਰਨਾਂ ਮੁਲਕਾਂ ਦਾ ਦੌਰਾ ਕੀਤਾ। ਉਹਨਾਂ ਦੀ ਜ਼ਿੰਦਗੀ ਦੇ ਕਈ ਅਹਿਮ ਪੱਖ ਹਨ ਜਿਹੜੇ ਪਰਿਵਾਰ ਨੂੰ ਹਮੇਸ਼ਾ ਰਸਤਾ ਦਿਖਾਉਂਦੇ ਰਹਿਣਗੇ ਪਰ ਇਸ ਦੇ ਨਾਲ ਹੀ ਪਰਿਵਾਰ ਉਹਨਾਂ ਦੀ ਅਗਵਾਈ ਦੀ ਘਾਟ ਨੂੰ ਵੀ ਮਹਿਸੂਸ ਕਰਦਾ ਰਹੇਗਾ। ਸਮਾਜ ਅਤੇ ਆਪਣੇ ਭਾਈਚਾਰੇ ਲਈ ਕੀਤੇ ਰਵਿੰਦਰ ਸਿੰਘ ਪੁਰੇਵਾਲ ਦੇ ਕਾਰਜਾਂ ਨੂੰ ਹਮੇਸ਼ਾ ਯਾਦ ਰਖਿਆ ਜਾਵੇਗਾ ਅਤੇ ਉਹ ਭਾਵਨਾਤਮਕ ਅਤੇ ਰੂਹ-ਦਾਰੀ ਕਾਰਨ ਸਦਾ ਲਈ ਸਾਡੀਆਂ ਯਾਦਾਂ 'ਚ ਵਿਚਰਦੇ ਰਹਿਣਗੇ।

*ਮਾਮਲਾ 84 ਦੇ ਸਿੱਖ ਕਤਲੇਆਮ ਦਾ*

# ਡਾ. ਮਨਮੋਹਨ ਸਿੰਘ ਨੇ ਨਰਸਿਮ੍ਹਾ ਰਾਓ ਦੀਆਂ ਗਲਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ

## ਭਾਜਪਾ ਨੇ ਕਤਲੇਆਮ ਦਾ ਜ਼ਿੰਮਾ ਰਾਜੀਵ ਗਾਂਧੀ ਦੇ ਸਿਰ ਪਾਇਆ

**ਨਵੀਂ ਦਿੱਲੀ/ਨਿਊਜ਼ ਏ.ਟੀ. :** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਬੀਤੇ ਦਿਨ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੀ ਯਾਦ ਵਿਚ ਰੱਖੇ ਸਮਾਗਮ ਦੌਰਾਨ ਕਿਹਾ ਕਿ ਜੇ ਤਤਕਾਲੀ ਗ੍ਰਹਿ ਮੰਤਰੀ ਪੀ.ਵੀ ਨਰਸਿਮ੍ਹਾ ਰਾਓ ਨੇ ਫ਼ੌਜ ਸੱਦਣ ਦੇ ਸੁਝਾਅ 'ਤੇ ਧਿਆਨ ਦਿੱਤਾ ਹੁੰਦਾ ਤਾਂ 1984 ਦੇ ਸਿੱਖ ਕਤਲੇਆਮ ਰੋਕਿਆ ਜਾ ਸਕਦਾ ਸੀ। ਭਾਜਪਾ ਨੇ ਮਨਮੋਹਨ 'ਤੇ ਵਿਅੰਗ ਕਰਦਿਆਂ ਕਿਹਾ ਕਿ ਜੇ ਰਾਓ ਐਨੇ ਹੀ 'ਮਾੜੇ' ਸਨ ਤਾਂ ਉਹ 1991 ਵਿਚ ਉਨ੍ਹਾਂ ਦੀ ਸਰਕਾਰ ਵਿਚ ਮੰਤਰੀ ਕਿਉਂ ਬਣੇ ?



ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ ਰਾਜੀਵ ਕੋਲ ਸਾਰੇ ਹੱਕ ਸਨ ਤੇ ਉਹ ਫ਼ੌਜ ਸੱਦ ਸਕਦੇ ਸਨ। ਉਨ੍ਹਾਂ ਰਾਜੀਵ ਨੂੰ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ। ਜਾਵੜੇਕਰ ਨੇ ਕਿਹਾ ਕਿ ਰਾਜੀਵ ਨੇ ਉਦੋਂ ਕਿਹਾ ਸੀ 'ਜਦ ਕੋਈ ਵੱਡਾ ਦਰੱਖਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੈ', ਇਕ ਤਰ੍ਹਾਂ ਰਾਜੀਵ ਨੇ ਕਤਲੇਆਮ ਦਾ ਸਮਰਥਨ ਕੀਤਾ ਸੀ। ਗੁਜਰਾਲ ਦੇ ਪੁੱਤਰ ਤੇ ਅਕਾਲੀ ਦਲ ਦੇ ਸੰਸਦ ਮੈਂਬਰ ਨਰੇਸ਼ ਗੁਜਰਾਲ ਨੇ 'ਸੱਚ ਬੋਲਣ' ਲਈ ਮਨਮੋਹਨ ਦੀ ਸਿਫ਼ਤ ਕੀਤੀ ਤੇ ਕਿਹਾ ਕਿ 'ਜੋ ਸੀ ਉਹੀ ਉਨ੍ਹਾਂ ਨੇ ਬਿਆਨਿਆ।' ਇਸੇ ਦੌਰਾਨ ਨਰਸਿਮ੍ਹਾ ਰਾਓ ਦੇ ਪੋਤਰੇ ਐੱਨਵੀ ਸੁਭਾਸ਼ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਗ੍ਰਹਿ ਮੰਤਰੀ ਕੋਈ ਵੀ ਫ਼ੈਸਲਾ ਇਕੱਲੇ ਨਹੀਂ ਲੈ ਸਕਦੇ। ਫ਼ੌਜ ਸਬੰਧੀ ਲਿਆ ਗਿਆ ਫ਼ੈਸਲਾ ਸਾਰੀ ਵਜ਼ਾਰਤ ਦਾ ਸੀ।

**ਬਾਕੀ ਸਫ਼ਾ 29 'ਤੇ**

# ਡਾ. ਬਲਜੀਤ ਸਿੰਘ ਸਿੱਧੂ ਦਾ ਫਰਿਜ਼ਨੋ ਵਿਖੇ ਨਿੱਘਾ ਸੁਆਗਤ

**ਫਰਿਜ਼ਨੋ /ਨੀਟਾ ਮਾਛੀਕੇ, ਕੁਲਵੰਤ ਧਾਲੀਆਂ -** ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਰਿਟਾਇਰਡ ਕੰਟ੍ਰੋਲਰ ਡਾ. ਬਲਜੀਤ ਸਿੰਘ ਸਿੱਧੂ ਇਹਨੀਂ ਦਿਨੀਂ ਆਪਣੀ ਅਮਰੀਕਾ ਫੇਰੀ ਤੇ ਹਨ, ਅਤੇ ਆਪਣੇ ਚਾਹੁਣ ਵਾਲ਼ਿਆ ਨੂੰ ਮਿਲ ਰਹੇ ਹਨ। ਇਸੇ ਕੜੀ ਤਹਿਤ ਉਹ ਫਰਿਜ਼ਨੋ ਵਿਖੇ ਅਥਲੀਟ ਗੁਰਬਖਸ਼ ਸਿੰਘ ਸਿੱਧੂ ਤੇ ਸਮਾਜ-ਸੇਵਕ ਹੈਰੀ ਸੰਧੂ ਕੋਲ ਠਹਿਰੇ ਹੋਏ ਹਨ। ਉਹਨਾਂ ਦੇ ਸਨਮਾਨ ਹਿੱਤ ਗੁਰਬਖਸ਼ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਇੱਕ ਸਾਦੇ ਸਮਾਗਮ ਦਾ ਅਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਉਹਨਾਂ ਦੇ ਪੁਰਾਣੇ ਸਹਿਪਾਠੀ ਸ਼ਾਮਲ ਹੋਏ। ਇਸ ਮੌਕੇ ਗੁਰਬਖਸ਼ ਸਿੰਘ ਸਿੱਧੂ ਨੇ



ਦੱਸਿਆ ਕਿ ਡਾ. ਬਲਜੀਤ ਸਿੰਘ ਸਿੱਧੂ ਦਾ ਜਨਮ 1957 ਵਿੱਚ ਪਿੰਡ ਜਖੇਪਲ ਜ਼ਿਲ੍ਹਾ ਸੰਗਰੂਰ ਵਿੱਚ ਹੋਇਆ। ਉਸ ਪਿੱਛੋਂ ਉਹਨਾਂ ਐਮ ਏ ਫਿਜੀਕਲ ਐਜੂਕੇਸ਼ਨ, ਐਮ-ਫਿਲ, ਪੀ ਐਚ ਡੀ ਅਤੇ ਐਨ ਆਈ ਐਸ ਐਥਲੈਟਿਕਸ ਕੀਤੀ। ਉਹਨਾਂ ਆਪਣੇ ਸਮੇਂ ਦੌਰਾਨ ਪੰਜਾਬੀ ਯੂਨੀਵਰਸਿਟੀ ਦੀ ਖੇਡਾਂ ਦੌਰਾਨ ਪ੍ਰਤਿਨਿਧਤਾ ਕਰਦਿਆਂ ਐਥਲੈਟਿਕਸ ਵਿੱਚ 800 ਮੀਟਰ ਵਿੱਚ ਮੈਡਲ ਵੀ ਜਿੱਤੇ। ਉਪਰੰਤ ਉਹ ਬਤੌਰ ਲੈਕਚਰਾਰ ਫਿਜੀਕਲ ਐਜੂਕੇਸ਼ਨ ਪਟਿਆਲ਼ਾ ਵਿੱਚ ਪੜਾਉਂਦੇ ਵੀ ਰਹੇ। ਇਸ ਪਿੱਛੋਂ ਉਹ ਪੰਜਾਬੀ ਯੂਨੀਵਰਸਿਟੀ ਵਿੱਚ ਹੀ ਡਿਪਟੀ ਰਜਿਸਟਰਾਰ ਐਡਮਿਸਟਰੇਸ਼ਨ ਫਾਈਨਿਸ ਅਫੀਸਰ ਦੇ ਅਹੁਦੇ ਤੇ ਵੀ ਰਹੇ। ਅੱਜ ਕੱਲ ਉਹ ਐਸ. ਜੀ. ਪੀ. ਸੀ. ਕੁੜੀਆ ਦਾ ਕਾਲਜ ਪਿੰਡ ਆਕੜ ਜ਼ਿਲ੍ਹਾ ਪਟਿਆਲ਼ਾ ਵਿੱਚ ਪ੍ਰਿੰਸੀਪਲ ਦੀਆਂ ਸੇਵਾਵਾਂ ਨਿਭਾ ਰਹੇ ਹਨ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਬਲਾਤਕਾਰ ਦੇ ਚਾਰ ਦੋਸ਼ੀ ਪੁਲੀਸ ਮੁਕਾਬਲੇ ’ਚ ਮਾਰੇ




**ਹੈਦਰਾਬਾਦ/ਨਿਊਜ਼ ਏ.ਟੀ. :** ਹੈਦਰਾਬਾਦ ਵਿੱਚ 27 ਨਵੰਬਰ ਨੂੰ ਮਹਿਲਾ ਵੈਟਰਨਰੀ ਡਾਕਟਰ ਨੂੰ ਸਮੂਹਿਕ ਬਲਾਤਕਾਰ ਤੋਂ ਬਾਅਦ ਸਾੜ ਕੇ ਮਾਰ ਦਿੱਤਾ ਗਿਆ ਸੀ। ਇਸ ਕਾਂਡ ਵਿਰੁੱਧ ਸਾਰੇ ਭਾਰਤ ਵਿੱਚ ਗੁੱਸੇ ਦੀ ਲਹਿਰ ਫੈਲ ਗਈ। ਔਰਤ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਸੀ ਕਿ ਜਦੋਂ ਉਹ ਪੁਲਸ ਪਾਸ ਗਏ ਤਾਂ ਪੁਲਸ ਇਹ ਕਹਿ ਕੇ ਟਾਲ-ਮਟੋਲ ਕਰਦੀ ਰਹੀ ਕਿ ਕਿਸੇ ਨਾਲ ਦੌੜ ਗਈ ਹੋਵੇਗੀ ਤੇ ਆਪੇ ਆ ਜਾਵੇਗੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਜੇਕਰ ਪੁਲਸ ਸਮੇਂ ਸਿਰ ਕਾਰਵਾਈ ਕਰਦੀ ਤਾਂ ਮਹਿਲਾ ਡਾਕਟਰ ਨੂੰ ਬਚਾਇਆ ਵੀ ਜਾ ਸਕਦਾ ਸੀ। ਹੈਦਰਾਬਾਦ ਦੇ ਲੋਕ ਸੜਕਾਂ ਉੱਤੇ ਨਿਕਲ ਕੇ ਪੁਲਸ ਵਿਰੁੱਧ ਨਾਅਰੇ ਲਾ ਰਹੇ ਸਨ। ਪੁਲਸ ਨੇ 29-30 ਨਵੰਬਰ ਦੀ ਵਿਚਕਾਰਲੀ ਰਾਤ ਨੂੰ ਚਾਰ ਕਥਿਤ ਦੋਸ਼ੀਆਂ ਮੁਹੰਮਦ ਉਰਫ਼ ਆਰਿਫ਼, ਜੋਲੂ ਨਵੀਨ, ਚੇਨ ਕੇਸ਼ਾਵੂਲੂ ਅਤੇ ਜੋਲੂ ਸ਼ਿਵਾ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਅਦਾਲਤ ਵਿਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਲੋਕਾਂ ਦਾ ਗੁੱਸਾ ਸਿਖਰ ਉੱਤੇ ਸੀ ਤੇ ਉਹ ਤੁਰੰਤ ਫ਼ਾਂਸੀ ਦੀ ਮੰਗ ਕਰ ਰਹੇ ਸਨ। ਸੰਸਦ ਵਿੱਚ ਵੀ ਮੰਗ ਹੋ ਰਹੀ ਸੀ ਕਿ ਕਥਿਤ ਦੋਸ਼ੀਆਂ ਦੀ ਲਿੰਚਿੰਗ (ਕੁੱਟ-ਕੁੱਟ ਮਾਰ ਦੇਣਾ) ਕਰ ਦੇਣੀ ਚਾਹੀਦੀ ਹੈ। ਦੋ ਦਸੰਬਰ ਨੂੰ ਪੁਲਸ ਨੇ ਅਦਾਲਤ ਤੋਂ ਮੁਲਜ਼ਮਾਂ ਦੀ ਹਿਰਾਸਤ ਮੰਗੀ ਤੇ ਅਦਾਲਤ ਨੇ 4 ਦਸੰਬਰ ਨੂੰ ਉਨ੍ਹਾਂ ਨੂੰ ਪੁਲਸ ਹਵਾਲੇ ਕਰ ਦਿੱਤਾ। 6 ਦਸੰਬਰ ਨੂੰ ਸਵੇਰੇ ਹੀ ਇਹ ਖ਼ਬਰ ਆ ਗਈ ਕਿ ਚਾਰੇ ਦੋਸ਼ੀਆਂ ਨੂੰ ਐਨਕਾਊਂਟਰ ਵਿੱਚ ਮਾਰ ਦਿੱਤਾ ਗਿਆ ਹੈ। ਪੁਲਸ ਮੁਤਾਬਕ ਮੁਲਜ਼ਮਾਂ ਨੂੰ ਜਦੋਂ ਘਟਨਾ ਸਥਾਨ ਉੱਤੇ ਲਿਜਾਇਆ ਗਿਆ ਤਾਂ ਉਨ੍ਹਾਂ ਪੁਲਸ ਦੇ ਹਥਿਆਰ ਖੋਹ ਕੇ ਪੁਲਸ ਉਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਦੌਰਾਨ ਚਾਰੇ ਮੁਲਜ਼ਮ ਪੁਲਸ ਦੀ ਜਵਾਬੀ ਫਾਇਰਿੰਗ ਵਿੱਚ ਮਾਰੇ ਗਏ। ਪੁਲਸ ਵੱਲੋਂ ਚਾਰਾਂ ਦੀਆਂ ਲਾਸ਼ਾਂ ਨੂੰ ਕਈ ਘੰਟਿਆਂ ਤੱਕ ਉੱਥੇ ਹੀ ਰੱਖਿਆ ਗਿਆ ਤਾਂ ਜੋ ਲੋਕਾਂ ਦੀ ਵਾਹ-ਵਾਹ ਹਾਸਲ ਕੀਤੀ ਜਾ ਸਕੇ। ਭੀੜ ਨੇ ਮੁਲਜ਼ਮਾਂ ਨੂੰ ਮਾਰਨ ਵਾਲੇ ਪੁਲਸੀਆਂ ਉੱਤੇ ਫੁੱਲ ਵਰਖਾ ਕੀਤੀ। ਹੈਦਰਾਬਾਦ ਤੋਂ ਦਿੱਲੀ ਤੱਕ ਪੁਲਸ ਦੀ ਇਸ ਕਾਰਵਾਈ ਨੂੰ ਵਡਿਆਇਆ ਗਿਆ, ਪਰ ਪੁਲਸ ਦੀ ਪ੍ਰਸ਼ੰਸਾ ਕਰਨ ਵਾਲਿਆਂ ਦੇ ਮੋਬਾਇਲ ਸੁਨੇਹਿਆਂ ਵਿੱਚ ਕਿਸੇ ਨੇ ਵੀ ਪੁਲਸ ਵੱਲੋਂ ਘੜੀ ਗਈ ਐਨਕਾਊਂਟਰ ਦੀ ਕਹਾਣੀ ਨੂੰ ਸੱਚ ਨਹੀਂ ਮੰਨਿਆ, ਸਗੋਂ ਇਹੋ ਲਿਖਦੇ ਰਹੇ ਕਿ ਭਾਵੇਂ ਮੁਕਾਬਲਾ ਝੂਠਾ ਹੀ ਹੋਵੇ, ਹੋਣਾ ਇਹੋ ਚਾਹੀਦਾ ਸੀ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਹੈਦਰਾਬਾਦ ਵਿੱਚ ਹੋਇਆ ਐਨਕਾਊਂਟਰ ਮੁਲਜ਼ਮਾਂ ਦਾ ਐਨਕਾਊਂਟਰ ਨਹੀਂ, ਸਗੋਂ ਸਾਡੀ ਨਿਆਂ ਵਿਵਸਥਾ ਦਾ ਐਨਕਾਊਂਟਰ ਹੈ। ਇਹ ਉਸ ਕਾਨੂੰਨ-ਵਿਵਸਥਾ, ਪੁਲਸ ਤੇ ਪ੍ਰਸ਼ਾਸਨਕ ਢਾਂਚੇ ਦਾ ਐਨਕਾਊਂਟਰ ਹੈ, ਜਿਸ ਵਿੱਚ ਨਿਆਂ ਹਾਸਲ ਕਰਨ ਲਈ ਨਿਕਲੀ ਉਨਾਵ ਦੀ ਬਲਾਤਕਾਰ ਪੀੜਤਾ ਨੂੰ ਰਸਤੇ ਵਿੱਚ ਹੀ ਸਾੜ ਦਿੱਤਾ ਜਾਂਦਾ ਹੈ।

## ਨੋਟਿਸ ਲਵੇ ਸੁਪਰੀਮ ਕੋਰਟ-ਮਾਇਆਵਤੀ

ਬਸਪਾ ਮੁਖੀ ਮਾਇਆਵਤੀ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਉਹ ਔਰਤਾਂ ਖ਼ਿਲਾਫ਼ ਅਪਰਾਧ ਦੀਆਂ ਵੱਧ ਰਹੀਆਂ ਘਟਨਾਵਾਂ ਦਾ ਖ਼ੁਦ ਨੋਟਿਸ ਲਵੇ । ਮਾਇਆਵਤੀ ਨੇ ਕਿਹਾ ਕਿ ਸੂਬੇ ਵਿਚ ਜਦ ਤੋਂ ਭਾਜਪਾ ਸਰਕਾਰ ਸੱਤਾ ਵਿਚ ਆਈ ਹੈ ਤਦ ਤੋਂ ਔਰਤਾਂ ਸੁਰੱਖਿਅਤ ਨਹੀਂ ਹਨ।

## ਪ੍ਰਿਅੰਕਾ ਵਲੋਂ ਯੋਗੀ ਸਰਕਾਰ ਨੂੰ ਤਾੜਨਾ

ਪੀੜਤ ਦੇ ਪਰਵਾਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਯੂ ਪੀ ਵਿਚ ਅਪਰਾਧੀ ਬੇਖੌਫ਼ ਘੁੰਮ ਰਹੇ ਹਨ। ਪੀੜਤਾ ਦੇ ਪਰਵਾਰ ਨੂੰ ਪੂਰਾ ਇੱਕ ਸਾਲ ਤੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਦੋਸ਼ੀਆਂ ਨੇ ਲੜਕੀ ਦੇ ਪਿਤਾ ਨੂੰ ਘਰ ਵਿਚ ਵੜ ਕੇ ਬੁਰੀ ਤਰ੍ਹਾਂ ਨਾਲ ਕੁੱਟਿਆ। ਪ੍ਰਿਅੰਕਾ ਨੇ ਦੋਸ਼ ਲਾਇਆ ਕਿ ਦੋਸ਼ੀਆਂ ਦਾ ਪਰਵਾਰ ਭਾਜਪਾ ਨਾਲ ਜੁੜਿਆ ਹੋਇਆ ਹੈ। ਸ਼ਾਇਦ ਇਸ ਲਈ ਉਨ੍ਹਾਂ ਨੂੰ ਬਚਾਇਆ ਜਾ ਰਿਹਾ ਹੈ। ਇਸ ’ਤੇ ਯੋਗੀ ਸਰਕਾਰ ਦੀ ਜਵਾਬਦੇਹੀ ਤਾਂ ਬਣਦੀ ਹੈ। ਪ੍ਰਿਅੰਕਾ ਨੇ ਅੱਗੇ ਕਿਹਾ, ‘ਦੋਸ਼ੀ ਪਿੰਡ ਦੇ ਪ੍ਰਧਾਨ ਦਾ ਪੁੱਤਰ ਹੈ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਦਾ ਪਰਵਾਰ ਭਾਜਪਾ ਨਾਲ ਜੁੜਿਆ ਹੋਇਆ ਹੈ। ਹੋ ਸਕਦਾ ਹੈ ਕਿ ਇਨ੍ਹਾਂ ਦੀ ਰੱਖਿਆ ਹੋ ਰਹੀ ਹੈ, ਪਹਿਲਾਂ ਵੀ ਇਸ ਤਰ੍ਹਾਂ ਅਪਰਾਧੀ ਬਚਾਏ ਜਾਂਦੇ ਰਹੇ।

## ਤੇਲੰਗਾਨਾ ਦੇ ਮੰਤਰੀ ਵਲੋਂ ਐਨਕਾਊਂਟਰ ਜਾਇਜ਼

ਤੇਲੰਗਾਨਾ ਦੇ ਪਸ਼ੂ ਪਾਲਣ ਮੰਤਰੀ ਤਲਸਾਨੀ ਸ੍ਰੀਨਿਵਾਸ ਯਾਦਵ ਨੇ ਵੈਟਰਨਰੀ ਡਾਕਟਰ ਨਾਲ ਗੈਂਗਰੇਪ ਤੋਂ ਬਾਅਦ ਉਸ ਦਾ ਕਤਲ ਕਰਨ ਦੇ ਮੁਲਜ਼ਮਾਂ ਦੇ ਪੁਲਸ ਐਨਕਾਊਂਟਰ ਨੂੰ ਜਾਇਜ਼ ਠਹਿਰਾਇਆ ਹੈ। ਉਨ੍ਹਾਂ ਕਿਹਾ, ‘ਇਸ ਰਾਹੀਂ ਅਸੀਂ ਇਕ ਸੰਦੇਸ਼ ਦਿੱਤਾ ਹੈ ਕਿ ਜੇ ਅਜਿਹਾ ਕੁਝ ਕਰਦੇ ਹੋ, ਜੋ ਬਹੁਤ ਗਲਤ ਤੇ ਕਰੂਰ ਹੈ ਤਾਂ ਐਨਕਾਊਂਟਰ ਹੋਵੇਗਾ।’ ਇਸ ਤੋਂ ਪਹਿਲਾਂ ਟਰਾਂਸਪੋਰਟ ਮੰਤਰੀ ਅਜੈ ਕੁਮਾਰ ਨੇ ਕਿਹਾ ਸੀ, ‘ਅਸੀਂ ਦਿਖਾਇਆ ਹੈ ਕਿ ਜੇ ਕੋਈ ਸਾਡੀਆਂ ਧੀਆਂ ’ਤੇ ਬੁਰੀ ਨਜ਼ਰ ਰੱਖੇਗਾ ਤਾਂ ਅਸੀਂ ਉਸ ਦੀਆਂ ਅੱਖਾਂ ਕੱਢ ਲਵਾਂਗੇ।’

## ਜਸਟਿਸ ਸੋਢੀ ਵਲੋਂ ਨਿਖੇਧੀ

ਹੈਦਰਾਬਾਦ ਵਿਚ ਕਥਿਤ ਪੁਲਸ ਮੁਕਾਬਲੇ ਵਿਚ ਰੇਪ ਦੇ ਚਾਰ ਮੁਲਜ਼ਮਾਂ ਦੇ ਮਾਰੇ ਜਾਣ ’ਤੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਆਰ ਐੱਸ ਸੋਢੀ ਨੇ ਕਿਹਾ ਹੈ ਕਿ ਅਦਾਲਤ ਨੇ ਚੌਹਾਂ ਮੁਲਜ਼ਮਾਂ ਨੂੰ ਪੁਲਸ ਦੀ ਹਿਰਾਸਤ ਵਿਚ ਭੇਜਿਆ ਸੀ। ਉਨ੍ਹਾਂ ਦੀ ਰਾਖੀ ਤੇ ਦੇਖਭਾਲ ਪੁਲਸ ਦਾ ਧਰਮ ਸੀ। ਇਹ ਕਹਿ ਦੇਣਾ ਕਿ ਉਹ ਭੱਜ ਰਹੇ ਸਨ। ਉਹ ਭੱਜ ਕਿਵੇਂ ਸਕਦੇ ਸਨ? ਪੁਲਸ ਵਾਲੇ 15 ਤੇ ਉਹ 4 ਸਨ। ਉਨ੍ਹਾਂ ਪੱਥਰ ਮਾਰੇ ਤਾਂ 15 ਪੁਲਸ ਵਾਲੇ ਉਨ੍ਹਾਂ ਨੂੰ ਫੜ ਨਹੀਂ ਸਕਦੇ ਸਨ। ਪੱਥਰ ਨਾਲ ਜੇ ਜ਼ਖਮ ਹੋਇਆ ਤਾਂ ਪੱਥਰ ਮਾਰਨ ਵਾਲਾ ਕਿੰਨੀ ਦੂਰ ਹੋਵੇਗਾ। ਇਹ ਕਹਾਣੀ ਜਲਦਬਾਜ਼ੀ ਵਿਚ ਬਣਾ ਦਿੱਤੀ ਗਈ। ਆਰਾਮ ਨਾਲ ਬਣਾਉਂਦੇ ਤਾਂ ਥੋੜ੍ਹੀ ਠੀਕ ਹੁੰਦੀ। ਉਨ੍ਹਾ ਨੂੰ ਇਹ ਕਹਾਣੀ ਜਚੀ ਨਹੀਂ। ਇਹ ਹਿਰਾਸਤ ਵਿਚ ਕਤਲ ਹੈ ਤੇ ਕਾਨੂੰਨ ਦਾ ਕਤਲ ਹੈ। ਇਸ ਦੀ ਜਾਂਚ ਬੇਹੱਦ ਜ਼ਰੂਰੀ ਹੈ।

ਜਸਟਿਸ ਸੋਢੀ ਨੇ ਕਿਹਾ ਕਿ ਪੁਲਸ ਅਦਾਲਤੀ ਕਾਰਵਾਈ ਨੂੰ ਆਪਣੇ ਹੱਥ ਵਿਚ ਲੈ ਲਵੇ ਤਾਂ ਉਸ ਦਾ ਕਦਮ ਕਦੇ ਵੀ ਜਾਇਜ਼ ਨਹੀਂ ਹੋ ਸਕਦਾ।




ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਕਮਲਾ ਹੈਰਿਸ ਅਮਰੀਕੀ ਰਾਸ਼ਟਰਪਤੀ ਦੀ ਨਾਮਜ਼ਦਗੀ ਚੋਣ ਦੌੜ ਵਿਚੋਂ ਲਾਂਭੇ ਹੋਈ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :** ਭਾਰਤੀ ਮੂਲ ਦੀਆਂ ਬਹੁਤ ਸਾਰੀਆਂ ਮਹਿਲਾਵਾਂ ਲਈ ਇਹ ਜਜ਼ਬਾਤੀ ਪਲ ਸਨ ਜਦੋਂ ਕੈਲੀਫੋਰਨੀਆ ਦੀ ਸੈਨੇਟਰ ਕਮਲਾ ਹੈਰਿਸ ਨੇ ਰਾਸ਼ਟਰਪਤੀ ਦੀ ਨਾਮਜ਼ਦਗੀ ਚੋਣ ਦੌੜ ਵਿਚੋਂ ਹਟਣ ਦਾ ਫੈਸਲਾ ਕੀਤਾ। ਹੈਰਿਸ



ਜਿਸ ਨੂੰ ਕਿਸੇ ਵੇਲੇ ਸਾਬਕਾ ਰਾਸ਼ਟਰਪਤੀ ਉਬਾਮਾ ਦੀ ਜਾਨਸ਼ੀਨ ਵਜੋਂ ਵੇਖਿਆ ਜਾਣ ਲੱਗਾ ਸੀ ਨੇ ਇਕ ਈ ਮੇਲ ਰਾਹੀਂ ਆਪਣੇ ਹਮਾਇਤੀਆਂ ਨੂੰ ਦੱਸਿਆ ਹੈ ਕਿ 'ਉਹ ਰਾਸ਼ਟਰਪਤੀ ਦੀ ਦੌੜ ਵਿਚੋਂ ਵਿੱਤੀ ਸਾਧਨਾਂ ਦੀ ਅਣਹੋਂਦ ਕਾਰਨ ਲਾਂਭੇ ਹੋ ਰਹੀ ਹੈ। ਮੈ ਪਿੱਛਲੇ ਕਈ ਦਿਨਾਂ ਤੋਂ ਹਰ ਦ੍ਰਿਸ਼ਟੀਕੋਨ ਤੋਂ ਸੋਚਿਆ ਹੈ ਤੇ ਹਾਲਾਤ ਦਾ ਜਾਇਜ਼ਾ ਲਿਆ ਹੈ। ਆਖਿਰਕਾਰ ਮੈਨੂੰ ਆਪਣੇ ਜੀਵਨ ਦਾ ਸਖਤ ਫੈਸਲਾ ਲੈਣਾ ਪਿਆ ਹੈ। ਰਾਸ਼ਟਰਪਤੀ ਚੋਣ ਲਈ ਮੁਹਿੰਮ ਚਲਾਉਣ ਵਾਸਤੇ ਵਿੱਤੀ ਸਾਧਨਾਂ ਦੀ ਲੋੜ ਹੈ ਜੋ ਸਾਡੇ ਕੋਲ ਨਹੀਂ ਹਨ।" ਉਸ ਨੇ ਆਪਣੇ ਵਿਅੰਗਮਈ ਅੰਦਾਜ਼ ਵਿਚ ਆਪਣੇ ਸਾਥੀ ਡੈਮੋਕਰੈਟਿਕ ਉਮੀਦਵਾਰਾਂ ਟੌਮ ਸਟੀਅਰ ਤੇ ਮਾਈਕਲ ਬਲੂਮਬਰਗ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ " ਮੈਂ ਅਰਬਪਤੀ ਨਹੀਂ ਹਾਂ। ਮੇਰੇ ਕੋਲ ਆਪਣੀ ਮੁਹਿੰਮ ਚਲਾਉਣ ਲਈ ਪੈਸਾ ਨਹੀਂ ਹੈ। ਜਿਉਂ ਜਿਉਂ ਮੁਹਿੰਮ ਅੱਗੇ ਵਧ ਰਹੀ ਹੈ, ਪੈਸਾ ਜੁਟਾਉਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ।" ਭਾਰਤੀ ਮੂਲ ਦੇ ਕੈਂਸਰ ਖੋਜ਼ੀ ਸਵਰਗੀ ਸ਼ਿਆਮਲਾ ਗੋਪਾਲਨ ਦੀ ਧੀ ਹੈਰਿਸ ਨੇ ਆਪਣੇ ਹਮਾਇਤੀਆਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਅੱਜ ਤੋਂ ਹੀ ਆਪਣੀ ਮੁਹਿੰਮ ਰੋਕ ਰਹੀ ਹੈ।

# ਸਿੱਖ ਭਾਈਚਾਰੇ ਦੇ ਦਬਾਅ ਮਗਰੋਂ ਐਲਹੰਬਰੇ ਪ੍ਰੋਜੈਕਟ ਰੱਦ ਹੋਇਆ





### ਗੁਰਦੁਆਰਾ ਸਾਹਿਬ ਦੀ ਥਾਂ ਉਸਾਰਿਆ ਜਾਣਾ ਸੀ ਕੌਂਡੋ ਪ੍ਰੋਜੈਕਟ

**ਐਲਹੰਬਰੇ/ ਏ.ਟੀ. ਨਿਊਜ਼ :** ਕੈਲੀਫੋਰਨੀਆ ਵਿਚ ਐਲਹੰਬਰੇ ਵਿਖੇ ਪਿਛਲੇ 43 ਸਾਲ ਤੋਂ ਸਿੱਖ ਸੰਗਤ ਦੀ ਆਸਥਾ ਅਤੇ ਸ਼ਰਧਾ ਦੇ ਕੇਂਦਰ ਸਿੱਖ ਗੁਰਦੁਆਰਾ ਸਾਹਿਬ ਦੀ ਜਗ੍ਹਾ ਲਾਊਸ ਪਰਿਵਾਰ ਵਲੋਂ ਕੌਂਡੋ ਪ੍ਰੋਜੈਕਟ ਦੀ ਉਸਾਰੀ ਦੀ ਪ੍ਰਵਾਨਗੀ ਅਮਰੀਕਾ ਦੇ ਮਕਾਨ ਉਸਾਰੀ ਕਮਿਸ਼ਨਰੇਟ ਨੇ ਰੱਦ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਫੈਡਰਲ ਹਾਊਸਿੰਗ ਕਮਿਸ਼ਨਰ ਦੇ ਦਫ਼ਤਰ ਨੇ ਇਸ ਥਾਂ ਤੇ ਹਾਊਸਿੰਗ, ਪ੍ਰੋਜੈਕਟ ਦੀ ਮਨਜ਼ੂਰੀ ਦੇ ਦਿੱਤੀ ਸੀ ਅਤੇ ਸਿੱਖਾਂ ਦੇ ਭਾਰੀ ਵਿਰੋਧ ਮਗਰੋਂ ਕਮਿਸ਼ਨਰ ਦਫ਼ਤਰ ਵਲੋਂ ਇਸ ਮਾਮਲੇ ਵਿਚ ਖੁੱਲ੍ਹੀ ਸੁਣਵਾਈ ਰੱਖੀ ਗਈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਸੰਤੋਖ ਸਿੰਘ ਨੇ ਇਸ ਸੁਣਵਾਈ ਦੌਰਾਨ ਵਿਸਥਾਰ ਵਿਚ ਦੱਸਿਆ ਕਿ ਗੁਰਦੁਆਰਾ ਸਾਹਿਬ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਜਿੱਥੇ ਉਹ ਪਿਛਲੇ 43 ਸਾਲ ਤੋਂ ਆਪਣੇ ਇਸ਼ਟ ਦੀ ਪੂਜਾ ਕਰਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਸਿੱਖਾਂ ਲਈ ਸਿਰਫ਼ ਧਾਰਮਿਕ ਸਥਾਨ ਹੀ ਨਹੀਂ ਸਗੋਂ ਸਿੱਖਾਂ ਦਾ ਸਮਾਜਿਕ ਅਤੇ ਸੱਭਿਆਚਾਰਕ ਕੇਂਦਰ ਵੀ ਹੈ ਜਿੱਥੇ ਉਹ ਆਪਣੇ ਭਾਈਚਾਰੇ ਦੀ ਤਰੱਕੀ ਲਈ ਵਿਚਾਰ ਚਰਚਾ ਕਰਦੇ ਹਨ ਅਤੇ ਗੁਰੂ ਸਾਹਿਬਾਨ ਅਤੇ ਹੋਰ ਇਤਿਹਾਸਕ ਹਸਤੀਆਂ ਦੇ ਦਿਹਾੜੇ ਮਨਾਉਂਦੇ ਹਨ। ਇਸ ਸਬੰਧੀ ਯੋਜਨਾ ਕਮਿਸ਼ਨਰ ਨੇ ਸਿੱਖਾਂ ਨੂੰ ਨਵੇਂ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਕਿਸੇ ਹੋਰ ਥਾਂ ਜਗ੍ਹਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਸਿੱਖਾਂ ਨੇ ਇਸ ਨੂੰ ਠੁਕਰਾ ਦਿੱਤਾ। ਇਸ ਤੋਂ ਪਹਿਲਾਂ 2005 ਵਿਚ ਤਤਕਾਲੀ ਪ੍ਰਧਾਨ ਨੇ ਲਾਊ ਪਰਿਵਾਰ ਨਾਲ 625,000 ਵਿਚ ਇਸ ਜਗ੍ਹਾ ਦਾ ਸੌਦਾ ਕਰ ਲਿਆ ਸੀ ਪਰ ਸਿੱਖ ਸੰਗਤ ਨੇ ਇਸ ਨੂੰ ਨਾਮਨਜ਼ੂਰ ਕਰ ਦਿੱਤਾ ਅਤੇ ਇਸੇ ਸਥਾਨ ਤੇ ਜਾ ਕੇ ਮੱਥਾ ਟੇਕਦੇ ਰਹੇ ਅਤੇ ਉਨ੍ਹਾਂ ਨੇ ਇਹ ਸਥਾਨ ਲਾਊ ਪਰਿਵਾਰ ਤੋਂ ਕਿਰਾਏ ਤੇ ਲੈ ਲਿਆ। ਦਸੰਬਰ ਮਹੀਨੇ ਦੇ ਸ਼ੁਰੂ ਵਿਚ ਹੋਈ ਪਬਲਿਕ ਸੁਣਵਾਈ ਦੌਰਾਲ ਸਿੱਖ ਭਾਈਚਾਰੇ ਦੇ ਪਤਵੰਤਿਆਂ ਨੇ ਸ਼ਿਰਕਤ ਕੀਤੀ ਅਤੇ ਪ੍ਰਧਾਨ ਸੰਤੋਖ ਸਿੰਘ ਨੇ ਆਪਣਾ ਪੱਖ ਰੱਖਿਆ। ਲਾਊ ਪਰਿਵਾਰ ਵਲੋਂ ਉਨ੍ਹਾਂ ਦੇ ਵਕੀਲ ਨੇ ਆਪਣਾ ਪੱਖ ਰੱਖਿਆ ਪਰ ਸੁਣਵਾਈ ਮਗਰੋਂ ਕਮਿਸ਼ਨਰ ਨੇ ਇਸ ਜਗ੍ਹਾ ਤੇ ਪ੍ਰੋਜੈਕਟ ਲਈ ਦਿੱਤੀ ਗਈ ਪ੍ਰਵਾਨਗੀ ਮਨਸੂਖ ਕਰ ਦਿੱਤੀ।

# ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਵਿਖੇ ਦੋ ਰੋਜ਼ਾ ਸਮਾਗਮਾਂ ਵਿੱਚ ਸਿੱਖੀ ਕੈਂਪ ਤੇ ਸਨਮਾਨ ਸਮਾਰੋਹ ਦਾ ਆਯੋਜਨ

### ਪੰਜਾਬੀ ਅਕਾਦਮੀ ਸਕੂਲ ਦੇ ਸਾਲਾਨਾ ਇਮਤਿਹਾਨ ਪਾਸ ਕਰਨ ਵਾਲੇ ਬੱਚਿਆਂ ਦਾ ਸਨਮਾਨ



**ਲੰਡਨ, ਗਲਾਸਗੋ /ਮਨਦੀਪ ਖੁਰਮੀ ਹਿੰਮਤਪੁਰਾ:** ਸਕਾਟਲੈਂਡ ਦੇ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਵਜੋਂ ਪ੍ਰਚਾਰਿਤ ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਵਿਖੇ ਬੱਚਿਆਂ ਨੂੰ ਪੰਜਾਬੀਅਤ ਨਾਲ ਜੋੜੀ ਰੱਖਣ ਲਈ ਗਤੀਵਿਧੀਆਂ ਅਕਸਰ ਹੀ ਹੁੰਦੀਆਂ ਰਹਿੰਦੀਆਂ ਹਨ। ਸਫ਼ਲਤਾ ਪੂਰਵਕ ਨੇਪਰੇ ਚੜ੍ਹੇ ਦੋ ਰੋਜ਼ਾ ਸਮਾਗਮਾਂ ਦੇ ਪਹਿਲੇ ਦਿਨ ਸਿੱਖੀ ਟੂ ਇਨਸਪਾਇਰ ਸੰਸਥਾ ਵੱਲੋਂ ਗਿਆਨੀ ਸੁਖਰਾਜ ਸਿੰਘ ਵੱਲੋਂ ਸ਼ਿਰਕਤ ਕੀਤੀ ਗਈ। 130 ਦੇ ਲਗਭਗ ਬੱਚਿਆਂ ਤੇ ਬਾਲਗਾਂ ਨੇ ਹਿੱਸਾ ਲੈਂਦਿਆਂ ਸਿੱਖ ਵਿਦਵਾਨਾਂ ਕੋਲੋਂ ਦੇਗ ਬਨਾਉਣ, ਸਿੱਖ ਇਤਿਹਾਸ, ਸਿੱਖ ਰਹਿਤ ਮਰਿਆਦਾ ਸਮੇਤ ਹੋਰ ਬਹੁਤ ਸਾਰੀ ਅਮੁੱਲੀ ਜਾਣਕਾਰੀ ਹਾਸਲ ਕੀਤੀ। ਭਾਈ ਸਾਹਿਬ ਗੁਰਸ਼ੇਰ ਸਿੰਘ ਵੱਲੋਂ ਬੱਚਿਆਂ ਨੂੰ ਦੁਮਾਲੇ ਅਤੇ ਕੇਸਕੀ ਸਜਾਉਣ ਦੀ ਸਿਖਲਾਈ ਦਿੱਤੀ ਗਈ। ਸ਼ੰਕਾ ਨਵਿਰਤੀ ਲਈ ਗਿਆਨੀ ਸੁਖਰਾਜ ਸਿੰਘ ਵੱਲੋਂ ਹਾਜਰੀਨ ਦੇ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ ਗਏ। ਸਮਾਗਮ ਦੇ ਦੂਜੇ ਦਿਨ ਇਸੇ ਗੁਰੂਘਰ ਅਧੀਨ ਚਲਦੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਪੰਜਾਬੀ ਅਕਾਦਮੀ ਸਕੂਲ ਵੱਲੋਂ ਪੰਜਾਬੀ ਦੇ ਇਮਤਿਹਾਨਾਂ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕਰਨ ਹਿਤ ਵਿਸ਼ਾਲ ਸਮਾਗਮ ਦਾ ਆਯੋਜਨ ਕੀਤਾ ਗਿਆ। ਸਕੂਲ ਪ੍ਰਮੁੱਖ ਬੀਬੀ ਅਮਰਜੀਤ ਕੌਰ, ਸਤਬਿੰਦਰ ਕੌਰ ਸੰਧੂ, ਕਮਲਜੀਤ ਕੌਰ, ਪਰਮਜੀਤ ਕੌਰ, ਗੁੰਜਨ ਕੌਰ, ਮਨਪ੍ਰੀਤ ਕੌਰ, ਸੁਰਿੰਦਰ ਕੌਰ ਪੱਡਾ, ਰਵਿੰਦਰ ਸਿੰਘ, ਨਸੀਬ ਸਿੰਘ, ਭੁਪਿੰਦਰ ਕੌਰ, ਸੁਖਜੋਤ ਕੌਰ ਗੋਸਲ, ਸਰਬਜੀਤ ਕੌਰ ਢਿੱਲੋਂ, ਸਰਬਜੀਤ ਕੌਰ ਅਧਿਆਪਕਾਂ ਦੀ ਮਿਹਨਤ ਸਦਕਾ ਏ ਐੱਸ ਲੈਵਲ, ਏ ਲੈਵਲ ਅਤੇ ਜੀ ਸੀ ਐੱਸ ਈ ਪਾਸ ਕਰਨ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ। ਸਨਮਾਨ ਸਮਾਰੋਹ ਦੌਰਾਨ ਬੋਲਦਿਆਂ ਸ੍ਰੀਮਤੀ ਅਮਰਜੀਤ ਕੌਰ ਨੇ ਕਿਹਾ ਕਿ ਉਹਨਾਂ ਦੇ ਸਾਰੇ ਸਾਥੀ ਅਧਿਆਪਕਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਜਿਹੜੇ ਮਾਪੇ ਆਪਣੇ ਕੀਮਤੀ ਸਮੇਂ 'ਚੋਂ ਵਿਹਲ ਕੱਢ ਕੇ ਬੱਚੇ ਉਹਨਾਂ ਕੋਲ ਪੜ੍ਹਨ ਭੇਜਦੇ ਹਨ, ਉਹਨਾਂ ਬੱਚਿਆਂ ਨੂੰ ਪੂਰੀ ਲਗਨ ਨਾਲ ਪੰਜਾਬੀ ਵਿੱਚ ਨਿਪੁੰਨ ਕਰਨ ਲਈ ਪੂਰੀ ਵਾਹ ਲਗਾਈ ਜਾਵੇ। ਇਸੇ ਮਿਹਨਤ ਦਾ ਹੀ ਨਤੀਜ਼ਾ ਹੈ ਕਿ ਸਕੂਲ ਦੇ ਬੱਚਿਆਂ ਨੇ ਇਹਨਾਂ ਇਮਤਿਹਾਨਾਂ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਦਰਜ਼ ਕੀਤੀਆਂ ਹਨ। ਗੁਰੂਘਰ ਕਮੇਟੀ ਦੇ ਮੁੱਖ ਸੇਵਾਦਾਰਾਂ ਸੁਰਜੀਤ ਸਿੰਘ ਚੌਧਰੀ (ਐੱਮ ਬੀ ਈ), ਨਿਰੰਜਨ ਸਿੰਘ ਬਿਨਿੰਗ, ਗੁਰਨਾਮ ਸਿੰਘ ਧਾਮੀ, ਡਾ: ਇੰਦਰਜੀਤ ਸਿੰਘ, ਮੇਲਾ ਸਿੰਘ ਧਾਮੀ, ਬਲਦੇਵ ਸਿੰਘ ਪੱਡਾ, ਜਸਪਾਲ ਸਿੰਘ ਖਹਿਰਾ, ਪਰਮਜੀਤ ਸਿੰਘ ਸਮਰਾ ਦੀ ਦੇਖਰੇਖ ਹੇਠ ਹੋਏ ਇਹਨਾਂ ਸਮਾਗਮਾਂ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਲੈ ਕੇ ਆਨੰਦ ਮਾਣਿਆ।

# ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਮਡਿਸਟੋ ਏਰੀਏ ਦੇ ਸਮੂਹ ਪੰਜਾਬੀਆਂ ਵੱਲੋਂ ਬੇਮਿਸਾਲ ਹੁੰਗਾਰਾ

**ਮਡਿਸਟੋ : ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਸਥਾਨਿਕ ਸਨਲਾਈਟ ਇੰਡੀਅਨ ਕੁਜ਼ੀਨ ਰੈਸਟੋਰੈਂਟ ਵਿੱਚ ਆਪਣਾ ਵਿਰਸਾ ਐਸੋਸੀਏਸ਼ਨ ਮਡਿਸਟੋ ਦੇ ਉਦਮ ਸਦਕਾ ਇੱਕ ਵਿਸ਼ੇਸ਼ ਫੰਡ ਰੇਜ਼ਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲ੍ਹੀ ਪਾਏ। ਇਥੇ ਇਹ ਗੱਲ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2004 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ਼ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਦੀ ਸ਼ੁਰੂਆਤ ਹੋਸਟ ਹਰਸਿਮਰਨ ਸਿੰਘ ਸੰਗਰਾਮ ਨੇਂ ਸ਼ਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ ਅਤੇ ਉਹਨਾਂ ਨੇ ਸਹਾਇਤਾ ਸੰਸਥਾ ਦੇ ਕੰਮਾ ਨੂੰ ਸਲਾਹਿਆ ਅਤੇ ਸੰਸਥਾ ਦੀ ਹਰ ਤਰਾਂ ਦੀ ਮੱਦਦ ਲਈ ਵਚਨ-ਬੱਧਤਾ ਪ੍ਰਗਟਾਈ। ਡਾ. ਹਰਕੇਸ਼ ਸੰਧੂ ਨੇਂ ਸੰਸਥਾ ਦੇ ਇਤਿਹਾਸ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ। ਵਿੰਦਰ ਢਿੱਲੋਂ ਦੀ ਜੁਬਾਨੀਂ ਅਨਾਥ ਬੱਚੇ ਬੱਚੀਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨੰਮ ਹੋ ਗਈ। ਸਰੂਪ ਸਿੰਘ ਝੱਜ ਨੇ ਇਸ ਮੌਕੇ ਪੰਜਾਬ ਅੰਦਰ ਹੜ ਪੀੜਤਾਂ ਦੀ ਸਹਾਇਤਾ ਵੱਲੋਂ ਕੀਤੀ ਮੱਦਦ ਸਬੰਧੀ ਰਿਪੋਰਟ ਵੀ ਆਏ ਦਾਨੀ ਸੱਜਣਾਂ ਨਾਲ ਸਾਂਝੀ ਕੀਤੀ, ਇਸ ਮੌਕੇ ਉਹਨਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਪ੍ਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ। ਗਾਇਕ ਤੇਜ਼ ਹੁੰਦਲ਼ ਨੇ ਖ਼ੂਬਸੂਰਤ ਗੀਤ 'ਮੁੜ ਵੇਖਣ ਨੂੰ ਮਿਲ ਗਿਆ ਤੇਰਾ ਨਨਕਾਣਾ' ਨਾਲ ਹਾਜ਼ਰੀ ਲਵਾਈ। ਇਸ ਮੌਕੇ ਭਾਈ ਗੁਰਦੇਵ ਸਿੰਘ ਤੇ ਭਾਈ ਹਰਦੀਪ ਸਿੰਘ ਨੇ ਕਵਿਸ਼ਰੀ ਨਾਲ ਖ਼ੂਬ ਰੰਗ ਬੰਨਿਆ। ਵਸਦਾ ਪੰਜਾਬ ਭੰਗੜਾ ਅਕਾਡਮੀ ਦੇ ਬੱਚਿਆ ਨੇ ਗਿੱਧੇ ਭੰਗੜੇ ਦੇ ਜੌਹਰ ਵਿਖਾਏਂ। ਇਸ ਮੌਕੇ ਦਾਨੀਂ ਸੱਜਣਾਂ ਨੇ ਸਹਾਇਤਾ ਸੰਸਥਾ ਦੇ ਕਾਰਕੁਨਾਂ ਦਾ ਤਾੜੀਆਂ ਮਾਰਕੇ ਉਹਨਾਂ ਦੁਆਰਾ ਕੀਤੇ ਜਾ ਰਹੇ ਨਿਸ਼ਕਾਮ ਕਾਰਜ਼ਾਂ ਲਈ ਹੌਸਲਾ ਫਿਸਾਈ ਕੀਤੀ ਗਈ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।




When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਮੁਸਲਮਾਨ ਤੇ ਕਸ਼ਮੀਰੀ ਹਿੰਦੂ ਰਾਸ਼ਟਰਵਾਦ ਦੇ ਪਰਛਾਵੇਂ ਹੇਠ

**ਅਰੁੰਧਤੀ ਰਾਇ**

(ਦੂਜੀ ਕਿਸ਼ਤ)

ਪਿਛਲੀਆਂ ਦੋ ਚੋਣਾਂ ਵਿਚ ਭਾਜਪਾ ਨੇ ਦਿਖਾ ਦਿੱਤਾ ਕਿ ਉਹ ਬਿਨਾਂ ਮੁਸਲਮ ਵੋਟਾਂ ਦੇ ਸੰਸਦ ਵਿਚ ਭਾਰੀ ਬਹੁਮਤ ਲਿਜਾ ਸਕਦੀ ਹੈ। ਨਤੀਜੇ ਵਜੋਂ ਭਾਰਤੀ ਮੁਸਲਮਾਨਾਂ ਨੂੰ ਪ੍ਰਭਾਵੀ



ਢੰਗ ਨਾਲ ਵੋਟ ਦੀ ਤਾਕਤ ਤੋਂ ਵਾਂਝਾ ਕਰ ਦਿੱਤਾ ਗਿਆ ਹੈ ਅਤੇ ਇਹ ਲੋਕ ਰਾਜਨੀਤਕ ਨੁਮਾਇੰਦਗੀ ਤੋਂ ਮਹਿਰੂਮ ਭਾਈਚਾਰਾ ਬਣਦੇ ਜਾ ਰਹੇ ਹਨ, ਜਿਨ੍ਹਾਂ ਦੀ ਕੋਈ ਆਵਾਜ਼ ਨਹੀਂ ਹੈ। ਅਲੱਗ ਅਲੱਗ ਤਰ੍ਹਾਂ ਦੇ ਕੀਤੇ ਜਾਣ ਵਾਲੇ ਅਣ-ਐਲਾਨੇ ਸਾਮਾਜਿਕ ਬਾਈਕਾਟ ਦੇ ਕਾਰਨ ਆਰਥਿਕ ਤੌਰ ’ਤੇ ਉਹ ਪਛੜਦੇ ਜਾ ਰਹੇ ਹਨ। ਸੁਰੱਖਿਆ ਦੇ ਲਈ ਉਹ ਛੋਟੇ ਛੋਟੇ ਮੁਹੱਲਿਆਂ ਵਿਚ ਸਿਮਟਦੇ ਜਾ ਰਹੇ ਹਨ। ਭਾਰਤੀ ਮੁਸਲਮਾਨਾਂ ਦੇ ਲਈ ਮੁਖ ਧਾਰਾ ਦੇ ਮੀਡੀਆ ਵਿਚ ਕੋਈ ਜਗ੍ਹਾ ਨਹੀਂ ਹੈ। ਹੁਣ ਅਸੀਂ ਸਿਰਫ਼ ਇਨ੍ਹਾਂ ਮੁਸਲਮਾਨਾਂ ਦੀ ਆਵਾਜ਼ ਟੀਵੀ ਵਿਚ ਹੀ ਸੁਣ ਸਕਦੇ ਹਾਂ, ਜਿਨ੍ਹਾਂ ਨੂੰ ਨਿਊਜ਼ ਚੈਨਲਾਂ ਵਿਚ ਪੁਰਾਤਨ ਇਸਲਾਮਿਕ ਮੌਲਾਨਾ ਦੇ ਤੌਰ ’ਤੇ ਬੁਲਾਇਆ ਜਾਂਦਾ ਹੈ, ਜੋ ਪਹਿਲਾਂ ਤੋਂ ਹੀ ਮੁਸਲਮਾਨਾਂ ਦੇ ਖਰਾਬ ਹਾਲਾਤਾਂ ਨੂੰ ਹੋਰ ਖਰਾਬ ਕਰਦੇ ਹਨ। ਅਸਲ ਵਿਚ ਇਹ ਲੋਕ ਸਰਕਾਰੀ ਏਜੰਟ ਹੀ ਹੁੰਦੇ ਹਨ, ਜਿਨ੍ਹਾਂ ਨੇ ਸਰਕਾਰ ਦੇ ਪ੍ਰਭਾਵ ਅਧੀਨ ਆਪਣਾ ਵਿਚਾਰ ਪੇਸ਼ ਕਰਨਾ ਹੁੰਦਾ ਹੈ। ਇਸ ਤੋਂ ਇਲਾਵਾ ਭਾਰਤ ਵਿਚ ਮੁਸਲਿਮ ਭਾਈਚਾਰੇ ਦੀ ਇਕੋ ਇਕ ਸਵੀਕਾਰਯੋਗ ਭਾਸ਼ਾ ਇਹ ਹੈ ਕਿ ਉਹ ਵਾਰ-ਵਾਰ ਜਨਤਕ ਅਤੇ ਭਾਰਤ ਦੇ ਝੰਡੇ ਦੇ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕਰਦੇ ਰਹਿਣ। ਕਸ਼ਮੀਰੀਆਂ ਨੂੰ ਉਨ੍ਹਾਂ ਦੇ ਇਤਿਹਾਸ ਤੇ ਉਸ ਵਿਚ ਜ਼ਿਆਦਾ ਉਨ੍ਹਾਂ ਦੇ ਭੂਗੋਲ ਦੇ ਲਈ ਸਜ਼ਾ ਦਿੱਤੀ ਜਾ ਰਹੀ ਹੈ। ਪਰ ਉਨ੍ਹਾਂ ਦੇ ਕੋਲ ਜ਼ਿੰਦਾ ਰਹਿਣ ਦਾ ਕਾਰਨ ਦੇ ਤੌਰ ’ਤੇ ਅਜ਼ਾਦੀ ਦਾ ਸੁਪਨਾ ਹੈ। ਪਰ ਭਾਰਤੀ ਮੁਸਲਮਾਨਾਂ ਨੂੰ ਤਾਂ ਡੁੱਬਦੇ ਜਹਾਜ਼ ਵਿਚ ਸਫ਼ਰ ਕਰਨਾ ਪੈਂਦਾ ਹੈ, ਜਿਸ ਦੇ ਅਨੇਕਾਂ ਸੁਰਾਖ ਹਨ ਤੇ ਇਨ੍ਹਾਂ ਸੁਰਾਖਾਂ ਨੂੰ ਆਪਣੇ ਬਚਾਓ ਦੇ ਲਈ ਭਰਨਾ ਪੈਂਦਾ ਹੈ।

ਤਰਬੇਜ਼ ਅੰਸਾਰੀ ਦੀ ਲੀਚਿੰਗ ਇਹ ਸਮਝਣ ਦੇ ਲਈ ਕਾਫੀ ਹੈ ਕਿ ਜਹਾਜ਼ ਕਿੰਨੀ ਬੁਰੀ ਤਰ੍ਹਾਂ ਟੁੱਟ ਫੁੱਟ ਗਿਆ ਹੈ ਤੇ ਇਸ ਵਿਚ ਕਿੰਨਾ ਅੰਦਰ ਤੱਕ ਜੰਗ ਲੱਗ ਗਿਆ ਹੈ। ਇੱਥੇ ਅਮਰੀਕਾ ਵਿਚ ਤੁਸੀਂ ਲੋਕ ਚੰਗੀ ਤਰ੍ਹਾਂ ਜਾਣਦੇ ਹੋ ਕਿ ਲੀਚਿੰਗ ਦਾ ਮਤਲਬ ਅਨੁਸ਼ਾਠਾਨਿਕ ਕਤਲ ਦੀ ਨੁਮਾਇਸ਼ ਜਿਸ ਵਿਚ ਕਿਸੇ ਆਦਮੀ ਜਾਂ ਔਰਤ ਨੂੰ ਇਸ ਲਈ ਮਾਰਿਆ ਜਾਂਦਾ ਹੈ ਕਿ ਉਨ੍ਹਾਂ ਦੇ ਭਾਈਚਾਰੇ ਨੂੰ ਦੱਸਿਆ ਜਾ ਸਕੇ ਕਿ ਉਨ੍ਹਾਂ ਦੀ ਜਾਨ ਭੀੜ ਦੇ ਰਹਿਮੋ ਕਰਮ ’ਤੇ ਟਿਕੀ ਹੋਈ ਹੈ। ਪੁਲੀਸ, ਕਾਨੂੰਨ, ਸਰਕਾਰ ਤੇ ਇੱਥੋਂ ਤੱਕ ਕਿ ਅਜਿਹੇ ਲੋਕ ਵੀ ਜੋ ਇਕ ਮੱਖੀ ਵੀ ਨਹੀਂ ਮਾਰ ਸਕਦੇ ਤੇ ਜੋ ਕੰਮ ਤੇ ਜਾਂਦੇ ਹਨ ਤੇ ਆਪਣੇ ਪਰਿਵਾਰ ਦੀ ਦੇਖਭਾਲ ਕਰਦੇ ਹਨ, ਕਾਤਲ ਭੀੜ ਦੇ ਸਹਿਯੋਗੀ ਹੁੰਦੇ ਹਨ। ਤਰਜ਼ੇਬ ਦੀ ਲਿਚਿੰਗ ਇਸ ਸਾਲ ਜੂਨ 2019 ਵਿਚ ਹੋਈ ਸੀ। ਉਹ ਲੜਕਾ ਅਨਾਥ ਸੀ ਤੇ ਝਾਰਖੰਡ ਵਿਚ ਆਪਣੇ ਚਾਚਾ-ਚਾਚੀ ਦੇ ਘਰ ਪਲਿਆ ਸੀ। ਨੌਜਵਾਨ ਅਵਸਥਾ ਵਿਚ ਉਹ ਪੜ੍ਹਨ ਲਈ ਪੂਨੇ ਚਲਾ ਗਿਆ ਤੇ ਵੈਲਡਰ ਦੀ ਨੌਕਰੀ ਕਰਨ ਲੱਗਾ। 22 ਸਾਲ ਦੀ ਉਮਰ ਵਿਚ ਵਿਆਹ ਕਰਨ ਘਰ ਵਾਪਸ ਆਇਆ। 18 ਸਾਲ ਦੀ ਸ਼ਾਈਸਤਾ ਦੇ ਨਾਲ ਵਿਆਹ ਦੇ ਅਗਲੇ ਦਿਨ ਤਬਰੇਜ਼ ਨੂੰ ਵਹਿਸ਼ੀ ਭਗਵੀਂ ਭੀੜ ਨੇ ਘੇਰ ਲਿਆ, ਲੈਂਪ ਪੋਸਟ ਨਾਲ ਬੰਨ੍ਹ ਕੇ ਕਈ ਘੰਟੇ ਕੁੱਟਿਆ ਤੇ



ਉਸ ਤੋਂ ਮੁਸਲਮਾਨਾਂ ਵਿਰੁਧ ਸ਼ੁਰੂ ਕੀਤੇ ਭਗਵੇਂ ਯੁੱਧ ਦਾ ਨਵਾਂ ਐਲਾਨ ਕੀਤਾ ਨਾਅਰਾ ‘ਜੈ ਸ੍ਰੀ ਰਾਮ’ ਜ਼ਬਰੀ ਲਗਵਾਇਆ ਗਿਆ। ਪੁਲੀਸ ਨੇ ਦੂਸਰੇ ਦਿਨ ਉਸ ਨੂੰ ਵਹਿਸ਼ੀ ਭੀੜ ਦੇ ਇਸ਼ਾਰੇ ’ਤੇ ਹਿਰਾਸਤ ਵਿਚ ਲੈ ਲਿਆ। ਪਰ ਉਸ ਦੇ ਪਰਿਵਾਰ ਤੇ ਨਵੀਂ ਵਹੁਟੀ ਨੂੰ ਪੁਲੀਸ ਵਲੋਂ ਇਜਾਜ਼ਤ ਵੀ ਨਹੀਂ ਦਿੱਤੀ ਗਈ ਕਿ ਉਹ ਤਰਬੇਜ਼ ਨੂੰ ਹਸਪਤਾਲ ਲਿਜਾ ਸਕੇ। ਪੁਲੀਸ ਨੇ ਉਸ ’ਤੇ ਚੋਰੀ ਦਾ ਇਲਜ਼ਾਮ ਲਗਾਇਆ ਤੇ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕਰ ਦਿੱਤਾ। ਮੈਜਿਸਟ੍ਰੇਟ ਨੇ ਉਸ ਨੂੰ ਹਸਪਤਾਲ ਨਹੀਂ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ, ਜਿੱਥੇ ਉਹ ਜ਼ਖ਼ਮ ਤੇ ਪੀੜਾਂ ਝੱਲਦਾ ਚਾਰ ਦਿਨਾਂ ਬਾਅਦ ਮਰ ਗਿਆ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੀ ਤਾਜ਼ਾ ਰਿਪੋਰਟ ਵਿਚ ਬੜੀ ਸਾਵਧਾਨੀ ਨਾਲ ਮੌਬ ਲਿਚਿੰਗ ਦੇ ਅੰਕੜੇ ਗਾਇਬ ਕਰ ਦਿੱਤੇ ਗਏ। ਸਮਾਚਾਰ ਪੋਰਟਲ ਦਾ ਕਵਿੰਟ ਦੇ ਅਨੁਸਾਰ 2015 ਤੋਂ ਹੁਣ ਤੱਕ ਭਗਵੀਂ ਭੀੜ ਦੀ ਹਿੰਸਾ ਨਾਲ 113 ਲੋਕਾਂ ਦੀ ਮੌਤ ਹੋਈ। ਲਿਚਿੰਗ ਕਰਨ ਵਾਲੇ ਤੇ ਸਮੂਹਿਕ ਕਤਲੇਆਮ ਵਰਗੇ ਹੋਰ ਖਤਰਨਾਕ ਅਪਰਾਧਾਂ ਵਿਚ ਸ਼ਾਮਲ ਲੋਕਾਂ ਨੂੰ ਸਰਕਾਰੀ ਅਹੁਦੇ ਇਨਾਮ ਵਿਚ ਦਿੱਤੇ ਗਏ ਤੇ ਮੋਦੀ ਦੇ ਮੰਤਰੀ ਮੰਡਲ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਮੋਦੀ ਜੋ ਟਵਿੱਟਰ ਵਿਚ ਹਮੇਸ਼ਾ ਕੁਝ ਨਾ ਕੁਝ ਲਿਖਦੇ ਰਹਿੰਦੇ ਹਨ, ਜਦ ਲਿਚਿੰਗ ਹੁੰਦੀ ਹੈ, ਤਦ ਉਹ ਚੁੱਪ ਧਾਰਨ ਕਰ ਲੈਂਦੇ ਹਨ। ਸ਼ਾਇਦ ਅਜਿਹਾ ਸੋਚਣਾ ਇਨ੍ਹਾਂ ਲਈ ਠੀਕ ਹੁੰਦਾ ਹੋਵੇਗਾ ਕਿ ਜਦ ਕੋਈ ਕੁੱਤਾ ਕਿਸੇ ਦੀ ਗੱਡੀ ਦੇ ਹੇਠਾਂ ਆਵੇ ਤਾਂ ਪ੍ਰਧਾਨ ਮੰਤਰੀ ਉਸ ’ਤੇ ਟਿੱਪਣੀ ਕਿਉਂ ਕਰੇ। ਆਰ ਐਸ ਐਸ ਦੇ ਸੁਪਰੀਮ ਲੀਡਰ ਮੋਹਨ ਭਾਗਵਤ ਨੇ ਦਾਅਵਾ ਕੀਤਾ ਹੈ ਕਿ ਲੀਚਿੰਗ ਪੱਛਮੀ ਵਿਚਾਰ ਹੈ, ਜੋ ਬਾਈਬਲ ਤੋਂ ਆਇਆ ਹੈ ਤੇ ਹਿੰਦੂਆਂ ਵਿਚ ਅਜਿਹਾ ਕੋਈ ਪਰੰਪਰਾ ਨਹੀਂ ਹੈ। ਭਾਗਵਤ ਨੇ ਕਿਹਾ ਕਿ ਲਿਚਿੰਗ ਦੀ ਗੱਲ ਕਰਨਾ ਭਾਰਤ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ।

ਅਸੀਂ ਜਾਣਦੇ ਹਾਂ ਕਿ ਯੂਰਪ ਵਿਚ ਤਦ ਕੀ ਹੋਇਆ ਸੀ, ਜਦ ਇਸੇ ਤਰ੍ਹਾਂ ਦੀ ਵਿਚਾਰਧਾਰਾ ਰੱਖਣ ਵਾਲੇ ਇਕ ਸੰਗਠਨ ਨੇ ਪਹਿਲਾਂ ਖੁਦ ਨੂੰ ਆਪਣੇ ਦੇਸ ’ਤੇ ਥੋਪਿਆ ਸੀ ਤੇ ਬਾਅਦ ਵਿਚ ਉਸ ਦਾ ਵਿਸਥਾਰ ਕਰਨਾ ਚਾਹਿਆ ਸੀ। ਅਸੀਂ ਜਾਣਦੇ ਹਾਂ ਕਿ ਇਸ ਦੇ ਬਾਅਦ ਜੋ ਕੁਝ ਵਾਪਰਿਆ, ਇਸ ਲਈ ਬੀਤਿਆ ਕਿ ਦੇਖਣ ਸੁਣਨ ਵਾਲਿਆਂ ਦੀ ਸ਼ੁਰੂਆਤੀ ਚਿਤਾਵਨੀ ਨੂੰ ਸਾਰੀ ਦੁਨੀਆਂ ਨੇ ਅੱਖੋਂ ਪਰੋਖੇ ਕਰ ਦਿੱਤਾ। ਹੋ ਸਕਦਾ ਹੈ ਕਿ ਇਹ ਚਿਤਾਵਨੀਆਂ ਉਨ੍ਹਾਂ ਲੋਕਾਂ ਲਈ ਮਨੁੱਖੀ ਮਰਿਯਾਦਾ ਤੇ ਨੈਤਿਕਤਾ ਦਾ ਹਿੱਸਾ ਨਾ ਬਣੀਆਂ ਹੋਣ, ਜੋ ਨਸਲਵਾਦ ਤੇ ਵਹਿਸ਼ੀਆਨਾ ਕਤਲਾਂ ਦੇ ਹੱਕ ਵਿਚ ਹੋਣ।

ਹਾਲਾਂ ਕਿ ਇਕ ਖਾਸ ਤਰ੍ਹਾਂ ਦੀ ਭੜਕੀਲੀਆਂ ਭਾਵਨਾਵਾਂ ਉਨ੍ਹਾਂ ਨੂੰ ਮਨਜ਼ੂਰ ਹਨ-ਇਹ ਭਾਵਨਾ ਕੁਝ ਹਫਤੇ ਪਹਿਲਾਂ ਅਮਰੀਕਾ ਵਿਚ ਖੂਬ ਦਿਖਾਈ ਦਿੱਤੀ ਸੀ। 22 ਸਤੰਬਰ 2019 ਦੌਰਾਨ ਅਮਰੀਕਾ ਵਿਚ, ਨਰਮਦਾ ਬੰਨ੍ਹ ਸਥਾਨ ’ਤੇ ਮੋਦੀ ਦੇ ਜਨਮ ਦਿਨ ਦੀ ਪਾਰਟੀ ’ਤੇ ਚਾਰ ਪੰਜ ਦਿਨ ਬਾਅਦ, ਹਜ਼ਾਰਾਂ ਭਾਰਤੀ ਅਮਰੀਕੀ ਹਿਊਸਟਨ ਦੇ ਐਨ ਆਰ ਜੀ ਸਟੈਡੀਅਮ ਵਿਚ ਇਕ ਸ਼ਾਨਦਾਰ ਪ੍ਰੋਗਰਾਮ, ‘ਹਾਊਡੀ ਮੋਦੀ’ ਵਿਚ ਸ਼ਾਮਲ ਹੋਣ ਆਏ ਸਨ। ਹੁਣ ਇਹ ਪ੍ਰੋਗਰਾਮ ਸ਼ਹਿਰੀ ਦੰਦ ਕਥਾ ਦੀ ਸਮੱਗਰੀ ਬਣ ਚੁੱਕਾ ਹੈ। ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਬੜੀ ਮਿਹਰਬਾਨੀ ਕਰਦੇ ਹੋਏ ਆਪਣੇ ਹੀ ਦੇਸ ਵਿਚ ‘ਆਪਣੀ ਹੀ ਜਨਤਾ ਦੇ ਸਾਹਮਣੇ’ ਅਮਰੀਕਾ ਦੇ ਦੌਰੇ ’ਤੇ ਆਏ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੇ ਦੁਆਰਾ ਖੁਦ ਨੂੰ ਖਾਸ ਮਹਿਮਾਨ ਕਹੇ ਜਾਣ ਦੀ ਇਜਾਜ਼ਤ ਦਿੱਤੀ। ਅਮਰੀਕੀ ਕਾਂਗਰਸ ਦੇ ਕਈ ਮੈਂਬਰਾਂ ਨੇ ਇਸ ਮੌਕੇ ’ਤੇ ਭਾਸ਼ਣ ਦਿੱਤੇ ਅਤੇ ਭੀੜ ਤੋਂ ਮੋਦੀ ਮੋਦੀ ਦੇ ਨਾਅਰੇ ਲਗਵਾਏ। ਪ੍ਰੋਗਰਾਮ ਦੇ ਅੰਤ ਵਿਚ ਟਰੰਪ ਤੇ ਮੋਦੀ ਨੇ ਹੱਥ ਮਿਲਾਇਆ ਤੇ ਜੇਤੂ ਭਾਵ ਨਾਲ ਆਪਸ ਵਿਚ ਗਲੇ ਲੱਗੇ। ਭਾਰਤ ਵਿਚ ਇਸ ਪ੍ਰੋਗਰਾਮ ਨੂੰ ਟੀਵੀ ਚੈਨਲਾਂ ਨੇ ਕਾਰਪੋਰੇਟ ਕਵਰੇਜ ਦੇ ਰਾਹੀਂ ਹਜ਼ਾਰ ਗੁਣਾਂ ਵਧਾ ਚੜ੍ਹਾ ਕੇ ਪੇਸ਼ ਕੀਤਾ। ਦੇਖਦੇ ਦੇਖਦੇ ‘ਹਾਊਡੀ’ ਹਿੰਦੀ ਸ਼ਬਦ ਬਣ ਗਿਆ। ਇਸ ਵਿਚਾਲੇ ਸਟੇਡੀਅਮ ਦੇ ਬਾਹਰ ਵਿਰੋਧ ਕਰ ਰਹੇ ਹਜ਼ਾਰਾਂ ਲੋਕਾਂ ਨੂੰ ਨਿਊਜ਼ ਮੀਡੀਏ ਨੇ ਅੱਖੋ ਪਰੋਖੇ ਕਰ ਦਿੱਤਾ।

ਹਿਊਸਟਨ ਸਟੇਡੀਅਮ ਵਿਚ 60 ਹਜ਼ਾਰ ਲੋਕਾਂ ਦਾ ਹੱਲਾ ਵੀ ਕੰਨਾਂ ਦੇ ਪਰਦੇ ਫਾੜ ਦੇਣ ਵਾਲੇ ਕਸ਼ਮੀਰ ਦੇ ਸੰਨਾਟੇ ਨੂੰ ਦਬਾ ਨਹੀਂ ਸਕਿਆ। ਉਸ ਦਿਨ 22 ਸਤੰਬਰ ਨੂੰ ਜਦ ਉੱਥੇ ਪ੍ਰੋਗਰਾਮ ਹੋ ਰਿਹਾ ਸੀ, ਘਾਟੀ ਵਿਚ ਕਰਫਿਊ ਤੇ ਸੰਚਾਰ ’ਤੇ ਲੱਗੀ ਰੋਕ ਦੇ 48 ਦਿਨ ਪੂਰੇ ਹੋ ਚੁੱਕੇ ਸਨ, ਮੋਦੀ ਨੇ ਇਕ ਵਾਰ ਫਿਰ ਆਪਣੇ ਹਿੰਦੂਤਵ ਫਾਸ਼ੀਵਾਦ ਦਾ ਅਜਿਹਾ ਪ੍ਰਦਰਸ਼ਨ ਕੀਤਾ, ਜਿਸ ਨੂੰ ਆਧੁਨਿਕ ਯੁੱਗ ਵਿਚ ਕਿਸੇ ਨੇ ਦੇਖਿਆ ਨਾ ਸੁਣਿਆ ਤੇ ਇਕ ਵਾਰ ਫਿਰ ਇਸ ਪ੍ਰਦਰਸ਼ਨ ਨੇ ਭਗਤਾਂ ਦੇ ਵਿਚਾਲੇ ਉਸ ਨੂੰ ਹੋਰ ਜ਼ਿਆਦਾ ਪ੍ਰੇਮ ਦਾ ਪਾਤਰ ਬਣਾ ਦਿੱਤਾ।

6 ਅਗਸਤ ਦੌਰਾਨ ਜਦ ਜੰਮੂ-ਕਸ਼ਮੀਰ ਪੁਨਰ ਗਠਨ ਬਿੱਲ ਸੰਸਦ ਵਿਚ ਪਾਸ ਹੋਇਆ ਤਾਂ ਹਰ ਜਗ੍ਹਾ ਦੇ ਰਾਜਨੀਤਕ ਦਲਾਂ ਵਿਚ ਇਸ ਦਾ ਜਸ਼ਨ ਮਨਾਇਆ ਗਿਆ। ਪ੍ਰੋਗਰਾਮਾਂ ਵਿਚ ਮਠਿਆਈਆਂ ਵੰਡੀਆਂ ਗਈਆਂ ਤੇ ਸੜਕਾਂ ’ਤੇ ਡਾਂਸ ਕੀਤਾ ਗਿਆ। ਇਕ ਜੇਤੂ ਕਸ਼ਮੀਰ ’ਤੇ ਕਬਜ਼ਾ, ਹਿੰਦੂ ਰਾਸ਼ਟਰ ਦੀ ਵੱਡੀ ਜਿੱਤ ਦਾ ਉਤਸ਼ਾਹ ਨਾਲ ਜਸ਼ਨ ਮਨਾਇਆ ਗਿਆ।

ਇਕ ਵਾਰ ਫਿਰ ਜਿੱਤਣ ਵਾਲਿਆਂ ਦੀਆਂ ਹਿਰਸੀ ਨਜ਼ਰਾਂ ਜਿੱਤ ਦੀ ਆਦਮ ਟਰਾਫੀ-ਜ਼ਮੀਨ ਅਤੇ ਔਰਤ ’ਤੇ ਪਈ। ਭਾਜਪਾ ਦੇ ਸੀਨੀਅਰ ਨੇਤਾਵਾਂ ਤੇ ਮੰਤਰੀਆਂ ਨੇ ਦੇਸ਼ ਭਗਤੀ ਦੇ ਪੌਪ ਵੀਡੀਓ ਦੇ ਵਿਚਾਰਾਂ ਨੂੰ ਭਗਵੇਂਵਾਦੀ ਫਾਸ਼ੀਵਾਦ ਦੇ ਪ੍ਰਭਾਵ ਹੇਠ ਕਰੋੜਾਂ ਲੋਕ ਜਾਇਜ਼ ਠਹਿਰਾ ਰਹੇ ਸਨ। ਇਨ੍ਹਾਂ ਭਗਵੇਂ ਲੀਡਰਾਂ ਦਾ ਸੁਨੇਹਾ ਸੀ ਕਿ ਹੁਣ ਤੁਸੀਂ ਕਸ਼ਮੀਰੀ ਲੜਕੀ ਨਾਲ ਵਿਆਹ ਵੀ ਕਰਵਾ ਸਕੋਗੇ ਤੇ ਜ਼ਮੀਨ ਦੇ ਮਾਲਕ ਵੀ ਬਣ ਸਕੋਗੇ। ਗੂਗਲ ਟਰੇਂਡ ਤੋਂ ਪਤਾ ਚੱਲਦਾ ਹੈ ਕਿ ਕਸ਼ਮੀਰੀ ਲੜਕੀ ਨਾਲ ਵਿਆਹ ਤੇ ਕਸ਼ਮੀਰ ਵਿਚ ਜ਼ਮੀਨ ਖਰੀਦਣ ਨੂੰ ਸਭ ਤੋਂ ਵਧ ਸਰਚ ਕੀਤਾ ਗਿਆ। ਕਸ਼ਮੀਰ ਦੀ ਘੇਰਾਬੰਦੀ ਤੋਂ ਬਾਅਦ ਕੁਝ ਦਿਨਾਂ ਵਿਚ ‘ਵੰਨ ਅਧਿਕਾਰ ਸਮਿਤੀ’ ਨੇ ਜੰਗਲ ਦੇ ਹੋਰ ਇਸਤੇਮਾਲ ਲਈ 125 ਸਰਕਾਰੀ ਪ੍ਰਯੋਜਨਾਵਾਂ ਨੂੰ ਮਨਜ਼ੂਰੀ ਦੇ ਦਿੱਤੀ। ਜੰਮੂ-ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹ ਲੈਣ ਤੇ ਵਿਸ਼ੇਸ਼ ਦਰਜਾ ਹਟਾਉਣ ਦੀ ਤਿਆਰੀ ਵਿਚ ਭਾਰਤ ਸਰਕਾਰ ਨੇ ਇਸ ਖੇਤਰ ਵਿਚ ਹਜ਼ਾਰ ਤੋਂ ਜ਼ਿਆਦਾ ਫ਼ੌਜੀਆਂ ਨੂੰ ਭੇਜਿਆ। ਇਸ ਖੇਤਰ ਵਿਚ ਪਹਿਲਾਂ ਹੀ ਹਜ਼ਾਰਾਂ ਫ਼ੌਜੀ ਤੈਨਾਤ ਸਨ। ਕਸ਼ਮੀਰ ਉੱਪਰ ਹਰੇਕ ਤਰ੍ਹਾਂ ਦੀਆਂ ਪਾਬੰਦੀਆਂ ਕਾਰਨ ਕਸ਼ਮੀਰੀਆਂ ਦੇ ਦੁਖਾਂਤ ਦੀਆਂ ਖ਼ਬਰਾਂ ਬਾਹਰ ਨਾ ਆ ਸਕੀਆਂ। ਪੂਰੀ ਐਮਰਜੈਂਸੀ ਲਗਾ ਦਿੱਤੀ ਗਈ। ਕਸ਼ਮੀਰੀ ਅਖ਼ਬਾਰਾਂ ਜੀਵ ਜੰਤੂ ਦੀ ਸੁਰੱਖਿਆ, ਸ਼ੂਗਰ ਦੀ ਬਿਮਾਰੀ ਤੋਂ ਰਾਹਤ ਦੇ ਨੁਸਖਿਆਂ ਨਾਲ ਭਰੀਆਂ ਹੋਈਆਂ ਸਨ। ਮੁਖ ਸੁਰਖੀਆਂ ਸਨ ਕਿ ਕਸ਼ਮੀਰ ਬਾਰੇ ਮੋਦੀ ਦਾ ਫਾਰਮੂਲਾ ਕਿੰਨਾ ਵਧੀਆ ਹੈ। ਪਰ ਇਹ ਅਸੀਂ ਕਦ ਸੋਚਾਂਗੇ ਕਿ ਕਸ਼ਮੀਰ ਦੀ ਆਰਥਿਕਤਾ ਤੇ ਕੁਦਰਤੀ ਭੰਡਾਰਾਂ ਨੂੰ ਲੁੱਟਿਆ ਜਾਵੇਗਾ ਤੇ ਇਸ ਲੁੱਟ ਵਿਚ ਭਾਰਤੀ ਕਾਰਪੋਰੇਟ ਸ਼ਾਮਲ ਹੋਵੇਗਾ।

ਆਮ ਲੋਕਾਂ ਦੇ ਜੀਵਨ ਦੀ ਅਸਲ ਰਿਪੋਰਟਿੰਗ ਜ਼ਿਆਦਾਤਰ ਅਜਿਹੇ ਪੱਤਰਕਾਰਾਂ ਤੇ ਫੋਟੋਗਰਾਫਰਾਂ ਨੇ ਦਿੱਤੀ ਜੋ ਐਸੋਸੀਏਸ਼ਟਿਡ ਪ੍ਰੈੱਸ, ਏਜੰਸ ਫਰਾਂਸ ਪ੍ਰੈਸੇ, ਅਲਜਜ਼ੀਰਾ, ਦਾ ਗਾਰਡੀਅਨ, ਬੀਬੀਸੀ, ਦ ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਵਰਗੇ ਅੰਤਰਰਾਸ਼ਟਰੀ ਮੀਡੀਏ ਨਾਲ ਜੁੜੇ ਸਨ। ਜ਼ਿਆਦਾਤਰ ਕਸ਼ਮੀਰੀ ਪੱਤਰਕਾਰਾਂ ਨੇ ਜਾਨ ਦਾ ਖਤਰਾ ਉਠਾਉਂਦੇ ਹੋਏ ਆਪਣੇ ਖੇਤਰਾਂ ਦਾ ਦੌਰਾ ਕੀਤਾ ਤੇ ਇਨ੍ਹਾਂ ਲਈ ਖ਼ਬਰਾਂ ਬਾਹਰ ਲੈ ਕੇ ਆਏ। ਖ਼ਬਰਾਂ ਸਨ ਰਾਤ ਦੌਰਾਨ ਮਾਰੇ ਜਾ ਰਹੇ ਫ਼ੌਜੀ ਛਾਪਿਆਂ ਦੀਆਂ ਖ਼ਬਰਾ। ਨੌਜਵਾਨ ਲੜਕਿਆਂ ਨੂੰ ਗ੍ਰਿਫ਼ਤਾਰ ਕਰਕੇ ਕਈ ਘੰਟਿਆਂ ਤੱਕ ਫ਼ੌਜੀਆਂ ਡੰਡਿਆਂ ਨਾਲ ਕੁੱਟਣਾ। ਉਨ੍ਹਾਂ ਦੀਆਂ ਚੀਕਾਂ ਨੂੰ ਮਾਈਕ੍ਰੋਫੋਨ ’ਤੇ ਸੁਣਾਉਣ ਦੀਆਂ ਖ਼ਬਰਾਂ ਤਾਂ ਕਿ ਆਂਢੀ-ਗੁਆਂਢੀ ਤੇ ਪਰਿਵਾਰ ਵਾਲੇ ਸਬਕ ਲੈ ਸਕਣ। ਪਿੰਡਾਂ ਦੇ ਘਰਾਂ ਵਿਚ ਵੜ ਕੇ ਸਰਦੀਆਂ ਦੇ ਰੱਖੇ ਅਨਾਜ ਨੂੰ ਉਜਾੜਨ ਦੀਆਂ ਖ਼ਬਰਾਂ ਤੇ ਸੈਂਕੜੇ ਬੱਚਿਆਂ ਦੀਆਂ ਖ਼ਬਰਾਂ ਸਨ, ਜਿਨ੍ਹਾਂ ਨੂੰ ਰਾਤ ਦੇ ਹਨੇਰਿਆਂ ਵਿਚ ਉਠਾ ਲਿਆ ਗਿਆ ਤੇ ਉਨ੍ਹਾਂ ਦੇ ਮਾਂ-ਬਾਪ ਦੀਆਂ ਖ਼ਬਰਾਂ ਵੀ ਜੋ ਬੇਚੈਨੀ ਤੇ ਦਹਿਸ਼ਤ ਨਾਲ ਬਿਮਾਰ ਪੈ ਗਏ, ਪਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ ਕਸ਼ਮੀਰ ਦੀ ਘੇਰਾਬੰਦੀ ਸਿਰਫ਼ ਲੋਕਾਂ ਦੇ ਦਿਮਾਗ ਦੀ ਉਪਜ ਹੈ ਤੇ ਜੰਮੂ-ਕਸ਼ਮੀਰ ਦੇ ਰਾਜਪਾਲ ਸਤਿਆਪਾਲ ਮਲਿਕ ਨੇ ਦੱਸਿਆ ਕਿ ਕਸ਼ਮੀਰੀਆਂ ਦੇ ਲਈ ਟੈਲੀਫੋਨ ਲਾਈਨਾਂ ਦਾ ਮਹੱਤਵ ਨਹੀਂ, ਕਿਉਂਕਿ ਉਨ੍ਹਾਂ ਦਾ ਇਸਤੇਮਾਲ ਕੇਵਲ ਅੱਤਵਾਦੀ ਕਰਦੇ ਹਨ। ਫ਼ੌਜ ਮੁਖੀ ਵਿਪਨ ਰਾਵਤ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿਚ ਆਮ ਜੀਵਨ ਪ੍ਰਭਾਵਿਤ ਨਹੀਂ ਹੋਇਆ ਤੇ ਲੋਕ ਆਪਣਾ ਕੰਮ ਕਰ ਰਹੇ ਹਨ। ਇਨ੍ਹਾਂ ਸਥਿਤੀਆਂ ਤੋਂ ਇਹ ਸਮਝਣਾ ਸੌਖਾ ਹੈ ਕਿ ਭਾਰਤ ਸਰਕਾਰ ਕਿੰਨਾ ਲੋਕਾਂ ਨੂੰ ਅੱਤਵਾਦੀ ਕਹਿ ਰਹੀ ਹੈ।

# ਕਰਤਾਰਪੁਰ ਲਾਂਘੇ ਨਾਲ ਉੱਠੀ ਵੰਡ ਦੀ ਚੀਸ ਤੇ ਯਾਦ ਆਏ ਨਾਰੋਵਾਲ ਦੇ ਮੇਲੇ

**ਡੇਰਾ ਬਾਬਾ ਨਾਨਕ/ਨਿਊਜ਼ ਏ.ਟੀ. :** ਡੇਰਾ ਬਾਬਾ ਨਾਨਕ ਨੇੜਲੇ ਪਿੰਡ ਪੱਖੋਕੇ ਟਾਹਲੀ ਸਾਹਿਬ ਦੇ 90 ਸਾਲਾ ਬਲਵੰਤ ਸਿੰਘ ਤੇ ਕਿਰਪਾਲ ਸਿੰਘ ਨੇ ਪਾਕਿਸਤਾਨ ਦੇ ਨਾਰੋਵਾਲ ਬਾਰੇ ਆਪਣੀਆਂ ਯਾਦਾਂ ਬਾਰੇ ਦੱਸਿਆ ਕਿ ਕਰਤਾਰਪੁਰ ਦਾ ਲਾਂਘਾ ਖੁੱਲ ਗਿਆ ਹੈ, ਮੇਰਾ ਦਿਲ ਕਰਦਾ ਹੈ ਕਿ ਮੈਂ ਹੁਣੇ ਉੱਡ ਕੇ ਗੁਰੂਆਂ ਦੀ ਧਰਤੀ ਉਤੇ ਚਲੇ ਜਾਵੇ ਜਿੱਥੇ ਮੈ ਬਚਪਨ ਵਿਚ ਮੇਲੇ ਦੇਖਣ ਲਈ ਜਾਂਦਾ ਸੀ। ਬਲਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਵਿਆਹ ਨਾਰੋਵਾਲ(ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਉਸ ਘਰ ਬਾਰੇ ਹੁਣ ਵੀ ਜਾਣਕਾਰੀ ਹੈ ਜਿੱਥੇ ਉਸ ਦਾ ਆਨੰਦ ਕਾਰਜ ਹੋਏ ਸਨ। ਵਿਆਹ ਤੋਂ ਕਰੀਬ ਦੋ ਮਹੀਨੇ ਬਾਅਦ 1947 ਵਿਚ ਦੇਸ਼ ਦੀ ਵੰਡ ਹੋਈ ਅਤੇ ਭਾਰਤ-ਪਾਕਿਸਤਾਨ ਦੋ ਮੁਲਕ ਬਣ ਗਏ ਉਸ ਤੋਂ ਬਾਅਦ ਬਲਵੰਤ ਸਿੰਘ ਕਦੇ ਵੀ ਨਾਰੋਵਾਲ ਨਹੀਂ ਗਏ। ਬਲਵੰਤ ਸਿੰਘ ਦੱਸਦੇ ਹਨ ਕਿ ਡੇਰਾ ਬਾਬਾ ਨਾਨਕ ਤੋਂ ਉਹ ਨਾਰੋਵਾਲ ਮੇਲੇ ਦੇਖਣ ਜਾਂਦੇ ਹੁੰਦੇ ਸੀ। ਕਰਤਾਰਪੁਰ ਸਾਹਿਬ ਦੇ ਨੇੜੇ ਗਰਲਾ ਪਿੰਡ ਹੁੰਦਾ ਸੀ ਜਿਥੋਂ ਦੀਆਂ ਕੁਸ਼ਤੀਆਂ ਬਹੁਤ ਮਸ਼ਹੂਰ ਸਨ ਅਤੇ ਇਹਨਾਂ ਕੁਸ਼ਤੀਆਂ ਨੂੰ ਦੇਖਣ ਲਈ ਉਹ ਆਪਣੇ ਪਿੰਡ ਦੇ ਲੋਕਾਂ ਨਾਲ ਜਾਂਦੇ ਹੁੰਦੇ ਸਨ। ਬਲਵੰਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣਾ ਘਰ ਦੇਖਣ ਦੀ ਤਾਂਘ ਹੈ ਜਿੱਥੇ ਮੇਰੇ ਆਨੰਦ ਕਾਰਜ ਦੀ ਰਸਮ ਹੋਈ ਸੀ।’ ਇਸ ਦੌਰਾਨ ਜਦੋਂ ਉਹ ਦੇਸ਼ ਵੰਡ ਦੀ ਗੱਲ ਕਰਦੇ ਤਾਂ ਉਦਾਸ ਹੋ ਜਾਂਦੇ। ਬਲਵੰਤ ਸਿੰਘ ਨੇ ਦੱਸਿਆ ਕਿ ਅਸੀਂ ਆਪਣੇ ਗੁਰੂ ਦੇ ਇੰਨਾ ਨੇੜੇ ਹੋਣ ਦੇ ਬਾਵਜੂਦ ਦੂਰ ਸੀ। ਉਹ ਦੱਸਦੇ ਹਨ ਕਿ ਜਿਸ ਰਸਤੇ ਤੋਂ ਅਸੀਂ ਕਰਤਾਰਪੁਰ ਸਾਹਿਬ ਜਾਂਦੇ ਸੀ ਮੁੜ ਕੇ ਸਾਨੂੰ ਉਸ ਦੇ ਨੇੜੇ ਜਾਣ ਦਾ ਵੀ ਹੁਕਮ ਨਹੀਂ ਸੀ। ਦਰਸ਼ਨ ਸਥਲ ’ਤੇ ਜਾ ਕੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੂਰਬੀਨ ਰਾਹੀਂ ਕਰਦੇ ਸਨ। ਬਲਵੰਤ ਸਿੰਘ ਦੇ ਖੇਤ ਭਾਰਤ-ਪਾਕਿਸਤਾਨ ਸਰਹੱਦ ਦੇ ਬਿਲਕੁਲ਼ ਨੇੜੇ ਹਨ ਜਿਥੇ ਸਰਹੱਦ ਉਤੇ ਲੱਗੀ ਤਾਰ ਸਾਫ਼ ਦਿਖਾਈ ਦਿੰਦੀ ਹੈ। 2011 ਵਿਚ ਬਲਵੰਤ ਸਿੰਘ ਸਿੱਖ ਯਾਤਰੀਆਂ ਦੇ ਨਾਲ ਵੀਜਾ ਲੈ ਕੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਕੇ ਵੀ ਆਏ ਹਨ। ਇਸੀ ਦੌਰਾਨ ਉਹ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਵੀ ਕੀਤੇ ਸਨ। ਬਲਵੰਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਨਾਰੋਵਾਲ ਜਾਣ ਦੀ ਵੀ ਇਸੀ ਦੌਰਾਨ ਇੱਛਾ ਪ੍ਰਗਟਾਈ ਸੀ ਪਰ ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਨੂੰ ਨਹੀਂ ਜਾਣ ਦਿੱਤਾ। ਬਲਵੰਤ ਸਿੰਘ ਨੇ ਦੱਸਿਆ ਕਿ ਉਹ ਹੁਣ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਜਾਣਾ ਚਾਹੁੰਦਾ ਹੈ ਪਰ ਯਾਤਰਾ ਉਤੇ ਪਾਕਿਸਤਾਨ ਵੱਲੋਂ ਲਗਾਈ ਗਈ ਫੀਸ ਕਾਰਨ ਉਹ ਆਪਣੀ ਇੱਛਾ ਪੂਰੀ ਕਰਨ ਤੋਂ ਅਸਮਰਥ ਹੈ। ਉਨ੍ਹਾਂ ਉਮੀਦ ਭਰੇ ਸ਼ਬਦਾਂ ਵਿਚ ਆਖਿਆ ਉਮਰ ਜ਼ਿਆਦਾ ਹੋਣ ਕਾਰਨ ਉਹ ਇਕੱਲੇ ਸਫ਼ਰ ਕਰਨ ਤੋਂ ਅਸਮਰਥ ਹੈ ਪਰ ਜੇਕਰ ਕੋਈ ਉਨ੍ਹਾਂ ਨੂੰ ਨਾਲ ਲੈ ਕੇ ਜਾਵੇ ਤਾਂ ਉਹ ਜ਼ਰੂਰ ਗੁਰੂ ਸਾਹਿਬ ਦੀ ਧਰਤੀ ਦੇ ਨਤਮਸਤਕ ਹੋਣਗੇ। ਬਲਵੰਤ ਸਿੰਘ ਆਖਦੇ ਹਨ ਕਿ ਇਹ ਲਾਂਘਾ ਧਾਰਮਿਕ ਯਾਤਰਾ ਤੱਕ ਹੀ ਸੀਮਤ ਨਾ ਰਹੇ ਬਲਕਿ ਵਪਾਰ ਲਈ ਵੀ ਖੋਲ੍ਹ ਦੇਣਾ ਚਾਹੀਦਾ ਹੈ ਕਿ ਤਾਂ ਕਿ ਇਸ ਦਾ ਫਾਇਦਾ ਦੋਹਾਂ ਪਾਸਿਆਂ ਦੇ ਲੋਕਾਂ ਨੂੰ ਹੋਵੇ।

ਗੁਰਦਾਸਪੁਰ ਜਿਲੇ ਦੇ ਪਿੰਡ ਹਰੂਵਾਲ ਦੇ ਰਹਿਣ ਵਾਲੇ ਕਿਰਪਾਲ ਸਿੰਘ ਦੀ ਵੀ ਕਹਾਣੀ ਅਜਿਹੀ ਹੀ ਹੈ। ਕਿਰਪਾਲ ਸਿੰਘ ਨੇ ਦੱਸਿਆ ਕਿ ਉਸ ਦਾ ਜਨਮ ਪਿੰਡ ਜੈ ਸਿੰਘ ਵਾਲਾ ਜ਼ਿਲ੍ਹਾਂ ਸ਼ੇਖੂਪੁਰਾ ਵਿਖੇ ਹੋਇਆ ਸੀ। ਕਿਰਪਾਲ ਸਿੰਘ ਦੱਸਦੇ ਹਨ ਕਿ ਜਦੋਂ ਦੇਸ਼ ਦੀ ਵੰਡ ਹੋਈ ਤਾਂ ਉਸ ਵਕਤ ਉਹ ਚੌਥੀ ਜਮਾਤ ਵਿਚ ਪੜ੍ਹਦੇ ਸਨ ਅਤੇ ਹਿਜਰਤ ਕਰਨ ਤੋਂ ਬਾਅਦ ਉਹ ਹਰੂਵਾਲ ਪਿੰਡ ਆ ਕੇ ਵਸ ਗਏ ਸਨ। ਉਹਨਾਂ ਦੱਸਿਆ ਕਿ ਮੇਰੇ ਪਾਕਿਸਤਾਨ ਨਾਲ ਓਨਾਂ ਹੀ ਮੋਹ ਹੈ ਜਿੰਨਾ ਇਕ ਵਿਅਕਤੀ ਦਾ ਆਪਣੇ ਜਨਮ ਅਸਥਾਨ ਨਾਲ ਹੁੰਦਾ ਹੈ। ਉਹਨਾਂ ਆਖਿਆ ਕਿ ਉਨ੍ਹਾਂ ਦਾ ਆਪਣੇ ਪਿੰਡ ਦੇ ਬੇਲੀਆਂ ਨਾਲ ਕਾਫੀ ਸਮਾਂ ਮੋਹ ਰਿਹਾ। ਅਤੀਤ ਦੇ ਪਰਛਾਵੇਂ ਵਿਚ ਸਮੋਈਆਂ ਆਪਣੀਆਂ ਯਾਦਾਂ ਨੂੰ ਚੇਤੇ ਕਰਦਿਆਂ ਕਿਰਪਾਲ ਸਿੰਘ ਦੱਸਦੇ ਹਨ ਕਿ ਉਨ੍ਹਾਂ ਦਾ ਇਕ ਦੋਸਤ ਸਈਅਦ ਅਹਿਮਦ ਜਿਸ ਨਾਲ ਉਨ੍ਹਾਂ ਦਾ ਰਾਬਤਾ ਉਦੋਂ ਤੱਕ ਰਿਹਾ ਹੈ ਜਦੋਂ ਤੱਕ ਉਹ ਜੀਉਂਦਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਰਾਬਤਾ ਚਿੱਠੀਆਂ ਰਾਹੀਂ ਹੁੰਦਾ ਸੀ ਜਿਸ ਵਿਚ ਉਹ ਪਿੰਡ ਜੈ ਸਿੰਘ ਵਾਲਾ ਦੀ ਪੂਰੀ ਜਾਣਕਾਰੀ ਦਿੰਦਾ ਸੀ ਅਤੇ ਦੱਸਦਾ ਸੀ ਕਿ ਉਨ੍ਹਾਂ ਦੇ ਘਰ ਵਿਚ ਹੁਣ ਕੌਣ ਰਹਿੰਦਾ ਹੈ। ਚਿੱਠੀਆਂ ਰਾਹੀਂ ਆਪਣੇ ਬਚਪਨ ਦੀਆਂ ਯਾਦਾਂ ਤਾਜ਼ੀਆਂ ਕਰਦੇ ਸਨ, ਪਰ ਸਿਲਸਿਲਾ ਵੀ ਉਦੋਂ ਖਤਮ ਹੋ ਗਿਆ ਜਦੋਂ ਦੋਸਤ ਦੀ ਮੌਤ ਹੋ ਗਈ। ਕਿਰਪਾਲ ਸਿੰਘ ਦੱਸਿਆ ਕਿ ਦੋਸਤ ਦੇ ਚਲੇ ਜਾਣ ਤੋਂ ਬਾਅਦ ਉਸ ਦਾ ਪਿੰਡ ਨਾਲ ਰਾਬਤਾ ਵੀ ਖ਼ਤਮ ਹੋ ਗਿਆ। ਉਨ੍ਹਾਂ ਆਖਿਆ ਕਿ ਸ਼ੇਖੂਪੁਰਾ ਬਾਸਮਤੀ ਚੌਲਾਂ ਦੇ ਲਈ ਬਹੁਤ ਪ੍ਰਸਿੱਧ ਸੀ, ਹੁਣ ਵੀ ਪੂਰੀ ਦੁਨੀਆਂ ਵਿੱਚ ਉਸ ਦੀ ਪ੍ਰਸਿਧੀ ਉਸੇ ਕਰਕੇ ਹੈ। ਕਿਰਪਾਲ ਸਿੰਘ ਦੱਸਦੇ ਹਨ ਕਿ ਉਸ ਨੇ ਕਈ ਵਾਰ ਪਾਕਿਸਤਾਨ ਦੀ ਯਾਤਰਾ ਕੀਤੀ ਹੈ ਪਰ ਕਦੇ ਵੀ ਉਸ ਨੂੰ ਆਪਣੇ ਪਿੰਡ ਜਾਣ ਦੀ ਆਗਿਆ ਨਹੀਂ ਮਿਲੀ। ਕਿਰਪਾਲ ਸਿੰਘ ਦੱਸਦੇ ਹਨ ਕਿ ਉਸ ਨੇ ਕਦੇ ਵੀ ਨਹੀਂ ਸੋਚਿਆ ਕੀ ਕਰਤਾਰਪੁਰ ਸਾਹਿਬ ਲਈ ਸਿੱਧਾ ਰਸਤੇ ਉਨ੍ਹਾਂ ਨੂੰ ਮਿਲ ਜਾਵੇਗਾ। ਇਸ ਦੀ ਉਨ੍ਹਾਂ ਨੂੰ ਹੁਣ ਬਹੁਤ ਖੁਸ਼ੀ ਹੈ।

ਉਨ੍ਹਾਂ ਆਖਿਆ ਜੋ ਇਲਾਕਾ ਕਦੇ ਪਛੜਿਆ ਹੋਇਆ ਸੀ ਉਹ ਆਬਾਦ ਹੋ ਗਿਆ ਹੈ, ਬਾਬੇ ਨਾਨਕ ਨੇ ਨਾਰੋਵਾਲ ਅਤੇ ਡੇਰਾ ਬਾਬਾ ਨਾਨਕ ਦੇ ਆਸਪਾਸ ਦੇ ਪਿੰਡਾਂ ਦੀ ਤਕਦੀਰ ਹੀ ਬਦਲ ਕੇ ਰੱਖ ਦਿੱਤੀ।

# ਭਾਈ ਖਾਲੜਾ ਜੋ ਲਾਵਾਰਸ ਲਾਸ਼ਾਂ ਦੀ ਭਾਲ ਕਰਦਾ ਆਪ 'ਲਾਪਤਾ' ਹੋਇਆ

## *ਕੇਪੀ ਐਸ ਗਿੱਲ ਨੂੰ ਲਾਵਾਰਸ ਲਾਸ਼ਾਂ ਦਾ ਰਿਕਾਰਡ ਨਾ ਸੌਂਪਿਆ ਤਾਂ ਸ਼ਹੀਦ ਕਰ ਦਿੱਤਾ ਗਿਆ*

ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916

ਭਾਈ ਜਸਵੰਤ ਸਿੰਘ ਖਾਲੜਾ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਸਾੜੀਆਂ ਗਈਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ ਸਨ। ਅਮਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੋ ਨਵੰਬਰ 1952 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਖਾਲੜਾ ਵਿਚ ਹੋਇਆ। ਉਹ ਇਕ ਵਕੀਲ ਸੀ ਜੋ ਮਨੁੱਖੀ ਅਧਿਕਾਰ ਸੰਗਠਨ ਦਾ ਸਰਗਰਮ ਕਾਰਕੁਨ ਬਣਿਆ। ਉਹ ਅੰਮ੍ਰਿਤਸਰ ਦੇ ਇੱਕ ਸਹਿਕਾਰੀ ਬੈਂਕ ਦਾ ਡਾਇਰੈਕਟਰ ਨਿਯੁਕਤ ਹੋਇਆ ਸੀ। ਪੰਜਾਬ ਸੰਤਾਪ ਸਮੇਂ ਭਾਈ ਖਾਲੜਾ ਮਨੁੱਖੀ ਹੱਕਾਂ ਲਈ ਸਿਰ 'ਤੇ ਕਫ਼ਨ ਬੰਨ੍ਹ ਕੇ ਨਿਕਲ ਤੁਰਿਆ। ਉਸ ਨੇ ਬੈਂਕ ਦੀ ਨੌਕਰੀ ਨੂੰ ਤਿਲਾਂਜਲੀ ਦੇ ਕੇ ਹਿਊਮਨ ਰਾਈਟਸ ਦੀ ਉਲੰਘਣਾ ਵਾਲੇ ਅਜਿਹੇ ਕੇਸ ਆਪਣੇ ਹੱਥਾਂ ਵਿਚ ਲੈਣ ਦਾ ਤਹੱਈਆ ਕੀਤਾ। ਤਰਨ ਤਾਰਨ, ਪੱਟੀ, ਅੰਮ੍ਰਿਤਸਰ ਤੇ ਹੋਰ ਸ਼ਮਸ਼ਾਨ ਘਾਟਾਂ ਦਾ ਨਿਰੀਖਣ ਕਰ ਕੇ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਦੀ ਜਾਣਕਾਰੀ ਇਕੱਤਰ ਕੀਤੀ। ਉਸ ਨੇ 1984 ਤੋਂ 1994 ਦੌਰਾਨ ਪਹਿਲਾਂ ਤੇ ਬਾਅਦ ਖ਼ੁਰਦ-ਬੁਰਦ ਹੋਈਆ 25000 ਅਣਪਛਾਤੀਆਂ ਲਾਸ਼ਾਂ ਬਾਰੇ ਸਰਕਾਰ ਕੋਲੋਂ ਹਿਸਾਬ ਮੰਗਣ ਦਾ ਹੋਕਾ ਦੇ ਦਿੱਤਾ।

ਇਸ ਤਰ੍ਹਾਂ ਝੂਠੇ ਪੁਲਸ ਮੁਕਾਬਲੇ ਰਾਹੀਂ ਹੋਈਆਂ ਅਣਪਛਾਤੀਆਂ ਲਾਸ਼ਾਂ ਦੀ ਤਲਾਸ਼ ਵਿਚ ਉਸ ਨੇ ਵੱਖ ਵੱਖ ਸ਼ਮਸ਼ਾਨ ਘਾਟਾਂ ਦੇ ਮੌਤ ਰਜਿਸਟਰ ਵੇਖ ਕੇ ਇਕ ਲੰਬੀ ਲਿਸਟ ਬਣਾ ਲਈ। ਛੇ ਹਜਾਰ ਤੋਂ ਵੱਧ ਬੇਪਛਾਣ ਲਾਸ਼ਾਂ ਸਿਰ ਚੜ੍ਹੇ ਜਾਦੂ ਵਾਂਗ ਆਪੇ ਬੋਲ ਪਈਆਂ। ਭਾਈ ਖਾਲੜਾ ਨੇ ਲਾਵਾਰਸ ਲਾਸ਼ਾਂ ਬਾਰੇ ਬਣਾਏ ਦਸਤਾਵੇਜ਼ ਬਾਰੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਨਾਲ ਲੰਮੀ ਵਿਚਾਰ ਚਰਚਾ ਕੀਤੀ। ਉਨ੍ਹਾਂ ਨੇ ਟੌਹੜਾ ਨੂੰ ਦੱਸਿਆ ਕਿ ਪੁਲੀਸ ਉਨ੍ਹਾਂ ਦਾ ਕਤਲ ਕਰਨਾ ਚਾਹੁੰਦੀ ਹੈ। ਟੌਹੜਾ ਨੇ ਖਾਲੜਾ ਨੂੰ ਬਚਾਉਣ ਲਈ ਸ਼ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ। ਭਾਈ ਖਾਲੜਾ ਨੂੰ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਮਾਣ ਸਨਮਾਨ ਕਰ ਕੇ ਬਹੁਤ ਉਤਸ਼ਾਹਿਤ ਕੀਤਾ। ਇੰਗਲੈਂਡ ਤੋਂ ਤਾਂ ਉਸ ਨੂੰ ਪੀ. ਆਰ. ਮਿਲ ਚੁੱਕੀ ਸੀ, ਜਿਸ ਨੂੰ ਠੁਕਰਾ ਕੇ ਉਹ ਆਪਣੇ ਮਿਸ਼ਨ ਲਈ ਪੰਜਾਬ ਮੁੜ ਆਇਆ। ਕੈਨੇਡਾ ਨੇ ਵੀ ਉਸ ਦੀ ਜਾਨ ਨੂੰ ਖ਼ਤਰਾ ਭਾਂਪ ਕੇ ਨਾਗਰਿਕਤਾ ਪੇਸ਼ਕਸ਼ ਕੀਤੀ ਸੀ ਪਰ ਉਸ ਦੀ ਆਤਮਾ ਉਨ੍ਹਾਂ ਹਜ਼ਾਰਾਂ ਬੇਗੁਨਾਹ ਲਾਵਾਰਸਾਂ ਪਿੱਛੇ ਭਟਕ ਰਹੀ ਸੀ ਜਿਨ੍ਹਾਂ ਨੂੰ ਪੰਜਾਬ ਪੁਲਸ ਨੇ ਅਲੋਪ ਕਰ ਦਿੱਤਾ ਸੀ।

### ਪੁਲੀਸ ਨੇ ਕਿਵੇਂ ਚੁੱਕਿਆ ਖਾਲੜਾ

ਇਸ ਵੇਲੇ ਉਹ ਗੁਰੂ ਨਾਨਕ ਯੂਨੀਵਰਸਿਟੀ ਦੇ ਸਾਹਮਣੇ ਗੁਰੂ ਤੇਗ ਬਹਾਦਰ ਨਗਰ ਵਿਖੇ ਰਹਿੰਦੇ ਸਨ। ਪੰਜ ਸਤੰਬਰ 1995 ਨੂੰ ਇੱਕ ਬੇ-ਨੰਬਰੀ ਬੇਨਾਮੀ ਜੀਪ ਗੁਰੂ ਤੇਗ਼ ਬਹਾਦਰ ਨਗਰ ਵਿਖੇ ਆਈ ਤੇ ਜਸਵੰਤ ਸਿੰਘ ਖਾਲੜਾ ਦਾ ਦਰ ਖੜਕਾਇਆ। ਸਿਵਲ ਵਰਦੀ ਵਿਚ ਕੁਝ ਅਜਨਬੀ ਧਾੜਵੀ ਪੁਲਸੀਏ ਉਸ ਦੀ ਪਤਨੀ ਪਰਮਜੀਤ ਕੌਰ ਨੂੰ ਧੱਕੇ ਮਾਰ ਕੇ ਉਸ ਨੂੰ ਜ਼ਬਰੀ ਅਣਦੱਸੀ ਜਗ੍ਹਾ ਲੈ ਗਏ। ਇਹ ਗੱਲ ਮਨੁੱਖੀ ਅਧਿਕਾਰ ਸੰਗਠਨ ਦੇ ਮੈਂਬਰ ਗੁਰਬਚਨ ਸਿੰਘ ਨੇ ਤੁਰੰਤ ਜਲੰਧਰ ਦੇ ਸਕਾਈਲਾਰਕ ਹੋਟਲ ਵਿਚ ਮੌਜੂਦ ਪ੍ਰਕਾਸ਼ ਸਿੰਘ ਬਾਦਲ ਤੇ ਲੌਂਗੋਵਾਲ-ਟੌਹੜਾ ਦੇ ਧਿਆਨ ਵਿਚ ਲਿਆਂਦੀ ਗਈ। ਉਨ੍ਹਾਂ ਨੇ ਟਾਲ ਮਟੋਲ ਕਰਦਿਆਂ ਜਲਦੀ ਹੀ ਕੁਝ ਕਰਨ ਲਈ ਵਚਨ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਤੀਕਰਮ ਤੋਂ ਸਾਫ਼ ਸਪੱਸ਼ਟ ਹੋ ਗਿਆ ਕਿ ਉਹ ਵੀ ਖਾਲੜਾ ਨੂੰ ਪਕੜਨ ਜਾਂ ਮਾਰਨ ਦੀ ਸਾਜ਼ਿਸ਼ ਦੀ ਹਾਮੀ ਭਰਦੇ ਸਨ। ਖਾਲੜਾ ਦੇ ਵਾਰਿਸ ਤੇ ਸ਼ੁੱਭਚਿੰਤਕ ਉਸ ਨੂੰ ਵੇਖਣ ਲਈ ਤਰਸਦੇ ਕਈ ਹਨੇਰੀਆਂ ਗਲੀਆਂ ਛਾਣਦੇ ਰਹੇ। ਤਤਕਾਲੀ ਆਈਜੀ ਕੇਪੀ ਗਿੱਲ ਨੇ ਖਾਲੜਾ ਨੂੰ ਮਨੁੱਖੀ ਅਧਿਕਾਰਾਂ ਲਈ ਤੇ ਪੰਜਾਬ ਦੇ ਕੀਤੇ ਘਾਣ ਸੰਬੰਧੀ ਆਪਣੀ ਆਵਾਜ਼ ਬੰਦ ਕਰਨ ਤੇ ਸਾਰੇ ਰਿਕਾਰਡ ਉਸ ਨੂੰ ਸੌਂਪਣ ਲਈ ਮਨਾਉਣ ਦਾ ਯਤਨ ਕੀਤਾ ਪਰ ਉਹ ਕਾਮਯਾਬ ਨਾ ਹੋਇਆ। ਆਖ਼ਿਰ ਛੇ ਸਤੰਬਰ 1995 ਨੂੰ ਝਬਾਲ ਥਾਣਾ ਦੀ ਪੁਲਸ ਨੇ ਖਾਲੜਾ ਨੂੰ ਮਾਰ ਦਿੱਤਾ।

ਬਹੁਤ ਦੇਰ ਸਰਕਾਰਾਂ ਨੇ ਕੋਈ ਹੱਥ ਪੱਲਾ ਨਹੀਂ ਫੜਾਇਆ। ਕਈ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਇਸ ਸੰਬੰਧ ਵਿਚ ਸੰਘਰਸ਼ ਕੀਤਾ। ਆਖ਼ਿਰ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਸੀਬੀਆਈ ਨੂੰ ਜਾਂਚ ਕਰਨੀ ਪਈ। ਨਿਰੀਖਣ ਵਿਚ ਇਹ ਮਾਮਲਾ ਵੀ ਸਪਸ਼ਟ ਉਧਾਲ਼ਾ ਦਾ ਪਰਗਟ ਹੋ ਗਿਆ। ਮੁਕੱਦਮਾ ਚੱਲਿਆ। 18 ਨਵੰਬਰ 2005 ਨੂੰ ਨਾਮਜ਼ਦ ਛੇ ਪੁਲਸ ਵਾਲਿਆਂ ਨੂੰ ਸੱਤ ਸਾਲ ਕੈਦ ਸੁਣਾ ਦਿੱਤੀ ਗਈ। ਅਕਤੂਬਰ 2007 ਅਪੀਲ ਵਿਚ ਪੰਜਾਬ ਹਾਈ ਕੋਰਟ ਨੇ ਇਸ ਨੂੰ ਗੈਰ-ਮਨੁੱਖੀ ਹੈਵਾਨੀਅਤ ਜੁਰਮ ਗਰਦਾਨ ਕੇ ਦੋਸ਼ੀ ਸਤਿਨਾਮ ਸਿੰਘ, ਸੁਰਿੰਦਰ ਪਾਲ ਸਿੰਘ, ਜਸਬੀਰ ਸਿੰਘ ਤੇ ਪ੍ਰਿਥੀਪਾਲ ਸਿੰਘ ਦੀ ਇਹ ਸਜ਼ਾ ਵਧਾ ਕੇ ਉਮਰ ਕੈਦ ਕਰ ਦਿੱਤੀ ਜੋ ਆਖ਼ਿਰ ਸੁਪਰੀਮ ਕੋਰਟ ਤੋਂ ਵੀ ਨਹੀਂ ਟੁੱਟ ਸਕੀ ਤੇ ਦੋਸ਼ੀ ਸਲਾਖ਼ਾਂ ਅੰਦਰ ਪਹੁੰਚ ਗਏ।

ਉਨ੍ਹਾਂ ਦੀ ਪਤਨੀ ਸਮੇਤ ਬੱਚੇ ਅਮਰੀਕਾ ਪਹੁੰਚ ਗਏ ਜਿੱਥੇ ਬਹੁਤ ਸਾਰੀਆਂ ਸੰਸਥਾਵਾਂ ਨੇ ਉਨ੍ਹਾਂ ਦੀ ਮਦਦ ਕੀਤੀ। ਉਨ੍ਹਾਂ ਦੀ ਹੋਣਹਾਰ ਬੇਟੀ ਨਵਕਿਰਨ ਕੌਰ ਆਪਣੇ ਪਿਤਾ ਦੇ ਚਰਨ ਚਿੰਨ੍ਹਾਂ ਤੇ ਚਲਦੀ ਜੁਝਾਰੂ ਸੋਚ ਦੀ ਧਾਰਨੀ ਹੈ। ਕੈਲੇਫੋਰਨੀਆ ਦੀ ਫਰੈਜ਼ਨੋ ਸਿਟੀ ਕੌਂਸਲ ਵੱਲੋਂ ਉਨ੍ਹਾਂ ਦੀ ਕੁਰਬਾਨੀ ਨੂੰ ਮਾਨਤਾ ਦਿੰਦੇ ਇੱਥੋਂ ਦੇ ਵਿਕਟੋਰੀਆ ਪਾਰਕ ਦਾ ਨਾਂ 'ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ' ਰੱਖ ਕੇ ਉਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਭਰਪੂਰ ਮਾਨਤਾ ਦਿੱਤੀ ਗਈ। ਇਸ ਮੌਕੇ ਕੌਂਸਲ ਮੈਂਬਰ ਬੀਬੀ ਓਲੀਵਰ ਬੈਨੀਜ਼ ਨੇ ਸ਼ਰਧਾਂਜਲੀ ਦਿੰਦੇ ਕਿਹਾ ਸੀ ਕਿ ਇਸ ਮਹਾਨ ਸ਼ਖ਼ਸੀਅਤ ਦੀ ਮਹਾਨਤਾ ਤੇ ਕੁਰਬਾਨੀ ਸਾਡੇ ਮਾਰਟਨ ਲੂਥਰ ਕਿੰਗ ਜੂਨੀਅਰ ਦੇ ਬਰਾਬਰ ਹੈ ਤੇ ਮੈਂ ਉਸ ਨੂੰ ਸਲਾਮ ਕਰਦੀ ਹਾਂ।

### ਖਾਲੜਾ ਦੇ ਕਤਲ ਦੀ ਅਹਿਮ ਗਵਾਹੀ

ਵਧੀਕ ਸੈਸ਼ਨ ਜੱਜ ਪੀਐੱਸ ਬੰਗੜ ਦੀ ਅਦਾਲਤ ਵਿਚ ਗਵਾਹੀ ਦਿੰਦੇ ਕੁਲਦੀਪ ਸਿੰਘ ਨੇ ਸਪੱਸ਼ਟ ਬਿਆਨ ਕੀਤਾ ਕਿ ਭਾਈ ਖਾਲੜਾ ਜਦੋਂ ਪੰਜਾਬ ਪੁਲਿਸ ਦੀ ਹਿਰਾਸਤ ਵਿਚ ਸੀ ਤਾਂ ਪੁਲਿਸ ਮੁਖੀ ਕੇਪੀ ਗਿੱਲ ਵੀ ਉਸ ਨੂੰ ਇਕ ਦਿਨ ਬੰਦ ਕੋਠੀ ਵਿਚ ਮਿਲੇ ਸਨ। ਉਸ ਨੇ ਦਸਿਆ ਕਿ ਭਾਵੇਂ ਉਸ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਭਾਈ ਖਾਲੜਾ ਤੇ ਪੁਲਿਸ ਮੁਖੀ ਗਿੱਲ ਦਰਮਿਆਨ ਹੋਈ ਗੱਲਬਾਤ ਦਾ ਕੋਈ ਪਤਾ ਨਹੀਂ ਲੱਗਾ ਪਰ ਜਦੋਂ ਉਹ ਭਾਈ ਖਾਲੜਾ ਨੂੰ ਕਾਰ ਰਾਹੀਂ ਥਾਣਾ ਝਬਾਲ ਵੱਲ ਲਿਜਾ ਰਹੇ ਸਨ ਤਾਂ ਰਸਤੇ ਵਿਚ ਝਬਾਲ ਦੇ ਐੱਸਐੱਚਓ ਸਤਨਾਮ ਸਿੰਘ ਨੇ ਖਾਲੜਾ ਨੂੰ ਝਾੜ ਪਾਉਂਦਿਆਂ ਇਹ ਕਿਹਾ ਸੀ, 'ਜੇ ਤੂੰ ਗਿੱਲ ਦੀ ਗੱਲ ਮੰਨ ਜਾਂਦਾ ਤਾਂ ਠੀਕ ਰਹਿੰਦਾ, ਤੂੰ ਵੀ ਬਚ ਜਾਂਦਾ ਤੇ ਅਸੀਂ ਵੀ ਬਚੇ ਰਹਿੰਦੇ।'

ਇਸ ਗਵਾਹੀ ਅਨੁਸਾਰ ਸਤਨਾਮ ਸਿੰਘ ਨੇ ਦਸਿਆ ਹੈ ਕਿ ਭਾਈ ਖਾਲੜਾ ਨੂੰ ਥਾਣਾ ਝਬਾਲ ਦੇ ਇਕ ਕਮਰੇ ਵਿਚ ਡੱਕਿਆ ਹੋਇਆ ਸੀ ਤੇ ਕੁਲਦੀਪ ਸਿੰਘ ਉਸ ਨੂੰ ਥਾਣੇਦਾਰ ਦੇ ਹੁਕਮ 'ਤੇ ਰੋਟੀ ਦਿੰਦਾ ਸੀ। ਇਕ ਦਿਨ ਤਰਨ ਤਾਰਨ ਦੇ ਤਤਕਾਲੀ ਪੁਲਿਸ ਮੁਖੀ ਅਜੀਤ ਸਿੰਘ ਸੰਧੂ, ਡੀਐੱਸਪੀ ਜਸਪਾਲ ਸਿੰਘ ਤੇ ਉਸ ਦਾ ਬਾਡੀਗਾਰਡ ਅਰਵਿੰਦ ਸਿੰਘ ਇਕ ਮਾਰੂਤੀ ਕਾਰ ਵਿਚ ਆਏ। ਕੁਝ ਸਮਾਂ ਬਾਅਦ ਥਾਣੇਦਾਰ ਸਰਹਾਲੀ ਸੁਰਿੰਦਰਪਾਲ ਸਿੰਘ, ਥਾਣੇਦਾਰ (ਮਾਣੋਚਾਹਲ) ਜਸਬੀਰ ਸਿੰਘ ਤੇ ਸਿਪਾਹੀ ਪ੍ਰਿਥੀਪਾਲ ਸਿੰਘ ਸਾਰੇ ਵੱਖ-ਵੱਖ ਰੂਪ ਵਿਚ ਪਹੁੰਚ ਗਏ। ਉਹ ਸਾਰੇ ਬੰਦ ਕਮਰੇ ਵਿਚ ਡੱਕੇ ਜਸਵੰਤ ਸਿੰਘ ਖਾਲੜਾ ਨੂੰ ਮਿਲੇ। ਉਨ੍ਹਾਂ ਉਸ ਤੋਂ ਲੰਬੀ ਪੁੱਛਗਿੱਛ ਕੀਤੀ ਤੇ ਨਾਲ ਖਾਲੜਾ ਉਪਰ ਸਖ਼ਤ ਤਸ਼ੱਦਦ ਕੀਤਾ। ਗਵਾਹੀ ਅਨੁਸਾਰ ਭਾਈ ਖਾਲੜਾ ਦਾ ਅੰਤ ਵੀ ਥਾਣਾ ਝਬਾਲ ਵਿਚ ਹੋਇਆ। ਜਿਸ ਕਮਰੇ ਵਿਚ ਭਾਈ ਖਾਲੜਾ ਬੰਦ ਸੀ ਤੇ ਮਾਰਕੁਟਾਈ ਨਾਲ ਬੇਹੋਸ਼ ਸੀ, ਉਸ ਅੰਦਰ ਗੋਲੀ ਚਲਣ ਦੀ ਆਵਾਜ਼ ਉਸ ਨੇ ਆਪਣੇ ਕੰਨੀਂ ਸੁਣੀ ਸੀ ਤੇ ਤੁਰੰਤ ਬਾਅਦ ਹੀ ਜਦੋਂ ਉਸ ਨੇ ਉਸ ਕੁਆਟਰ ਵਿਚ ਜਾ ਕੇ ਦੇਖਿਆ ਤਾਂ ਸ. ਖਾਲੜਾ ਮੁਰਦਾ ਹਾਲਤ ਵਿਚ ਖ਼ੂਨ ਨਾਲ ਲੱਥ ਪਥ ਹੋਇਆ ਪਿਆ ਸੀ। ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਥਾਣੇਦਾਰ ਸਤਿਨਾਮ ਸਿੰਘ ਦੇ ਹੁਕਮਾਂ ਤਹਿਤ ਹੀ ਇਕ ਪੁਲਿਸ ਪਾਰਟੀ ਵੱਲੋਂ ਭਾਈ ਖਾਲੜਾ ਦੀ ਲਾਸ਼ ਨਹਿਰ ਵਿਚ ਸੁੱਟੀ ਗਈ ਸੀ। ਖਾਲੜਾ ਕਤਲ ਕਾਂਡ ਦੇ ਚਸ਼ਮਦੀਦ ਗਵਾਹ ਕੁਲਦੀਪ ਸਿੰਘ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਉਹ ਇਸ ਵਹਿਸ਼ੀ ਕਤਲ ਬਾਰੇ ਤਿੰਨ ਸਾਲ ਚੁੱਪ ਕਿਉਂ ਰਿਹਾ ਤਾਂ ਉਸ ਦਾ ਜਵਾਬ ਸੀ ਕਿ ਉਹ ਉਸ ਵੇਲੇ ਦੇ ਐੱਸਐੱਸਪੀ ਅਜੀਤ ਸਿੰਘ ਸੰਧੂ ਤੋਂ ਡਰਦਾ ਸੀ। ਤੇ ਉਸ ਨੇ ਸੰਧੂ ਦੇ ਆਤਮਘਾਤ ਕਰਨ ਤੋਂ ਬਾਅਦ ਹੀ ਇਸ ਕਤਲ ਤੋਂ ਪਰਦਾ ਚੁੱਕਣ ਦਾ ਫ਼ੈਸਲਾ ਕੀਤਾ।

ਉਸ ਦਾ ਇਹ ਵੀ ਕਹਿਣਾ ਹੈ ਕਿ ਉਸ ਨੇ ਇਹ ਹੌਸਲਾ ਅਦਾਲਤੀ ਹੁਕਮਾਂ ਨਾਲ ਸੀਆਰਪੀਐੱਫ ਦੀ ਸੁਰੱਖਿਆ ਮਿਲਣ ਤੋਂ ਬਾਅਦ ਹੀ ਕੀਤਾ। ਕੁਲਦੀਪ ਸਿੰਘ ਅਨੁਸਾਰ 13 ਫਰਵਰੀ ਤਕ ਉਸ ਨੂੰ ਡਰਾਇਆ ਧਮਕਾਇਆ ਜਾਂਦਾ ਰਿਹਾ ਹੈ ਕਿ ਉਹ ਇਹ ਗਵਾਹੀ ਨਾ ਦੇਵੇ। ਇੱਥੋਂ ਤੱਕ ਕਿ 13 ਫਰਵਰੀ ਨੂੰ ਆਦਮਪੁਰ ਪੁਲਿਸ ਨੇ ਉਸ ਦੇ ਸਹੁਰੇ ਨੂੰ ਜਲੰਧਰੋਂ ਚੁੱਕਿਆ ਤੇ ਉਸ ਉੱਤੇ ਦਬਾਅ ਪਾਇਆ ਕਿ ਉਹ ਗਵਾਹੀ ਤੋਂ ਮੁਕਰ ਜਾਵੇ। ਕੁਲਦੀਪ ਸਿੰਘ ਦਾ ਕਹਿਣਾ ਹੈ ਕਿ ਇਹ ਗਵਾਹੀ ਦੇਣ ਤੋਂ ਬਾਅਦ ਉਹ ਆਪਣੇ-ਆਪ ਨੂੰ ਰੱਬ ਦੀ ਦਰਗਾਹ ਵਿਚ ਸੱਚਾ ਹੋਇਆ ਮਹਿਸੂਸ ਕਰਦਾ ਹੈ।"

### ਜਸਵੰਤ ਸਿੰਘ ਖਾਲੜਾ ਦਾ ਸੰਦੇਸ਼

ਇਕ ਲਘੂ ਕਥਾ ਹੈ। ਜਦ ਸੂਰਜ ਪਹਿਲੀ ਵਾਰ ਅਸਤ ਹੋਣ ਲੱਗਾ ਤਾਂ ਜਿਉਂ ਜਿਉਂ ਉਹ ਆਪਣਾ ਪੰਧ ਮੁਕਾ ਰਿਹਾ ਸੀ, ਚਾਨਣ ਘਟ ਰਿਹਾ ਸੀ। ਹਨੇਰੇ ਦੀ ਆਮਦ ਦੇ ਨਿਸ਼ਾਨ ਪ੍ਰਗਟ ਹੋ ਰਹੇ ਸਨ। ਲੋਕਾਂ ਵਿਚ ਹਾਹਾਕਾਰ ਮੱਚ ਰਹੀ ਸੀ ਕਿ ਸੂਰਜ ਛਿਪ ਜਾਊਗਾ, ਹਨੇਰਾ ਪਸਰ ਜਾਊਗਾ, ਕਿਸੇ ਨੂੰ ਕੁਛ ਦਿਸੂ ਨਾ ਤੇ ਸਾਡਾ ਕੀ ਬਣੂੰ? ਦੁਨੀਆਂ ਫ਼ਿਕਰਮੰਦ ਸੀ। ਸੂਰਜ ਅਸਤਿਆ, ਹਨੇਰੇ ਨੇ ਆਪਣਾ ਜੌਹਰ ਵਿਖਾਉਣ ਲਈ ਧਰਤੀ ਉੱਤੇ ਪੈਰ ਪਾਇਆ ਪਰ ਕਹਿੰਦੇ, ਦੂਰ ਕਿਸੇ ਝੌਂਪੜੀ ਵਿਚੋਂ ਇਕ ਦੀਪਕ ਨੇ ਸਿਰ ਚੁੱਕਿਆ ਅਤੇ ਕਿਹਾ, ਮੈਂ ਹਨੇਰੇ ਨੂੰ ਚੈਲਿੰਜ ਕਰਦਾਂ, ਆਪਣੇ ਆਲੇ-ਦੁਆਲੇ ਇਸ ਨੂੰ ਲਾਗੇ ਨਹੀਂ ਲੱਗਣ ਦਿਆਂਗਾ। ਕਹਿੰਦੇ, ਉਸ ਦੀਪਕ ਨੂੰ ਦੇਖ ਕੇ ਹਰ ਝੁੱਗੀ-ਝੌਂਪੜੀ ਵਿਚ ਦੀਪਕ ਉੱਠਿਆ ਅਤੇ ਦੁਨੀਆਂ ਹੈਰਾਨ ਰਹਿ ਗਈ ਕਿ ਇਨ੍ਹਾਂ ਦੀਪਾਂ ਨੇ ਹਨੇਰੇ ਨੂੰ ਪਸਰਨ ਤੋਂ ਰੋਕਿਆ ਤੇ ਲੋਕ ਦੇਖ ਸਕੇ। ਮੈਂ ਸਮਝਦਾ ਹਾਂ ਕਿ ਅੱਜ ਜਦੋਂ ਹਨੇਰਾ ਪੂਰੇ ਜ਼ੋਰ ਨਾਲ ਸੱਚ ਉੱਤੇ ਫਤਿਹ ਪਾਉਣ ਲਈ ਲਲਕਾਰ ਰਿਹਾ ਹੈ ਤਾਂ ਮੈਂ ਕਹੂੰਗਾ ਅਣਖੀਲਾ ਪੰਜਾਬ, ਦੀਪਕ ਦੀ ਨਿਆਈਂ ਇਸ ਨੂੰ ਚੈਲਿੰਜ ਕਰ ਰਿਹਾ ਹੈ। ਮੈਂ ਖ਼ਾਸ ਮਿਸ਼ਨ ਉੱਤੇ ਇਸ ਦੇਸ਼ ਆਇਆ ਹਾਂ। ਛੋਟਾ ਜਿਹਾ ਮਿਸ਼ਨ ਹੈ। ਤੁਸੀਂ ਤਾਂ ਬਹੁਤ ਵੱਡੇ ਮਿਸ਼ਨ ਨੂੰ ਇੱਥੇ ਦਾ ਵਿਸ਼ਾ ਬਣਾਇਆ, ਉਸ ਵਿਚੋਂ ਛੋਟਾ ਜਿਹਾ ਹਿੱਸਾ ਮਨੁੱਖੀ ਅਧਿਕਾਰਾਂ ਦਾ ਹੈ ਤੇ ਮਨੁੱਖੀ ਅਧਿਕਾਰਾਂ ਵਿਚੋਂ ਵੀ ਛੋਟਾ ਜਿਹਾ ਹਿੱਸਾ ਮੈਨੂੰ ਦੇ ਦਿਓ। ਅੱਜ ਅਸੀਂ ਕੈਨੇਡਾ ਵਿਚ ਇਕ ਰਿਪੋਰਟ ਦੀ ਗੱਲ ਕਰਨ ਆਏ ਸਾਂ। ਉਹ ਰਿਪੋਰਟ ਜੋ ਪਿਛਲੇ ਦਸਾਂ ਸਾਲਾਂ ਦੇ ਜਬਰ ਦੀ ਕਹਾਣੀ ਬਿਆਨ ਕਰਦੀ ਹੈ ਤੇ ਉਸ ਰਿਪੋਰਟ ਨੂੰ ਜਦ ਅਸੀਂ ਸ਼ੁਰੂ ਕਰਨ ਲੱਗੇ ਸਾਂ, ਪਹਿਲਾਂ ਸਾਡੇ ਕੋਲ ਸੈਂਕੜੇ ਰਿਪੋਰਟਾਂ ਸਨ ਪਰ ਇਕ ਸਵਾਲ ਸੀ, ਜੋ ਉਨ੍ਹਾਂ ਰਿਪੋਰਟਾਂ ਵਿਚੋਂ ਸਾਨੂੰ ਕੋਈ ਜਵਾਬ ਨਹੀਂ ਸੀ ਦੇ ਰਿਹਾ; ਉਹ ਸਵਾਲ ਸੀ ਕਿ ਹਜ਼ਾਰਾਂ ਮਾਂਵਾਂ ਆਪਣੇ ਪੁੱਤਾਂ ਨੂੰ ਉਡੀਕ ਰਹੀਆਂ ਨੇ, ਚਾਹੇ ਕਈਆਂ ਨੂੰ ਪਤਾ ਹੈ ਕਿ ਪੁੱਤ ਹੁਣ ਇਸ ਦੁਨੀਆਂ ਉੱਤੇ ਜਰਵਾਣਿਆਂ ਨਹੀਂ ਛੱਡਿਆ ਪਰ ਮਾਂ ਦਾ ਦਿਲ ਐਸਾ ਹੁੰਦਾ ਹੈ ਕਿ ਉਹ ਪੁੱਤ ਦੀ ਲਾਸ਼ ਦੇਖ ਕੇ ਵੀ ਯਕੀਨ ਨਹੀਂ ਕਰਦੀ ਕਿ ਉਸ ਦਾ ਪੁੱਤ ਉਸ ਨੂੰ ਛੱਡ ਗਿਆ ਹੈ।



ਜਿਨ੍ਹਾਂ ਮਾਂਵਾਂ ਨੇ ਆਪਣੇ ਜਾਇਆਂ ਦੀਆਂ ਲਾਸ਼ਾਂ ਵੀ ਨਹੀਂ ਸੀ ਦੇਖੀਆਂ, ਉਹ ਸਾਡੇ ਉੱਤੇ ਸਵਾਲ ਕਰ ਰਹੀਆਂ ਸਨ ਕਿ ਇਨ੍ਹਾਂ ਦਾ ਪਤਾ ਕਰ ਦਿਓ ਕਿ ਸਾਡਾ ਪੁੱਤ ਹੈ ਵੀ ਕਿ ਨਹੀਂ। ਉਨ੍ਹਾਂ ਭੈਣਾਂ ਦੇ ਵੀਰ, ਜਿਨ੍ਹਾਂ ਭੈਣਾਂ ਦੇ ਹੱਥਾਂ ਵਿਚ ਫੜੀਆਂ ਰੱਖੜੀਆਂ ਵੀਰਾਂ ਨੂੰ ਉਡੀਕ ਰਹੀਆਂ ਸਨ। ਕਈ ਬੀਬੀਆਂ ਭੈਣਾਂ ਸਾਡੀਆਂ ਅਸੀਂ ਘਰੋਂ ਤੋਰਨ ਲਈ ਰੋਕੀ ਖੜ੍ਹੇ ਸਾਂ, ਕਿਉਂਕਿ ਜਿਨ੍ਹਾਂ ਨਾਲ ਮੰਗੀਆਂ ਸਨ, ਜਿਨ੍ਹਾਂ ਨਾਲ ਵਿਆਹੁਣੀਆਂ ਸਨ, ਪੁਲਿਸ ਨੇ ਚੁੱਕਿਆ ਸਾਨੂੰ ਪਤਾ ਨਹੀਂ।

ਇਸ ਕਹਾਣੀ ਨੂੰ ਜਦੋਂ ਅਸੀਂ ਸ਼ੁਰੂ ਕੀਤਾ ਤਾਂ ਪਹਿਲਾਂ ਤਾਂ ਅਸੀਂ ਇਸ ਗੱਲ ਬਾਰੇ ਅੰਕੜੇ ਇਕੱਠੇ ਕੀਤੇ ਕਿ ਕਿੰਨੇ ਪੁੱਤ, ਕਿੰਨੇ ਭਰਾ, ਕਿੰਨੇ ਪਤੀ ਤੇ ਕਿੰਨੇ ਬੱਚੇ ਲਾਪਤਾ ਨੇ, ਪਰ ਜਦੋਂ ਅਸੀਂ ਇਸ ਵਿਸ਼ੇ ਉੱਤੇ ਗੱਲ ਸ਼ੁਰੂ ਕੀਤੀ ਤਾਂ ਅਨੇਕ ਮਾਂਵਾਂ-ਭੈਣਾਂ ਇਹ ਗੱਲ ਕਹਿਣ ਲਈ ਤਿਆਰ ਨਹੀਂ ਸਨ। ਕਹਿੰਦੀਆਂ, ਪੁੱਤ ਜੇ ਗੱਲ ਤੁਸਾਂ ਅਗਾਂਹ ਕਰ ਦਿਤੀ, ਸਾਡਾ ਪੁੱਤ ਜਿੰਦਾ ਏ ਅਜੇ, ਉਹ ਮਾਰ ਦੇਣਗੇ। ਤੁਸੀਂ ਗੱਲ ਨਾ ਕਰਿਓ, ਅਸੀਂ ਤੁਹਾਨੂੰ ਵੀ ਨਹੀਂ ਦੱਸਣਾ। ਅਸੀਂ ਰਫ਼ (ਮੋਟਾ) ਜਿਹਾ ਅੰਦਾਜ਼ਾ ਦੁਨੀਆਂ ਦੇ ਸਾਹਮਣੇ ਰੱਖਿਆ ਕਿ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ 2000 ਬੱਚੇ ਲਾਪਤਾ ਹਨ। ਸਰਕਾਰ ਦੱਸੇ ਕਿ ਉਹ ਕਿਥੇ ਨੇ? ਸਰਕਾਰ ਚੁਪ ਸੀ। ਅਸੀਂ ਫਿਰ ਕੁਝ ਪਰਿਵਾਰਾਂ ਵੱਲੋਂ ਹਾਈਕੋਰਟ ਵਿਚ ਪਟੀਸ਼ਨਾਂ ਕਰਾਈਆਂ ਕਿ ਦੱਸੋ ਇਹ ਬੱਚੇ ਕਿਥੇ ਨੇ?

ਸਰਕਾਰ ਨੇ ਹਲਫ਼ੀਆ ਬਿਆਨ ਦਿੱਤੇ ਕਿ ਅਸੀਂ ਇਨ੍ਹਾਂ ਬੱਚਿਆਂ ਨੂੰ ਜਾਣਦੇ ਨਹੀਂ। ਜਦੋਂ ਗੱਲ ਹੋਰ ਅਗੇ ਵਧੀ ਤਾਂ ਜ਼ੁਲਮ ਦੇ ਇੰਚਾਰਜ ਕੇਪੀਐੱਸ ਗਿੱਲ ਨੇ ਅੰਮ੍ਰਿਤਸਰ ਵਿਚ ਪ੍ਰੈੱਸ ਕਾਨਫ਼ਰੰਸ ਕਰ ਕੇ ਕਿਹਾ ਕਿ ਇਹ ਮਨੁੱਖੀ ਅਧਿਕਾਰ ਵਿੰਗ ਵਾਲੇ ਮਨੁੱਖੀ ਅਧਿਕਾਰਾਂ ਬਾਰੇ ਕੁਛ ਨਹੀਂ ਕਰ ਰਹੇ। ਇਨ੍ਹਾਂ ਦਾ ਨਿਸ਼ਾਨਾ ਹੈ ਕਿ ਇਹ ਬੌਹਕਰ ਖੜ੍ਹੀ ਕਰੀ ਰੱਖਣਾ ਚਾਹੁੰਦੇ ਐ ਕਿ ਪੰਜਾਬ ਵਿਚ ਕਿਤੇ ਅਮਨ ਨਾ ਹੋ ਜਾਵੇ। ਇਹ ਆਈਐੱਸਆਈ ਦੇ ਏਜੰਟ ਨੇ ਤੇ ਸਾਡੀ ਪੁਲਿਸ ਮਸ਼ੀਨਰੀ ਨੂੰ ਨਿਰਾਸ਼ ਕਰ ਕੇ ਦੁਬਾਰਾ ਅੱਤਵਾਦ ਉਭਾਰਨ ਲਈ ਸਾਜ਼ਿਸ਼ਾਂ ਘੜ ਰਹੇ ਨੇ। ਕੇਪੀਐੱਸ ਗਿੱਲ ਨੇ ਇੱਥੋਂ ਤੱਕ ਕਿਹਾ ਕਿ ਮੈਂ ਦੱਸਦਾ ਹਾਂ ਕਿ ਉਹ ਬੱਚੇ ਕਿਥੇ ਐ? ਉਸ ਨੇ ਕਿਹਾ ਕਿ ਇਹ ਬੱਚੇ ਯੂਰਪ, ਕੈਨੇਡਾ, ਅਮਰੀਕਾ ਵਿਚ ਦਿਹਾੜੀਆਂ ਕਰ ਰਹੇ ਨੇ ਤੇ ਇਹ ਮਨੁੱਖੀ ਅਧਿਕਾਰ ਸੰਗਠਨ ਸਾਨੂੰ ਕਹਿ ਰਹੇ ਨੇ ਕਿ ਹਜ਼ਾਰਾਂ ਬੱਚੇ ਲਾਪਤਾ ਨੇ। ਇਹ ਚੈਲਿੰਜ ਸੀ ਸਾਨੂੰ, ਉਸ ਹਕੀਕਤ ਨੂੰ ਅਸੀਂ ਸਾਹਮਣੇ ਲਿਆਉਣਾ ਚਾਹੁੰਦੇ ਸਾਂ। ਅਸੀਂ ਇਸ ਹਕੀਕਤ ਨੂੰ ਸਬੂਤਾਂ ਸਹਿਤ ਦੁਨੀਆਂ ਸਾਹਮਣੇ ਪੇਸ਼ ਕਰਨ ਲਈ ਆਪਣੇ ਆਪ ਨੂੰ ਉਸ ਮੁਹਿੰਮ ਵਿਚ ਪਾਇਆ, ਜਿੱਥੇ ਸਾਨੂੰ ਖ਼ਤਰਿਆਂ ਦਾ ਸਾਹਮਣਾ ਕਰਨਾ ਪਿਆ। ਲੇਕਿਨ ਅਸੀਂ ਗਏ, ਉੱਥੇ ਜਿੱਥੇ ਸਾਡੇ ਭਰਾ ਗਏ ਸੀ, ਅਸੀਂ ਮੜ੍ਹੀਆਂ ਵਿਚ ਗਏ, ਅਸੀਂ ਜਾ ਕੇ ਉੱਥੇ ਡਿਊਟੀਆਂ ਦਿੰਦੇ ਮੁਲਾਜ਼ਮਾਂ ਨੂੰ ਪੁਛਿਆ ਕਿ ਤੁਸੀਂ ਸਾਨੂੰ ਇੰਨਾ ਈ ਦੱਸ ਦਿਓ ਕਿ ਇਸ ਸਮੇਂ ਵਿਚ ਪੁਲਿਸ ਨੇ ਤੁਹਾਨੂੰ ਕਿੰਨੀਆਂ ਕੁ ਲਾਸ਼ਾਂ ਦਿੱਤੀਆਂ। ਕੋਈ ਕਹੇ, 9-10 ਰੋਜ਼ ਦੀਆਂ ਸਾੜਦੇ ਸਾਂ; ਕੋਈ ਕਹੇ, ਕੋਈ ਹਿਸਾਬ ਈ ਨਹੀਂ; ਕਦੀ ਟਰੱਕ ਪੂਰਾ ਆ ਜਾਂਦਾ ਸੀ ਤੇ ਕਦੀ 2-4 ਆਉਂਦੀਆਂ ਸਨ। ਜਦੋਂ ਅਸੀਂ ਕਿਹਾ ਕਿ ਸਾਨੂੰ ਤਾਂ ਹਿਸਾਬ ਚਾਹੀਦਾ, ਤਾਂ ਉਨ੍ਹਾਂ ਕਿਹਾ ਕਿ ਇਕ ਥਾਂ ਤੋਂ ਹਿਸਾਬ ਮਿਲ ਸਕਦਾ, ਲਾਸ਼ਾਂ ਸਾਨੂੰ ਪੁਲਿਸ ਦਿੰਦੀ ਸੀ ਤੇ ਬਾਲਣ ਸਾਨੂੰ ਮਿਉਂਸਪਲ ਕਮੇਟੀ ਦਿੰਦੀ ਸੀ। ਮਿਉਂਸਪਲ ਕਮੇਟੀ ਦੇ ਨਿਯਮ ਨੇ, ਇੱਥੇ ਵੀ ਹੋਣਗੇ ਕਿ ਸ਼ਹਿਰ ਵਿਚ ਲਾਵਾਰਸ ਲਾਸ਼ ਕੋਈ ਵੀ ਮਿਲੇ, ਮਿਉਂਸਪੈਲਿਟੀ ਆਪਣੇ ਖਰਚੇ 'ਤੇ ਸਸਕਾਰ ਕਰਦੀ ਐ। ਫਿਰ ਕੁਦਰਤੀ ਇਹ ਰਾਹ ਸਾਨੂੰ ਮਿਲ ਗਿਆ। ਅਸੀਂ ਵੇਖਿਆ ਕਿ ਸਾਡੇ ਲਾਪਤਾ ਭਰਾਵਾਂ ਦਾ ਪੂਰਾ ਹਿਸਾਬ ਲਿਖਿਆ ਪਿਆ ਸੀ। ਉੱਥੇ ਰੋਜ਼ਾਨਾ ਕਿੰਨਾ ਬਾਲਣ ਜਾਰੀ ਹੁੰਦਾ ਸੀ, ਲਿਖਿਆ ਪਿਆ ਸੀ। ਉੱਥੇ ਲਿਖਿਆ ਸੀ ਕਿ ਕਿੰਨੀਆਂ ਲਾਸ਼ਾਂ ਕਿਹੜਾ ਪੁਲਿਸ ਅਫ਼ਸਰ ਦੇ ਕੇ ਗਿਆ ਤੇ ਜਦੋਂ ਅਸੀਂ ਉਸ ਤੋਂ ਵੀ ਅੱਗੇ ਗਏ ਤਾਂ ਉੱਥੇ ਇਹ ਵੀ ਲਿਖਿਆ ਪਿਆ ਸੀ ਕਿ ਕਿਹੜਾ ਠਾਣੇਦਾਰ ਕਿੰਨੀਆਂ ਲਾਸ਼ਾਂ ਲੈ ਕੇ ਆਇਆ। ਅਸੀਂ ਹੈਰਾਨ ਰਹਿ ਗਏ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਤਿੰਨਾਂ ਸ਼ਹਿਰਾਂ ਦੀਆਂ ਮਿਉਂਸਪਲ ਕਮੇਟੀਆਂ ਦੇ ਸ਼ਮਸ਼ਾਨ ਘਾਟਾਂ ਵਿਚ 6017 ਲਾਸ਼ਾਂ ਅਜਿਹੀਆਂ ਸਨ, ਜੋ ਸਾਫ਼ ਲਿਖਿਆ ਸੀ ਕਿ ਇਹ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੇ, ਜਿਨ੍ਹਾਂ ਦੀ ਉਮਰ 15 ਤੋਂ 35 ਸਾਲ ਦੇ ਦਰਮਿਆਨ ਆ। ਲਿਖਿਆ ਸੀ, ਬੀਬੀਆਂ ਦੀਆਂ ਲਾਸ਼ਾਂ ਵੀ ਨੇ। ਅਸੀਂ ਹੈਰਾਨ ਹੋਏ ਕਿ ਉਹਦੇ ਵਿਚ ਬਜ਼ੁਰਗਾਂ ਦੀਆਂ ਲਾਸ਼ਾਂ ਵੀ ਨੇ, ਚਾਹੇ ਉਹ ਕੁਛ ਫ਼ੀਸਦੀ ਸੀ। ਉੱਥੇ ਲਿਖਿਆ ਪਿਆ ਸੀ, ਸਾਡੀਆਂ ਮਾਤਾਵਾਂ ਦੀਆਂ ਲਾਸ਼ਾਂ ਵੀ ਨੇ। ਉੱਥੇ ਮਾਤਾ ਗੁਰਮੇਜ ਕੌਰ, ਜਿੰਨੇ ਬਾਬਾ ਮਾਨੋਚਾਹਲ ਜੰਮਿਆ ਸੀ, ਉਸ ਦੀ ਲਾਸ਼ ਵੀ ਸਾਨੂੰ ਲੱਭੀ। ਉੱਥੇ ਬੀਬੀ ਮਹਿੰਦਰ ਕੌਰ, ਜਿੰਨੇ ਪਰਮਜੀਤ ਸਿੰਘ ਪੰਜਵੜ ਜੰਮਿਆ ਸੀ, ਉਸ ਦੀ ਲਾਸ਼ ਵੀ ਲੱਭੀ ਤੇ ਉੱਥੇ ਹਰਮਿੰਦਰ ਸਿੰਘ ਸੁਲਤਾਨਵਿੰਡ ਦੇ ਚਾਚੇ ਬਾਬਾ ਪਿਆਰਾ ਸਿੰਘ ਦੀ ਲਾਸ਼ ਵੀ ਸਾਨੂੰ ਲੱਭੀ। ਜਦੋਂ ਸਾਨੂੰ ਇਹ ਹਕੀਕਤ ਮਿਲੀ, ਅਸੀਂ ਉਸ ਦੇਸ਼ ਦੀ ਉਚ ਅਦਾਲਤ ਵਿਚ ਗਏ। ਅਸੀਂ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਕਿ ਘੱਟੋ-ਘੱਟ ਸਾਨੂੰ ਇਹ ਵੇਰਵਾ ਤਾਂ ਦੇ ਦਿਓ ਕਿ ਕਿਹੜੀ ਲਾਸ਼ ਕੀਹਦੀ ਐ। ਕਾਨੂੰਨ ਕਹਿੰਦਾ ਹੈ ਕਿ ਲਾਵਾਰਸ ਲਾਸ਼ ਦੀ ਫ਼ੋਟੋ ਰੱਖੀ ਜਾਂਦੀ ਐ; ਕਾਨੂੰਨ ਕਹਿੰਦਾ, ਲਾਵਾਰਸ ਲਾਸ਼ ਦੇ ਕੱਪੜੇ ਉਦੋਂ ਤਕ ਸਾਂਭ ਕੇ ਰੱਖੇ ਜਾਂਦੇ ਆ, ਜਦ ਤੱਕ ਉਨ੍ਹਾਂ ਦਾ ਵਾਰਸ ਦਾਅਵਾ ਨਾ ਕਰੇ, ਪਰ ਉਹ ਦੇਸ਼ ਜੋ ਸਭ ਤੋਂ ਵੱਡੀ ਜਮਹੂਰੀਅਤ ਤੇ ਨਿਆਂ ਪਸੰਦ ਕਹਾਉਂਦਾ ਏ, ਉਸ ਦੇਸ਼ ਦੀ ਹਾਈਕੋਰਟ ਨੇ ਸਾਨੂੰ ਕਿਹਾ ਕਿ ਇੰਜ ਕਰੋ, ਇਹ ਪਬਲਿਕ ਇੰਟਰੈੱਸਟ (ਲੋਕ-ਹਿਤ) ਤਾਂ ਬਣਦੀ ਨਹੀਂ, ਇਹਦੇ ਨਾਲ ਬਹੁਤ ਵੱਡਾ ਮਸਲਾ ਖੜ੍ਹਾ ਹੁੰਦੇ ਏ, ਤੁਸੀਂ ਹਰ ਪਰਿਵਾਰ ਨੂੰ ਭੇਜ ਦਿਓ, ਜਿਨ੍ਹਾਂ ਦੀ ਲਾਸ਼ ਹੈ, ਅਸੀਂ ਉਨ੍ਹਾਂ ਨੂੰ ਜਾਣਕਾਰੀ ਦੇ ਦਿਆਂਗੇ। ਕਾਨੂੰਨ ਨਾਲ ਮਖ਼ੌਲ ਕੀਤਾ ਗਿਆ। ਉਨ੍ਹਾਂ ਲੋਕਾਂ ਨਾਲ ਮਖ਼ੌਲ ਕੀਤਾ ਗਿਆ, ਜੋ ਹੋਰ ਕੁਛ ਨਹੀਂ ਮੰਗਦੇ, ਸਿਰਫ਼ ਡੈੱਥ ਸਰਟੀਫਿਕੇਟ ਹੀ ਮੰਗਦੇ ਸਨ। ਚਾਹੇ ਅਸੀਂ ਹੁਣ ਸੁਪਰੀਮ ਕੋਰਟ ਵਿਚ ਜਾਵਾਂਗੇ ਪਰ ਸਭ ਤੋਂ ਵੱਡੀ ਕਚਹਿਰੀ ਲੋਕਾਂ ਦੀ ਕਚਹਿਰੀ ਹੁੰਦੀ ਐ ਤੇ ਅਸੀਂ ਲੋਕਾਂ ਦੀ ਕਚਹਿਰੀ ਵਿਚ ਦੁਨੀਆਂ ਪੱਧਰ 'ਤੇ ਜਾਣਾ ਚਾਹੁੰਦੇ ਆਂ ਕਿ ਐ ਦੁਨੀਆਂ ਵਾਲ਼ਿਓ! ਤੁਸਾਂ ਸਾਨੂੰ ਅਤਿਵਾਦੀ ਆਖਿਆ, ਤੁਸਾਂ ਸਾਨੂੰ ਫ਼ਿਰਕਾਪ੍ਰਸਤ ਆਖਿਆ ਏ, ਪਰ ਜਿਨ੍ਹਾਂ ਨੂੰ ਤੁਸਾਂ ਅਮਨ ਦੇ ਮਸੀਹਾ ਆਖਿਆ ਸੀ, ਜਿਨ੍ਹਾਂ ਨੂੰ ਤੁਸਾਂ ਜਮਹੂਰੀਅਤ ਦੇ ਪੈਗ਼ੰਬਰ ਕਿਹਾ ਸੀ, ਉਨ੍ਹਾਂ ਦੀ ਅਸਲੀਅਤ ਜਾਣੋ ਤੇ ਸਾਨੂੰ ਦੱਸੋ ਕਿ ਆਖ਼ਿਰ ਅਤਿਵਾਦੀ ਕੌਣ ਐ ਤੇ ਸਤਿਵਾਦੀ ਕੌਣ ਐ?

ਇਸ ਆਧਾਰ ਉੱਤੇ ਮਹਾਰਾਜ ਨੇ ਕੋਈ ਮੌਕਾ ਬਖ਼ਸ਼ਿਆ। (ਕਾਮਾ ਗਾਟਾ ਮਾਰੂ ਜਹਾਜ਼ ਵਿਚ ਆਏ) ਦਾਦੇ ਮੇਰੇ ਨੂੰ ਤਾਂ ਇਸ ਮੁਲਕ (ਕੈਨੇਡਾ) ਨੇ ਨਹੀਂ ਸੀ ਵੜਨ ਦਿੱਤਾ ਪਰ ਕੋਈ ਭਾਣਾ ਅਚਾਨਕ ਵਾਪਰਿਆ। ਮੈਨੂੰ ਕਿਹਾ ਗਿਆ ਕਿ ਮਿਸਿਜ਼ ਕੁਲੀਨ ਇੱਥੇ ਕੋਈ ਸੈਮੀਨਾਰ ਕਰ ਰਹੀ ਐ। ਮੈਂ ਕੈਨੇਡਾ ਆਇਆ। ਇੱਥੇ ਕੈਨੇਡਾ ਦੀ ਸਰਕਾਰ, ਪਾਰਲੀਮੈਂਟ ਨੂੰ ਸਭ ਕੁਛ ਕਿਹਾ; ਲੇਕਿਨ ਮੈਂ ਸਮਝਦਾ ਕਿ ਬੇਗਾਨਿਆਂ ਨੂੰ ਕਹਿਣ ਦੇ ਨਾਲ ਨਾਲ ਆਪਣਿਆਂ ਨੂੰ ਵੀ ਕਹਿ ਲਵਾਂ ਕੁਛ। ਅਸੀਂ ਇਹ ਬਹੁਤ ਕਹਿ ਸਕਦੇ ਹਾਂ ਕਿ ਸਾਡੇ ਉੱਤੇ ਜ਼ੁਲਮ ਬਹੁਤ ਹੋਇਆ, ਲੇਕਿਨ ਜ਼ੁਲਮ ਦਾ ਪੂਰਾ ਹਿਸਾਬ ਰੱਖਣ ਦਾ ਅਜੇ ਸਾਨੂੰ ਅਭਿਆਸ ਨਹੀਂ ਹੋਇਆ। ਅਸੀਂ ਕਰੀਬ 50 ਹਜ਼ਾਰ ਜਾਂ ਕਰੀਬ 10 ਲੱਖ, ਇਹ ਸਾਰਾ ਕੁਛ ਕਹਿ ਦਿੰਨੇ ਆਂ। ਦੁਨੀਆਂ ਦੇ ਪੜ੍ਹੇ ਲਿਖੇ ਲੋਕ ਇਤਬਾਰ ਨਹੀਂ ਕਰਦੇ। ਸਹੀ ਅੰਕੜੇ ਮੰਗਦੇ ਨੇ ਤਾਂ ਉਹਦੇ ਵਾਸਤੇ ਅਸੀਂ ਇਹ ਵੀ ਕਹਿਨੇ ਆਂ ਕਿ ਆਓ ਤੁਸੀਂ ਸਾਰੇ ਹੀ ਇਸ ਮਸਲੇ ਉੱਤੇ ਵਿਚਾਰੋ। ਕਿਉਂਕਿ ਇਹ ਮਸਲਾ ਉਨ੍ਹਾਂ ਪਰਿਵਾਰਾਂ ਦਾ ਹੀ ਨਹੀਂ, ਕੌਮ ਦਾ ਮਸਲਾ ਏ। ਇਹ ਦੁਨੀਆਂ ਦੀ ਮਾਨਵਤਾ ਦਾ ਮਸਲਾ ਐ। ਤੁਸੀਂ ਸਾਰੇ ਇਸ ਮਸਲੇ ਨੂੰ ਜਿੱਥੇ ਵੀ ਹੈ, ਜਿਸ ਵੀ ਢੰਗ ਨਾਲ ਹੈ, ਉਸ ਢੰਗ ਨਾਲ ਪੇਸ਼ ਕਰੋ ਤੇ ਉਸ ਹਕੂਮਤ ਨੂੰ, ਉਸ ਮਸ਼ੀਨਰੀ ਨੂੰ, ਉਸ ਨਿਆਂ ਪ੍ਰਣਾਲੀ ਨੂੰ ਲਾਹਨਤਾਂ ਪਾਓ ਤੇ ਲੋਕਾਂ ਨੂੰ ਅਸਲੀਅਤ ਦੱਸੋ। ਇਸ ਕੰਮ ਵਿਚ ਤੁਸੀਂ ਸਾਡੀ ਜ਼ਰੂਰ ਮਦਦ ਕਰਿਓ।

ਇਸ ਦੇ ਨਾਲ ਹੀ ਮੈਂ ਤੁਹਾਡੇ ਨਾਲ ਇਕ ਗੱਲ ਹੋਰ ਕਰਨੀ ਚਾਹੁੰਨਾ। ਮਨੁੱਖੀ ਅਧਿਕਾਰ ਪੰਜਾਬ ਵਿਚ ਰਹਿੰਦੇ ਲੋਕਾਂ ਦੇ ਹੀ ਕੁਚਲੇ ਨਹੀਂ ਜਾਂਦੇ, ਮਨੁੱਖੀ ਅਧਿਕਾਰ ਸਿਰਫ਼ ਉੱਥੇ ਰਹਿਣ ਵਾਲੇ ਸਿੱਖਾਂ ਦੇ ਈ ਕੁਚਲੇ ਨਹੀਂ ਜਾਂਦੇ। ਹਰ ਸਿੱਖ ਜਦ ਭਾਰਤੀ ਸਟੇਟ ਨਾਲ ਆਪਣੇ ਸੰਬੰਧਾਂ ਦਾ ਲੈਣ-ਦੇਣ ਕਰਦਾ ਏ ਤਾਂ ਉਸ ਦੇ ਮਨੁੱਖੀ ਅਧਿਕਾਰਾਂ ਉੱਤੇ ਵਾਰ ਹੁੰਦਾ ਏ। ਕਈਆਂ ਨੂੰ ਅਹਿਸਾਸ ਹੁੰਦਾ ਐ ਤੇ ਕਈਆਂ ਨੂੰ ਨਹੀਂ ਹੁੰਦਾ। ਮੈਂ ਕਹਿਨਾਂ ਕਿ ਤੁਹਾਡੇ ਹਰ ਇਕ ਦੇ ਨਾਲ ਭਾਰਤੀ ਸਟੇਟ ਮਨੁੱਖੀ ਅਧਿਕਾਰਾਂ ਦੇ ਪੱਖ ਤੋਂ ਧੱਕਾ ਕਰਦਾ ਐ ਤੇ ਤੁਸੀਂ ਸਿਰਫ਼ ਇਹ ਹੀ ਨਾ ਸੋਚਿਓ ਕਿ ਸਾਡੇ ਨਾਲ ਮਨੁੱਖੀ ਅਧਿਕਾਰਾਂ ਦਾ ਧੱਕਾ ਹੋ ਰਿਹਾ ਤਾਂ ਤੁਸੀਂ ਸਾਡੀ ਗੱਲ ਕਰਨੀ ਐ। ਸੋ, ਗੁਰੂ ਪਾਸ ਅਰਦਾਸ ਕਰੋ ਕਿ ਅਸੀਂ ਅਣਖੀਲੇ ਬਣੇ ਰਹੀਏ। ਜਿਸ ਕੰਮ ਲਈ ਸਾਨੂੰ ਸਾਜਿਆ ਗਿਆ, ਉਹਦੇ ਉੱਤੇ ਪਹਿਰਾ ਦੇ ਸਕੀਏ।

ਅੰਮ੍ਰਿਤਸਰ ਟਾਈਮਜ਼
AMRITSAR TIMES
11 ਦਸੰਬਰ 2019 ਤੋਂ 17 ਦਸੰਬਰ 2019

# ਅਦਾਲਤੋਂ ਬਾਹਰੀ ਸਜ਼ਾ

ਭਾਰਤ ਵਿਚ ਜਬਰ ਜਨਾਹ ਅਤੇ ਸਮੂਹਿਕ ਜਬਰ ਜਨਾਹ ਦੇ ਮਾਮਲੇ ਇਨ੍ਹੀਂ ਦਿਨੀਂ ਚਰਚਾ ਵਿਚ ਹਨ ਅਤੇ ਦੇਸ਼ ਦੇ ਹਰ ਨਾਗਰਿਕ ਦਾ ਧਿਆਨ ਬਾਕੀ ਮਸਲੇ ਛੱਡ ਕੇ ਇਨ੍ਹਾਂ ਅਪਰਾਧਾਂ ਅਤੇ ਇਨ੍ਹਾਂ ਉਪਰ ਸਿਆਸਤਦਾਨਾਂ, ਪ੍ਰਸ਼ਾਸਨ, ਪੁਲਿਸ ਅਤੇ ਨਿਆਂਪਾਲਿਕਾ ਦੀ ਕਾਰਵਾਈ ਉਪਰ ਕੇਂਦਰਿਤ ਹੈ। ਭਾਰਤ ਅੱਜ ਦੁਨੀਆ ਦਾ ਸਭ ਤੋਂ ਵੱਡਾ ਜਮਹੂਰੀ ਮੁਲਕ ਕਹਾਉਂਦਾ ਹੈ। 'ਵੱਡੇ ਜਮਹੂਰੀ ਮੁਲਕ' ਦਾ ਲਕਬ ਇਸ ਦੇਸ਼ ਨੂੰ ਕਿਸੇ ਕੌਮਾਂਤਰੀ ਸੰਸਥਾ ਜਾਂ ਸੰਗਠਨ ਨੇ ਨਹੀਂ ਸਗੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੀ ਸਿਆਸੀ ਮੰਡਲੀ ਨੇ ਦਿੱਤਾ ਹੈ। ਕਿਸੇ ਵੀ ਲੋਕ ਰਾਜ ਦੇ ਤਿੰਨ ਮੁੱਖ ਅੰਗਾਂ ਵਿਚ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂਪਾਲਿਕਾ ਨੂੰ ਸ਼ਾਮਲ ਕੀਤਾ ਗਿਆ ਹੈ। ਕਈ ਵਾਰ ਪੱਤਰਕਾਰੀ, ਮੀਡੀਆ ਜਾਂ ਪ੍ਰੈਸ ਨੂੰ ਵੀ ਚੌਥੇ ਥੰਮ ਵਜੋਂ ਸ਼ੁਮਾਰ ਕੀਤਾ ਜਾਂਦਾ ਹੈ ਪਰ ਰਾਜ ਪ੍ਰਬੰਧ ਚਲਾਉਣ ਵਿਚ ਮੁੱਖ ਕਾਰਜ ਇਹ ਤਿੰਨੇ ਅੰਗ ਕਰਦੇ ਹਨ। ਭਾਰਤੀ ਸੰਵਿਧਾਨ ਮੁਤਾਬਕ ਵੀ ਇਨ੍ਹਾਂ ਤਿੰਨ ਸੰਸਥਾਵਾਂ ਨੂੰ ਕੰਮ ਕਾਜ, ਕਾਰਜ ਜਾਂ ਡਿਊਟੀਆਂ ਦੀ ਵੰਡ ਕੀਤੀ ਗਈ ਹੈ ਜਿਸ ਵਿਚ ਇਨ੍ਹਾਂ ਦੇ ਅਧਿਕਾਰਾਂ ਜਾਂ ਸ਼ਕਤੀਆਂ ਨੂੰ ਵੀ ਪਰਿਭਾਸ਼ਤ ਕੀਤਾ ਗਿਆ ਹੈ। ਸੰਵਿਧਾਨ ਅਤੇ ਕਾਨੂੰਨ ਮੁਤਾਬਕ ਕਿਸੇ ਵੀ ਅਪਰਾਧ ਲਈ ਸਜ਼ਾ ਨਿਆਂਪਾਲਿਕਾ ਯਾਨੀਕਿ ਦੇਸ਼ ਦੀਆਂ ਅਦਾਲਤਾਂ ਤੈਅ ਕਰਦੀਆਂ ਹਨ, ਭਾਵੇਂ ਇਹ ਜੁਰਮ ਕਿੰਨਾ ਵੀ ਸੰਗੀਨ ਕਿਉਂ ਨਾ ਹੋਵੇ। ਇਥੋਂ ਤੱਕ ਕਿ ਫੌਜ ਵਿਚ ਕੋਰਟ ਮਾਰਸ਼ਲ ਵਲੋਂ ਦਿੱਤੀ ਗਈ ਸਜ਼ਾ ਨੂੰ ਵੀ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ ਪਰ ਪਿਛਲੇ ਦਿਨੀਂ ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਨੇੜੇ ਵਾਪਰੀ ਸਮੂਹਿਕ ਜਬਰ ਜਨਾਹ ਦੀ ਵਾਰਦਾਤ ਵਿਚ ਸ਼ਾਮਲ ਚਾਰੇ ਦੋਸ਼ੀਆਂ ਨੂੰ ਪੁਲਿਸ ਨੇ ਵਾਰਦਾਤ ਵਾਲੀ ਥਾਂ 'ਤੇ ਲਿਜਾ ਕੇ ਗੋਲੀਆਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਖੁਦ ਹੀ ਇਨ੍ਹਾਂ ਨੂੰ 'ਸਜ਼ਾ ਏ ਮੌਤ' ਦੇ ਕੇ ਸਾਰਾ ਝੰਜਟ ਹੀ ਖਤਮ ਕਰ ਦਿੱਤਾ।

ਕੁਝ ਦਿਨ ਪਹਿਲਾ ਇਕ ਵੈਟਰਨਰੀ ਡਾਕਟਰ ਦੇ ਬਲਾਤਕਾਰ ਅਤੇ ਕਤਲ ਦੀ ਇਸ ਘਟਨਾ ਤੋਂ ਬਾਅਦ ਜਿਸ ਤਰ੍ਹਾਂ ਪੂਰੇ ਮੁਲਕ ਵਿਚ ਰੋਹ ਦੀ ਭਾਵਨਾ ਪੈਦਾ ਹੋ ਗਈ ਸੀ ਅਤੇ ਵੱਖ ਵੱਖ ਜਥੇਬੰਦੀਆਂ ਨੇ ਰੋਸ ਵਿਖਾਵੇ ਸ਼ੁਰੂ ਕਰ ਦਿੱਤੇ ਸਨ, ਜਿਸ ਨਾਲ ਕੇਂਦਰ ਅਤੇ ਸੂਬਾ ਸਰਕਾਰ ਉਪਰ ਇਕੋਦਮ ਦਬਾਅ ਪੈ ਗਿਆ ਕਿ ਇਸ ਮਾਮਲੇ ਦੇ ਮੁਲਜ਼ਮਾਂ ਨੂੰ ਛੇਤੀ ਅਤੇ ਸਖਤ ਸਜ਼ਾ ਦਿੱਤੀ ਜਾਵੇ। ਪਾਰਲੀਮੈਂਟ ਵਿਚ ਵੀ ਇਸ ਮੁੱਦੇ 'ਤੇ ਖੂਬ ਚਰਚਾ ਹੋਈ ਜਿਸ ਨਾਲ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਤੇਲੰਗਾਨਾ ਪੁਲਿਸ ਨੇ ਇਸ ਸਮੇਂ ਦੌਰਾਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਤਫ਼ਤੀਸ਼ ਵੀ ਸ਼ੁਰੂ ਕਰ ਦਿੱਤੀ ਸੀ ਪਰ ਅਚਾਨਕ ਇਸ ਖ਼ਬਰ ਨੇ ਪੂਰੇ ਮੁਲਕ ਨੂੰ ਹੈਰਾਨ ਕਰ ਦਿੱਤਾ ਕਿ ਦੋਸ਼ੀ 'ਪੁਲਿਸ ਮੁਕਾਬਲੇ' ਵਿਚ ਮਾਰੇ ਗਏ। ਦੇਸ਼ ਦੇ ਕਾਫ਼ੀ ਲੋਕਾਂ ਇਥੋਂ ਤੱਕ ਕਿ ਸਿਆਸੀ ਆਗੂਆਂ ਨੇ ਪੁਲਿਸ ਦੀ ਇਸ ਕਾਰਵਾਈ ਦੀ ਹਮਾਇਤ ਹੀ ਨਹੀਂ ਕੀਤੀ ਸਗੋਂ ਪ੍ਰਸੰਸਾ ਵੀ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਸਜ਼ਾ ਦੇ ਦਿੱਤੀ ਗਈ ਹੈ। ਪੁਲਿਸ ਨੇ ਆਮ ਲੋਕਾਂ ਦੀ ਵਾਹ ਵਾਹ ਖੱਟਣ ਲਈ ਕਈ ਘੰਟੇ ਲਾਸ਼ਾਂ ਘਟਨਾ ਵਾਲੀ ਥਾਂ ਤੇ ਰੱਖੀਆਂ ਅਤੇ ਇਥੋਂ ਤੱਕ ਕਿ ਲੋਕਾਂ ਨੇ ਇਨ੍ਹਾਂ 'ਅਪਰਾਧੀਆਂ' ਨੂੰ ਮਾਰਨ ਵਾਲੇ ਪੁਲਿਸ ਮੁਲਾਜ਼ਮਾਂ ਤੇ ਫੁੱਲਾਂ ਦੀ ਵਰਖਾ ਵੀ ਕੀਤੀ।

ਪੰਜਾਬੀਆਂ ਖਾਸ ਕਰਕੇ ਸਿੱਖਾਂ ਲਈ ਇਹ 'ਮੁਕਾਬਲੇ' ਦੀ ਘਟਨਾ ਭਾਵੇਂ ਕੋਈ ਨਹੀਂ ਗੱਲ ਨਹੀਂ ਕਿਉਂਕਿ ਪੰਜਾਬ ਵਿਚ ਪਹਿਲਾਂ ਨਕਸਲਬਾੜੀ ਲਹਿਰ ਸਮੇਂ ਅਤੇ ਉਸ ਤੋਂ ਬਾਅਦ ਖਾੜਕੂਵਾਦ ਦੇ ਦੌਰਾਨ 'ਚ ਪੁਲਿਸ ਵਲੋਂ ਅਕਸਰ ਹਰ ਰੋਜ਼ ਅਜਿਹੇ 'ਮੁਕਾਬਲੇ' ਕੀਤੇ ਜਾਂਦੇ ਸਨ। ਪਰ ਇਹ 'ਪੁਲਿਸ ਮੁਕਾਬਲਾ' ਹਰੇਕ ਅਮਨ ਪਸੰਦ ਸ਼ਹਿਰੀ ਅਤੇ ਮਨੁੱਖੀ ਹੱਕਾਂ ਦੀ ਜ਼ਾਮਨੀ ਭਰਨ ਵਾਲੇ ਵਿਅਕਤੀ ਲਈ ਕਈ ਨਵੇਂ ਸੁਆਲ ਖੜ੍ਹੇ ਕਰਦਾ ਹੈ। ਸਭ ਤੋਂ ਪਹਿਲਾਂ ਇਸ ਦਾ ਵੱਡਾ ਖਤਰਨਾਕ ਪਹਿਲੂ ਹੈ ਕਿ ਆਮ ਲੋਕਾਂ ਇਥੋਂ ਤੱਕ ਕਿ ਕਈ ਸੰਸਥਾਵਾਂ ਨੇ ਵੀ ਇਸ ਨੂੰ ਜਾਇਜ਼ ਦੱਸਿਆ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਆਮ ਲੋਕਾਂ ਦਾ ਦੇਸ਼ ਦੇ ਪ੍ਰਸ਼ਾਸਨਿਕ ਢਾਂਚੇ ਅਤੇ ਨਿਆਂ ਪ੍ਰਣਾਲੀ ਤੋਂ ਵਿਸ਼ਵਾਸ਼ ਉੱਠ ਗਿਆ ਜੋ ਕਿ ਇਕ ਜਮਹੂਰੀ ਮੁਲਕ ਲਈ ਬਹੁਤ ਹੀ ਮੰਦਭਾਗੀ ਗੱਲ ਹੈ। ਜਿਸ ਦੇਸ਼ ਵਿਚ ਸਾਰਾ ਇੰਤਜ਼ਾਮ ਕਾਨੂੰਨ ਤਹਿਤ ਚੱਲ ਰਿਹਾ ਹੋਵੇ ਅਤੇ ਕਾਨੂੰਨ ਦਾ ਰਾਜ ਸਮਝਿਆ ਜਾਂਦਾ ਹੋਵੇ ਉੱਥੇ ਲੋਕਾਂ ਦਾ ਨਿਆਂ ਪ੍ਰਬੰਧ ਤੋਂ ਵਿਸ਼ਵਾਸ਼ ਚੁੱਕਿਆ ਜਾਵੇ, ਇਸ ਤੋਂ ਵੱਧ ਖਤਰਨਾਕ ਹੋਰ ਕੀ ਹੋ ਸਕਦਾ ਹੈ। ਇਸ ਤੋਂ ਵੱਧ ਖਤਰਨਾਕ ਗੱਲ ਇਹ ਹੈ ਕਿ ਦੇਸ਼ ਦੀ ਪੁਲਿਸ ਨੂੰ ਹੁਣ ਇਕ ਸਰਟੀਫਿਕੇਟ ਮਿਲ ਗਿਆ ਹੈ ਕਿ ਕਿਸੇ ਵੀ ਤਰ੍ਹਾਂ ਦੇ ਮੁਲਜ਼ਮ ਨੂੰ ਮੁਕੱਦਮਾ ਚਲਾਏ ਬਗੈਰ ਹੀ ਖਤਮ ਕਰ ਸਕਦੀ ਹੈ। ਪੁਲਿਸ ਵਲੋਂ ਘੜੀ ਗਈ 'ਮੁਕਾਬਲੇ' ਦੀ ਕਹਾਣੀ ਕੋਈ ਨਵੀਂ ਨਹੀਂ ਹੈ। ਪੰਜਾਬ ਅਤੇ ਜੰਮੂ ਕਸ਼ਮੀਰ ਦੇ ਪੁਲਿਸ ਰਿਕਾਰਡ ਅਤੇ ਰੋਜ਼ਨਾਮਚਿਆਂ ਵਿਚ ਇਸ ਤਰ੍ਹਾਂ ਦੀਆਂ ਬੇਸ਼ੁਮਾਰ ਕਹਾਣੀਆਂ ਮਿਲ ਜਾਣਗੀਆਂ।

ਭਾਰਤ ਵਿਚ ਕਿਸੇ ਵੀ ਅਪਰਾਧ ਜਾਂ ਕਾਨੂੰਨੀ ਸ਼ਿਕਨੀ ਖਿਲਾਫ਼ ਤਾਜ਼ੀਰਾਤੇ ਹਿੰਦ ਅਤੇ ਜ਼ਾਬਤਾ ਏ ਫੌਜਦਾਰੀ ਦੋ ਤਰ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਹੈ ਜਿਸ ਤੇ ਆਧਾਰ 'ਤੇ ਮੁਕੱਦਮੇ ਚਲਦੇ ਹਨ। ਕਿਸੇ ਵੀ ਜ਼ੁਰਮ ਦੀ ਵਾਰਦਾਤ ਦੀ ਸੂਰਤ ਵਿਚ ਪੁਲਿਸ ਵਾਰਦਾਤ ਵਾਲੀ ਥਾਂ ਤੇ ਜਾ ਕੇ ਨਕਸ਼ਾ ਅਤੇ ਪੰਚਨਾਮਾ ਤਿਆਰ ਕਰਦੀ ਹੈ ਜੋ ਡਾਕਟਰ ਦੀ ਰਿਪੋਰਟ ਸਮੇਤ ਕਿਸੇ ਵੀ ਮੁਕੱਦਮੇ ਦਾ ਆਧਾਰ ਬਣਦਾ ਹੈ। ਇਸ ਤੋਂ ਬਾਅਦ ਹੀ ਪੁਲਿਸ ਅਦਾਲਤ ਵਿਚ ਚਲਾਨ ਪੇਸ਼ ਕਰਦੀ ਹੈ ਪਰ ਇਸ ਘਟਨਾ ਵਿਚ ਪੁਲਿਸ ਨੇ ਅਦਾਲਤ ਵਾਲਾ ਕੰਮ ਖੁਦ ਹੀ ਕਰ ਲਿਆ। ਮੌਕਾ ਏ ਵਾਰਦਾਤ ਦੀ ਸਮਰੀ ਦੇ ਬਹਾਨੇ ਚਾਰੇ ਮੁਲਜਮਾਂ ਨੂੰ ਗੋਲੀਆਂ ਮਾਰ ਕੇ ਖਤਮ ਕਰ ਦਿੱਤਾ ਅਤੇ 'ਸਜ਼ਾ ਏ ਮੌਤ' ਨੂੰ ਅੰਜ਼ਾਮ ਦੇ ਦਿੱਤਾ। ਕਈ ਲੋਕਾਂ ਨੂੰ ਸ਼ਾਇਦ ਇਹ ਗੱਲ ਇਸ ਕਰਕੇ ਮਾੜੀ ਨਹੀਂ ਲੱਗੀ ਕਿਉਂਕਿ ਦੇਸ਼ ਦੀ ਅਦਾਲਤੀ ਪ੍ਰਕਿਰਿਆ ਬਹੁਤ ਲੰਬੀ ਹੈ। ਕੋਈ ਵੀ ਮੁਕੱਦਮਾ ਹੋਵੇ ਲੋਕ ਇਨਸਾਫ਼ ਉਡੀਕਦੇ ਉਡੀਕਦੇ ਨਿਸਤ ਅਤੇ ਬੇਜਾਨ ਹੋ ਜਾਂਦੇ ਹਨ। ਇਸ ਮੁਕਾਬਲੇ ਦਾ ਇਕ ਪੱਖ ਇਹ ਵੀ ਹੈ ਕਿ ਇਸ ਵਿਚ ਮੁਲਜ਼ਮ ਬਹੁਤ ਹੀ ਸਾਧਾਰਨ ਅਤੇ ਹੇਠਲੇ ਤਬਕੇ ਦੇ ਲੋਕ ਸਨ ਜਿਨ੍ਹਾਂ ਨੂੰ ਖਤਮ ਕਰਨਾ ਪੁਲਿਸ ਨੂੰ ਕੋਈ ਔਖਾ ਨਹੀਂ ਲੱਗਿਆ ਅਤੇ ਸਰਕਾਰ ਨੂੰ ਲੋਕਾਂ ਦੇ ਰੋਹ ਤੋਂ ਵੀ ਬਚਾ ਲਿਆ ਪਰ ਇਸ ਦੇ ਨਾਲ ਹੀ ਵਾਪਰੀ ਉਨਾਓ (ਉਤਰ ਪ੍ਰਦੇਸ਼) ਦੀ ਘਟਨਾ ਵੀ ਧਿਆਨ ਦੀ ਮੰਗ ਕਰਦੀ ਹੈ ਜਿੱਥੇ ਬਿਲਕੁਲ ਉਸੇ ਤਰ੍ਹਾਂ ਜਬਰ ਜਨਾਹ ਦੀ ਪੀੜਤਾ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਅਤੇ ਇਸ ਤੋਂ ਪਹਿਲਾਂ ਬੀਜੇਪੀ ਦੇ ਇਕ ਵਿਧਾਇਕ ਦਾ ਮਾਮਲਾ ਵੀ ਕਿਸੇ ਤੋਂ ਗੁੱਝਾ ਨਹੀਂ। ਹੈਦਰਾਬਾਦ ਦੇ ਇਸ 'ਸਾਜਿਸ਼ੀ ਮੁਕਾਬਲੇ' ਨੇ ਹੋਰ ਸਾਰੀਆਂ ਘਟਨਾਵਾਂ ਨੂੰ ਪੇਤਲਾ ਕਰ ਦਿੱਤਾ ਅਤੇ ਆਮ ਲੋਕਾਂ 'ਚ ਜਾਗਿਆ ਰੋਹ ਵੀ ਇਕ ਵਾਰ ਝੱਗ ਵਾਂਗ ਬੈਠ ਗਿਆ। ਇਸ 'ਮੁਕਾਬਲੇ' ਨੇ ਭਾਰਤੀ ਹਕੂਮਤ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਲਈ ਇਕ ਵਰਦਾਨ ਦਾ ਕੰਮ ਕੀਤਾ ਹੈ, ਕਿਉਂਕਿ ਹਕੂਮਤ ਇਸ ਗੱਲੋਂ ਸੁਰਖਰੂ ਹੋ ਗਈ ਕਿ ਚਾਰ ਮੁਲਜ਼ਮ ਮਾਰ ਕੇ ਲੋਕਾਂ ਦਾ ਧਿਆਨ ਇਸ ਘਟਨਾ ਤੋਂ ਲਾਂਭੇ ਹੋ ਗਿਆ ਅਤੇ ਇਸ ਸਰਜ਼ਮੀਂ ਦੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਲਈ ਅੱਗੇ ਤੋਂ ਰਾਹ ਪੱਧਰਾ ਹੋ ਗਿਆ ਅਤੇ ਉਹ ਕਿਸੇ ਵੀ ਸਥਿਤੀ ਵਿਚ ਇਸ ਤਰ੍ਹਾਂ ਹੱਲ ਕੱਢਣ ਲਈ ਮਨਸੂਬਾ ਬਣਾ ਸਕਦੇ ਹਨ। ਸਭ ਤੋਂ ਮਾੜਾ ਪੱਖ ਇਹ ਰਿਹਾ ਕਿ ਕਾਨੂੰਨੀ ਲੜਾਈਆਂ ਲੜਨ ਵਾਲਾ ਭਾਈਚਾਰਾ ਵੀ ਇਸ ਤੇ ਚੁੱਪ ਰਿਹਾ। ਕੀ ਭਵਿੱਖ ਵਿਚ ਵੀ ਪੁਲਿਸ ਖੁਦ ਹੀ ਸੁਪਰੀਮ ਕੋਰਟ ਤੇ ਰਾਸ਼ਟਰਪਤੀ ਦੇ ਪੱਧਰ ਦੇ ਫੈਸਲੇ ਖੁਦ ਲਿਆ ਕਰੇਗੀ ?

# ਭਾਰਤ ਦੀ ਸਰਬਉੱਚ ਅਦਾਲਤ ਵਿਚ ਸਿੱਖਾਂ ਨੂੰ ਕਲਟ (cult) ਮੰਨਣ ਦਾ ਕੀ ਮਤਲਬ ਹੈ ?

**ਸਿੱਖਾਂ ਦੀ ਵਿਲੱਖਣਤਾ ਨੂੰ ਨਜ਼ਰਅੰਦਾਜ਼ ਕਰਨ ਲਈ ਇਤਿਹਾਸਕਾਰਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸਮਾਜ ਸੁਧਾਰਕ, ਕ੍ਰਾਂਤੀਕਾਰੀ ਆਦਿ ਸਾਬਤ ਕਰਨ ਦੇ ਯਤਨ ਕੀਤੇ ਹਨ। ਡਬਲਯੂ. ਐਚ. ਮੈਕਲਾਉਡ ਨੇ ਇਹ ਨਤੀਜਾ ਕੱਢ ਮਾਰਿਆ ਸੀ ਕਿ ਗੁਰੂ ਨਾਨਕ ਸਾਹਿਬ ਵਲੋਂ ਸਥਾਪਿਤ ਕੀਤੀ ਸਿੱਖੀ ਭਾਰਤ ਦੀ ਸੰਤ ਪਰੰਪਰਾ ਦੀ ਹੀ ਲਗਾਤਾਰਤਾ ਹੈ। ਇਹ ਗੱਲ ਵੀ ਜ਼ੋਰ ਨਾਲ ਪ੍ਰਚਾਰੀ ਗਈ ਕਿ ਗੁਰੂ ਨਾਨਕ ਦੇਵ ਜੀ ਨੇ ਕੋਈ ਨਵਾਂ ਧਰਮ/ਪੰਥ ਨਹੀਂ ਚਲਾਇਆ। ਭਾਰਤ ਵਿਚ ਰਹਿੰਦੇ ਸਿੱਖਾਂ ਨੂੰ ਬੇਸ਼ੱਕ ਆਪਣੀ ਸਿੱਖ ਪਛਾਣ ਕਾਇਮ ਰੱਖਣ ਦਾ ਸੰਵਿਧਾਨਕ ਅਧਿਕਾਰ ਹਾਸਲ ਹੈ, ਫਿਰ ਕਿਉਂ ਸਿੱਖਾਂ ਦੀ ਵਿਲੱਖਣ ਪਛਾਣ ਨੂੰ ਬੌਧਿਕ ਹਲਕਿਆਂ ਵਿਚ ਮਾਨਤਾ ਨਹੀਂ ਮਿਲ ਸਕੀ ਜਾਂ ਮਾਨਤਾ ਨਹੀਂ ਦਿੱਤੀ ਗਈ ? ਇਸ ਦੇ ਕਾਰਨਾਂ ਦੀ ਖੋਜ ਕਰਨ ਦੀ ਲੋੜ ਹੈ।**

ਡਾ. ਗੁਰਮੀਤ ਸਿੰਘ ਸਿੱਧੂ

ਦੁਨੀਆ ਭਰ ਵਿਚ ਜਦੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਸੀ, ਉਸ ਸਮੇਂ ਭਾਰਤ ਦੀ ਸਰਬਉੱਚ ਅਦਾਲਤ ਵਿਚ ਸਿੱਖਾਂ ਨੂੰ ਕਲਟ ਕਹਿਣਾ ਸਿੱਖ ਧਰਮ ਦੀ ਮੌਲਿਕਤਾ ਨੂੰ ਅਸਵੀਕਾਰ ਕਰਨਾ ਹੈ। ਭਾਰਤ ਦੀ ਸੁਪਰੀਮ ਕੋਰਟ ਵਿਚ ਅਯੁੱਧਿਆ ਬਾਰੇ ਫੈਸਲਾ ਸੁਣਾਇਆ 9 ਨਵੰਬਰ, 2019 ਨੂੰ ਜਾਣਾ ਸੀ। ਇਸ ਦਿਨ ਦੀ ਫੈਸਲਾ ਸੁਣਾਉਣ ਲਈ ਚੋਣ ਕੀਤੀ ਗਈ ਸੀ। ਇਹ ਦਿਨ ਇਸ ਕਰਕੇ ਵੀ ਅਹਿਮ ਮੰਨਿਆ ਜਾ ਸਕਦਾ ਹੈ ਇਸ ਦਿਨ ਹੀ ਭਾਰਤ-ਪਾਕਿਸਤਾਨ ਦੀਆਂ ਸਰਕਾਰਾਂ ਵਲੋਂ ਕਰਤਾਰਪੁਰ ਲਾਂਘੇ ਲਈ ਉਦਘਾਟਨ ਲਈ ਸਮਾਗਮ ਕੀਤੇ ਜਾ ਰਹੇ ਸਨ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਦੋਂ ਡੇਰਾ ਬਾਬਾ ਨਾਨਕ ਵਿਖੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਲਈ ਸਿੱਖਾਂ ਨੂੰ ਵਧਾਈ ਦੇ ਰਹੇ ਸਨ, ਉਸ ਸਮੇਂ ਅਯੁੱਧਿਆ ਦੇ ਬਾਬਰੀ ਮਸਜਿਦ ਬਨਾਮ ਰਾਮ ਮੰਦਰ ਬਾਰੇ ਦਿੱਲੀ ਵਿਖੇ ਫੈਸਲਾ ਸੁਣਾਉਣ ਲਈ ਅਦਾਲਤ ਲੱਗੀ ਹੋਈ ਸੀ। ਸੁਪਰੀਮ ਕੋਰਟ ਵਿਚ ਸਿੱਖਾਂ ਨੂੰ ਹਿੰਦੂਆਂ ਦਾ ਕਲਟ ਕਿਹਾ ਜਾ ਰਿਹਾ ਅਤੇ ਡੇਰਾ ਬਾਬਾ ਨਾਨਕ (ਭਾਰਤੀ ਪੰਜਾਬ) ਵਿਖੇ ਜਦੋਂ ਇਥੋਂ ਦੇ ਪ੍ਰਧਾਨ ਮੰਤਰੀ ਇਹ ਦੱਸ ਰਹੇ ਸਨ ਕਿ ਧਾਰਾ 370 ਨੂੰ ਖਤਮ ਕਰਨ ਦਾ ਸਿੱਖਾਂ ਨੂੰ ਲਾਭ ਹੋਵੇਗਾ। ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਤਾੜੀਆਂ ਵੱਜ ਰਹੀਆਂ ਸਨ, ਉਸ ਸਮੇਂ ਭਾਰਤ ਦੀ ਸੁਪਰੀਮ ਕੋਰਟ ਵਿਚ ਰਾਮ ਜਨਮ ਭੂਮੀ ਵਿਵਾਦ ਬਾਰੇ ਸੁਣਾਏ ਜਾ ਰਹੇ ਫੈਸਲੇ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਹਵਾਲੇ ਨਾਲ ਅਯੁੱਧਿਆ ਵਿਚ ਮੰਦਰ ਹੋਣ ਦੀ ਗਵਾਹੀ ਤੇ ਕਾਨੂੰਨ ਦੀ ਮੋਹਰ ਲਗਾਈ ਜਾ ਰਹੀ ਸੀ। ਸੁਪਰੀਮ ਕੋਰਟ ਵਲੋਂ ਸੁਣਾਏ ਫੈਸਲੇ ਵਿਚ ਸਿੱਖਾਂ ਨੂੰ ਇਕ ਕਲਟ ਵਜੋਂ ਰਿਕਾਰਡ ਕੀਤਾ ਜਾਣਾ ਆਮ ਘਟਨਾ ਨਹੀਂ ਅਤੇ ਨਾ ਹੀ ਇਹ ਸਹਿਜ ਵਿਚ ਵਾਪਰਿਆ ਹੈ।

ਭਾਰਤ ਦੀ ਸਰਬਉੱਚ ਅਦਾਲਤ ਵਿਚ ਸਿੱਖ ਨੂੰ ਕਲਟ ਵਜੋਂ ਕਾਨੂੰਨੀ ਪ੍ਰਕਿਰਿਆ ਦਾ ਹਿੱਸਾ ਬਣਾਉਣ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਜੱਜਾਂ ਅਤੇ ਵਕੀਲਾਂ ਨੇ ਜਾਣਬੁੱਝ ਕੇ ਸਿੱਖਾਂ ਨੂੰ ਕਲਟ ਲਿਖਿਆ ਹੈ, ਕਿਉਂਕਿ ਇਸ ਨਾਲ ਸਿੱਖਾਂ ਨੂੰ ਸਹਿਜੇ ਹੀ ਹਿੰਦੂਆਂ ਦਾ ਅੰਗ ਸਾਬਤ ਕੀਤਾ ਜਾ ਸਕਦਾ ਹੈ। ਭਾਰਤੀ ਸੰਵਿਧਾਨ ਮੁਤਾਬਕ ਇਹ ਸਹੀ ਵੀ ਹੈ। ਦੂਸਰਾ ਇਹ ਵੀ ਹੋ ਸਕਦਾ ਹੈ ਕਿ ਜੱਜ ਅਤੇ ਵਕੀਲ ਇਸ ਪੱਖੋਂ ਅਣਜਾਣ ਹੋਣ ਅਤੇ ਗਵਾਹ ਰਾਜਿੰਦਰ ਸਿੰਘ ਨੂੰ ਵੀ ਇਹ ਸਪੱਸ਼ਟ ਨਾ ਹੋਵੇ ਕਿ ਕਲਟ ਸ਼ਬਦ ਦੇ ਸਹੀ ਅਰਥ ਕੀ ਹਨ ? ਸਹੀ ਕੀ ਹੈ ? ਇਸ ਬਾਰੇ ਨਿਰਣਾ ਕਰਨ ਲਈ ਵਾਪਰੀਆਂ ਘਟਨਾਵਾਂ ਦੀ ਤਹਿ ਫਰੋਲਣੀ ਪਵੇਗੀ। ਫਿਰ ਵੀ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਦੋਵੇਂ ਕਾਰਨ ਇਸ ਮੁਲਕ ਦੀ ਬੌਧਿਕ ਕੰਗਾਲੀ ਦੀ ਜਿਉਂਦੀ ਮਿਸਾਲ ਹਨ।

ਕਲਟ ਸ਼ਬਦ ਦੀ ਉਤਪਤੀ ਭਾਰਤ ਦੀ ਕਿਸੇ ਵੀ ਭਾਸ਼ਾ ਵਿਚੋਂ ਨਹੀਂ ਹੋਈ ਅਤੇ ਨਾ ਇਹ ਸੰਕਲਪ ਇਥੋਂ ਦੇ ਸੱਭਿਆਚਾਰ ਦਾ ਹਿੱਸਾ ਹੈ। ਇਸ ਸ਼ਬਦ ਦਾ ਭਾਰਤ ਜਾਂ ਭਾਰਤ ਦੇ ਕਿਸੇ ਧਰਮ ਜਾਂ ਮਤਿ ਨਾਲ ਕੋਈ ਸੰਬੰਧ ਨਹੀਂ ਬਣਦਾ ਅਤੇ ਇਸ ਸੰਕਲਪ ਦੀ ਵਰਤੋਂ ਪੂਰਵੀ ਚਿੰਤਨ ਵਿਚ ਕਦੇ ਹੋਈ ਹੀ ਨਹੀਂ। ਇਸ ਕਰਕੇ ਇਸ ਸ਼ਬਦ ਦਾ ਸਮਾਨਰਥੀ ਸ਼ਬਦ ਇਥੇ ਪ੍ਰਚੱਲਤ ਨਹੀਂ ਹੋ ਸਕਿਆ। ਦਰਅਸਲ ਕਲਟ ਸ਼ਬਦ ਦੀ ਵਰਤੋਂ ਈਸਾਈ ਧਰਮ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ। ਕਲਟ ਤੋਂ ਭਾਵ ਲੋਕਾਂ ਦੇ ਅਜਿਹੇ ਸਮੂਹ ਤੋਂ ਹੈ ਜੋ ਬਹੁਗਿਣਤੀ ਨਾਲੋਂ ਆਪਣੀ ਅਲੱਗ ਮਰਿਆਦਾ ਸ਼ੁਰੂ ਕਰ ਲੈਂਦਾ ਹੈ। ਅਜਿਹਾ ਸਮੂਹ ਆਪਣੇ ਧਰਮ ਤੋਂ ਅਲੱਗ ਨਹੀਂ ਹੁੰਦਾ, ਇਸ ਕਰਕੇ ਇਕ ਧਰਮ ਨੂੰ ਮੰਨਣ ਵਾਲਿਆਂ ਦੇ ਕਈ ਕਲਟ ਹੋ ਸਕਦੇ ਹਨ। ਇਕ ਕਲਟ ਦੇ ਲੋਕ ਆਪਣੇ ਧਰਮ ਦੇ ਵਿਸ਼ਵਾਸ ਨੂੰ ਮੰਨਣ ਲਈ ਵੱਖਰੀ ਮਰਿਆਦਾ ਸ਼ੁਰੂ ਕਰ ਲੈਂਦੇ ਹਨ। ਵੱਖਰੇ ਜਾਂ ਆਪਣੇ ਤਰੀਕੇ ਨਾਲ ਧਰਮ ਨੂੰ ਮੰਨਣ ਵਾਲੇ ਲੋਕ ਆਪਣੇ ਕਲਟ ਨੂੰ ਮੁੱਖ ਧਰਮ ਤੋਂ ਅਲੱਗ ਨਹੀਂ ਸਮਝਦੇ।

ਸੁਪਰੀਮ ਕੋਰਟ ਵਿਚ ਸਿੱਖਾਂ ਨੂੰ ਹਿੰਦੂਆਂ ਦੇ ਕਲਟ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਮਹਿਜ਼ ਵਕੀਲ ਰਾਹੀਂ ਇਕ ਗਵਾਹ ਵਲੋਂ ਦਰਜ ਕਰਵਾਈ ਸਟੇਟਮੈਂਟ ਨਹੀਂ, ਸਗੋਂ ਰਾਸ਼ਟਰਵਾਦੀ ਵਿਚਾਰਧਾਰਾ ਵਲੋਂ ਸਿੱਖਾਂ ਦੀ ਮੌਲਿਕਤਾ ਨੂੰ ਨਕਾਰਨ ਦਾ ਯਤਨ ਕੀਤਾ ਗਿਆ ਹੈ। ਇਸ ਨੂੰ ਅਦਾਲਤੀ ਰਿਕਾਰਡ ਦਾ ਹਿੱਸਾ ਬਣਾ ਕੇ ਸਿੱਖ ਦੀ ਵਿਲੱਖਣ ਪਚਾਣ 'ਤੇ ਪ੍ਰਸ਼ਨ-ਚਿੰਨ ਲਗਾਇਆ ਗਿਆ ਹੈ। ਇਸ ਗਵਾਹੀ ਨਾਲ ਇਕ ਤੀਰ ਰਾਹੀਂ ਦੋ ਨਿਸ਼ਾਨੇ ਬਿੰਨੇ ਗਏ ਹਨ। ਹਿੰਦੂਆਂ ਨੂੰ ਇਹ ਅਹਿਸਾਸ ਕਰਵਾਇਆ ਗਿਆ ਕਿ ਸਿੱਖ ਉਨਾਂ ਦੀ ਰਖਵਾਲੀ ਲਈ ਹਨ। ਦੂਸਰੇ ਪਾਸੇ ਸਿੱਖਾਂ ਨੂੰ ਭਾਰਤ ਦੀਆਂ ਘੱਟ ਗਿਣਤੀਆਂ ਵਿਚੋਂ ਬਾਹਰ ਕੱਢ ਕੇ ਮੁੱਖਧਾਰਾ ਦਾ ਅੰਗ ਬਣਾਇਆ ਗਿਆ ਹੈ।

ਸੁਪਰੀਮ ਕੋਰਟ ਵਿਚ ਅਯੁੱਧਿਆ ਬਾਰੇ ਹੋਈ ਸੁਣਵਾਈ ਵਿਚ ਇਕ ਗਵਾਹ ਰਾਜਿੰਦਰ ਸਿੰਘ ਦੀ ਗਵਾਹੀ ਨੂੰ ਰਿਕਾਰਡ ਕਰਦਿਆਂ ਇਹ ਨੋਟ ਕੀਤਾ ਹੈ ਕਿ ਉਸ ਨੇ ਸਿੱਖ ਕਲਟ ਬਾਰੇ ਕਈ ਕਿਤਾਬਾਂ ਵਿਚ ਪੜ੍ਹਿਆ ਹੈ। ਗਵਾਹ ਦੀ ਇਹ ਗੱਲ ਤੱਥਾਂ 'ਤੇ ਆਧਾਰਿਤ ਹੈ ਜਾਂ ਨਹੀਂ, ਇਸ ਦੀ ਪੜਤਾਲ ਕੀਤੇ ਬਿਨਾਂ ਸੁਪਰੀਮ ਕੋਰਟ ਵਲੋਂ ਆਪਣੇ ਫੈਸਲੇ ਦੀ ਅੰਤਿਕਾ ਵਿਚ ਇਸ ਨੂੰ ਦਰਜ ਕਰ ਲੈਣਾ ਮੰਦਭਾਗਾ ਹੈ, ਕਿਉਂਕਿ ਕਿਸੇ ਵੀ ਆਧਾਰ 'ਤੇ ਸਿੱਖਾਂ ਨੂੰ ਕਲਟ ਨਹੀਂ ਕਿਹਾ ਜਾ ਸਕਦਾ। ਇਸ ਬਾਰੇ ਟਿੱਪਣੀ ਕਰਦਿਆਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ. ਐਸ. ਫੂਲਕਾ ਨੇ ਕਿਹਾ ਹੈ ਕਿ 'ਜਾਪਦਾ ਹੈ ਕਿ ਗਵਾਹ ਰਾਜਿੰਦਰ ਸਿੰਘ ਨੇ ਤਾਂ 'ਸਿੱਖ ਪੰਥ ਦੀ ਵਰਤੋਂ ਕੀਤੀ ਹੋਵੇਗੀ ਪਰ ਉਸ ਦਾ ਤਰਜਮਾ ਕਰਦੇ ਹੋਏ 'ਕਲਟ' ਸ਼ਬਦ ਵਰਤਿਆ ਗਿਆ ਹੋਵੇਗਾ'। ਉਨਾਂ ਨੇ ਖੁਦ ਵੀ ਡਿਕਸ਼ਨਰੀ ਦਾ ਹਵਾਲਾ ਦਿੱਤਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਡਿਕਸ਼ਨਰੀ ਵਿਚ ਕਲਟ ਦਾ ਤਰਜਮਾ 'ਪੰਥ' ਲਿਖਿਆ ਹੋਇਆ ਹੈ।'

ਇਹ ਮਸਲਾ ਮਹਿਜ਼ ਇਕ ਸ਼ਬਦ ਪੰਥ ਦੇ ਅੰਗਰੇਜ਼ੀ ਅਨੁਵਾਦ ਦਾ ਨਹੀਂ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ ਤਾਕਤਵਰ ਦੇਸ਼ਾਂ/ਕੌਮਾਂ ਦੀਆਂ ਭਾਸ਼ਾਵਾਂ ਹੋਰਨਾਂ ਭਾਸ਼ਾਵਾਂ 'ਤੇ ਆਪਣੇ ਸੰਕਲਪ ਭਾਰੂ ਕਰ ਦਿੰਦੀਆਂ ਹਨ। ਪੰਥ ਸ਼ਬਦ ਦਾ ਤਰਜਮਾ ਕਲਟ ਵਿਚ ਕਰਨ ਨਾਲ ਪੰਥ ਸ਼ਬਦ ਦੀ ਨਾ ਕੇਵਲ ਮੌਲਿਕਤਾ ਖਤਮ ਹੁੰਦੀ ਹੈ, ਬਲਕਿ ਅਜਿਹੇ ਅਨੁਵਾਦ ਨਾਲ ਕਈ ਤਰਾਂ ਦੇ ਸਿਆਸੀ ਮੁੱਦੇ ਵੀ ਜੁੜ ਜਾਂਦੇ ਹਨ। ਸਿੱਖਾਂ ਨੂੰ ਕਲਟ ਵਜੋਂ ਪਰਿਭਾਸ਼ਿਤ ਕਰਨਾ ਬਹੁਗਿਣਤੀ ਦੀ ਵਿਚਾਰਧਾਰਾ ਦੇ ਰਾਸ ਆਉਂਦਾ ਹੈ। ਹਿੰਦੂਵਾਦ ਦਾ ਇਕ ਏਜੰਡਾ ਇਹ ਵੀ ਹੈ ਕਿ ਛੋਟੀਆਂ ਪਛਾਣਾਂ ਦੀ ਮੌਲਿਕਤਾ ਨੂੰ ਖਤਮ ਕਰ ਕੇ ਸਭ ਨੂੰ ਆਪਣੇ ਵਿਚ ਸਮਿਲਤ ਕਰ ਲਿਆ ਜਾਵੇ। ਇਸ ਵਿਚਾਰਧਾਰਾ ਮੁਤਾਬਕ ਸਿੱਖਾਂ ਨੂੰ ਹਿੰਦੂਆਂ ਦੀ ਬਹੁਗਿਣਤੀ ਦਾ ਕਲਟ ਸਾਬਤ ਕਰਨ ਲਈ ਲੰਬੇ ਸਮੇਂ ਤੋਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਸਿੱਖਾਂ ਦੀ ਵਿਲੱਖਣਤਾ ਨੂੰ ਨਜ਼ਰਅੰਦਾਜ਼ ਕਰਨ ਲਈ ਇਤਿਹਾਸਕਾਰਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸਮਾਜ ਸੁਧਾਰਕ, ਕ੍ਰਾਂਤੀਕਾਰੀ ਆਦਿ ਸਾਬਤ ਕਰਨ ਦੇ ਯਤਨ ਕੀਤੇ ਹਨ। ਡਬਲਯੂ. ਐਚ. ਮੈਕਲਾਉਡ ਨੇ ਇਹ ਨਤੀਜਾ ਕੱਢ ਮਾਰਿਆ ਸੀ ਕਿ ਗੁਰੂ ਨਾਨਕ ਸਾਹਿਬ ਵਲੋਂ ਸਥਾਪਿਤ ਕੀਤੀ ਸਿੱਖੀ ਭਾਰਤ ਦੀ ਸੰਤ ਪਰੰਪਰਾ ਦੀ ਹੀ ਲਗਾਤਾਰਤਾ ਹੈ। ਇਹ ਗੱਲ ਵੀ ਜ਼ੋਰ ਨਾਲ ਪ੍ਰਚਾਰੀ ਗਈ ਕਿ ਗੁਰੂ ਨਾਨਕ ਦੇਵ ਜੀ ਨੇ ਕੋਈ ਨਵਾਂ ਧਰਮ/ਪੰਥ ਨਹੀਂ ਚਲਾਇਆ। ਭਾਰਤ ਵਿਚ ਰਹਿੰਦੇ ਸਿੱਖਾਂ ਨੂੰ ਬੇਸ਼ੱਕ ਆਪਣੀ ਸਿੱਖ ਪਛਾਣ ਕਾਇਮ ਰੱਖਣ ਦਾ ਸੰਵਿਧਾਨਕ ਅਧਿਕਾਰ ਹਾਸਲ ਹੈ, ਫਿਰ ਕਿਉਂ ਸਿੱਖਾਂ ਦੀ ਵਿਲੱਖਣ ਪਛਾਣ ਨੂੰ ਬੌਧਿਕ ਹਲਕਿਆਂ ਵਿਚ ਮਾਨਤਾ ਨਹੀਂ ਮਿਲ ਸਕੀ ਜਾਂ ਮਾਨਤਾ ਨਹੀਂ ਦਿੱਤੀ ਗਈ ? ਇਸ ਦੇ ਕਾਰਨਾਂ ਦੀ ਖੋਜ ਕਰਨ ਦੀ ਲੋੜ ਹੈ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਲੋਧੀ ਵਿਖੇ ਵੇਈਂ ਪ੍ਰਵੇਸ਼ ਤੋਂ ਪਿੱਛੋਂ ਇਹ ਕਿਹਾ ਸੀ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ'। ਗੁਰੂ ਸਾਹਿਬ ਦੇ ਇਨਾਂ ਸ਼ਬਦਾਂ ਤੋਂ ਪਤਾ ਚਲਦਾ ਹੈ ਕਿ ਉਨਾਂ ਨੇ ਪ੍ਰਚੱਲਤ ਪਛਾਣਾਂ ਨਾਲੋਂ ਆਪਣੀ ਨਿਆਰੀ ਪਛਾਣ ਬਾਰੇ ਸ਼ੁਰੂ ਵਿਚ ਹੀ ਸਪੱਸ਼ਟ ਕਰ ਦਿੱਤਾ ਸੀ। ਉਨਾਂ ਵਲੋਂ ਸਥਾਪਿਤ ਕੀਤੇ ਨਿਆਰੇ ਪੰਥ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਨਿਰਮਲ ਪੰਥ ਦਾ ਨਾਂਅ ਦਿੱਤਾ ਹੈ, ਜਿਸ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਨਾਨਕ ਸਾਹਿਬ ਵਲੋਂ ਸਥਾਪਿਤ ਕੀਤੇ ਪੰਥ ਨੂੰ ਕਿਸੇ ਵੀ ਲਿਹਾਜ਼ ਨਾਲ ਕਲਟ ਨਹੀਂ ਕਿਹਾ ਜਾ ਸਕਦਾ। ਸਿੱਖਾਂ ਨੂੰ ਕਲਟ ਕਹਿਣ ਨਾਲ ਜਿਥੇ ਸਿੱਖ ਪਛਾਣ ਦੀ ਮੌਲਿਕਤਾ ਦਾ ਮਸਲਾ ਖੜ੍ਹਾ ਹੋਵੇਗਾ, ਉਥੇ ਇਸ ਨਾਲ ਗੁਰੂ ਨਾਨਕ ਸਾਹਿਬ ਵਲੋਂ ਸਥਾਪਿਤ ਕੀਤੇ ਨਿਵੇਕਲੇ ਪੰਥ ਦੀ ਅਹਿਮੀਅਤ ਵੀ ਘਟ ਜਾਵੇਗੀ ਅਤੇ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਨੂੰ ਪ੍ਰਚੱਲਿਤ ਫਿਲਾਸਫੀ ਦਾ ਅੰਗ ਸਾਬਤ ਕਰ ਕੇ ਇਨਾਂ ਨੂੰ ਕੇਵਲ ਸੁਧਾਰਵਾਦੀ ਭਗਤ ਤੱਕ ਸੀਮਤ ਕਰ ਦਿੱਤਾ ਜਾਵੇਗਾ।

ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਸੁਪਰੀਮ ਕੋਰਟ ਵਿਚ ਇਕ ਗਵਾਹ ਦੇ ਹਵਾਲੇ ਨਾਲ ਸਿੱਖਾਂ ਨੂੰ ਕਲਟ ਵਜੋਂ ਰਿਕਾਰਡ ਦਾ ਹਿੱਸਾ ਬਣਾਉਣਾ ਇਹ ਸਾਬਤ ਕਰਦਾ ਹੈ ਕਿ ਸਾਢੇ ਪੰਜ ਸਦੀਆਂ ਵਿਚ ਵੀ ਸਿੱਖ ਆਪਣੀ ਨਿਆਰੀ ਪਛਾਣ ਅਤੇ ਇਸ ਦੀ ਮੌਲਿਕਤਾ ਨੂੰ ਸਥਾਪਿਤ ਕਾਇਮ ਰੱਖਣ ਦੇ ਸਮਰੱਥ ਨਹੀਂ ਹਨ। ਇਹ ਹੋਰ ਵੀ ਤਰਾਸਦੀ ਹੈ ਕਿ ਸਿੱਖਾਂ ਦੇ ਆਪਣੇ ਮੁਲਕ ਦੀ ਅਦਾਲਤ ਵਿਚ ਸਿੱਖਾਂ ਨਾਲ ਇਹ ਮਜ਼ਾਕ ਹੋ ਰਿਹਾ ਹੈ। ਗੁਰੂ ਨਾਨਕ ਸਾਹਿਬ ਦੇ ਗੁਰਪੁਰਬ 'ਤੇ ਬੇਸ਼ੱਕ ਦੇਸ਼-ਵਿਦੇਸ਼ ਵਿਚ ਬਹੁਤ ਵੱਡੇ ਸਮਾਗਮ ਹੋਏ ਹਨ ਅਤੇ ਹੋ ਰਹੇ ਹਨ ਪਰ ਸਿੱਖਾਂ ਦੀ ਪਛਾਣ ਬਾਰੇ ਵਿਦੇਸ਼ਾਂ ਦੇ ਤਾਂ ਕੀ, ਇਨਾਂ ਦੇ ਆਪਣੇ ਮੁਲਕ ਵਿਚ ਸਥਿਤੀ ਸਪੱਸ਼ਟ ਨਹੀਂ ਹੈ। ਇਸ ਤੋਂ ਇਹ ਵੀ ਪਤਾ ਚਲਦਾ ਹੈ ਕਿ ਸਿੱਖ ਆਪਣੀ ਵਿਰਾਸਤ ਅਤੇ ਇਸ ਦੀ ਮੌਲਿਕਤਾ ਦੀ ਅਕਾਦਮਿਕ ਖੇਤਰ ਵਿਚ ਪਛਾਣ ਕਾਇਮ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ।

# ‘ਹਿੰਦੀ-ਹਿੰਦੂ-ਹਿੰਦੋਸਤਾਨ’ ਦੇ ਨਾਅਰੇ ਦੀ ਕੋਈ ਤੁਕ ਨਹੀਂ ਬਣਦੀ

**ਡਾ. ਗੁਰੂਮੇਲ ਸਿੱਧੂ**

ਹਿੰਦੂ ਸੰਸਥਾ, ਆਰ. ਐਸ. ਐਸ. (ਹਿੰਦੂਤਵ), ਦਾ ਨਾਅਰਾ, ‘ਹਿੰਦੀ-ਹਿੰਦੂ-ਹਿੰਦੋਸਤਾਨ, ਇਤਿਹਾਸਕ, ਸਭਿਆਚਾਰਕ ਅਤੇ ਵਿਗਿਆਨਕ ਪੱਖਾਂ ਤੋਂ ਨਿਰਮੂਲ ਅਤੇ ਥੋਥਾ ਹੈ। ਇਹ ਨਾਅਰਾ ਉਹ ਇਸ ਦਲੀਲ ਦੇ ਆਧਾਰ ‘ਤੇ ਲਾਉਂਦੇ ਹਨ ਕਿ,

1. ਇੰਡਸ ਵੈਲੀ ਸਭਿਅਤਾ (Indus Valley Civilization) ਸੱਭ ਤੋਂ ਪੁਰਾਣੀ ਹੈ। ਇਸ ਦੇ ਜਨਮਦਾਤ ਆਰੀਆ (Arya) ਲੋਕ ਸਨ ਅਤੇ ਇਸ ਸਭਿਅਤਾ ਦਾ ਨਿਕਾਸ ਤੇ ਵਿਕਾਸ ਹਿੰਦੋਸਤਾਨ ਵਿਚ ਹੋਇਆ। 2. ਵੇਦਾਂ ਦੇ ਗ੍ਰੰਥ ਇਸੇ ਸਭਿਅਤਾ ਦੇ ਕਾਲ ਵਿਚ ਰਚੇ ਗਏ ਜਿਨ੍ਹਾਂ ਦੀ ਭਾਸ਼ਾ ਸੰਸਕ੍ਰਿਤ ਹੈ।

3. ਸੰਸਕ੍ਰਿਤ ਵਿੱਚੋਂ ਹਿੰਦੀ ਭਾਸ਼ਾ ਵਿਗਸੀ ਤੇ ਇਹ ਓਦੋਂ ਤੋਂ ਹਿੰਦੋਸਤਾਨ ਦੀ ਭਾਸ਼ਾ ਚਲੀ ਆਉਂਦੀ ਹੈ।

ਪਰ ਤੱਥ ਉਪਰੋਕਤ ਮਨੌਤਾਂ ਦੇ ਉਲਟ ਹਨ ਜਿਨ੍ਹਾਂ ਦੀ ਤਸਦੀਕ ਪਥਰਾਟ ਵਿਗਿਆਨੀਆਂ ( Archaeologists ) ਨੇ ਚਿਰਾਂ ਤੋਂ ਕੀਤੀ ਹੋਈ ਹੈ ਅਤੇ ਰਹਿੰਦੀ-ਖੂਹੰਦੀ ਕਸਰ ਜਨੈਟਿਕਸ ਵਿਗਿਆਨ (Genetics ) ਦੇ ਤੱਥਾਂ ਨੇ ਕੱਢ ਦਿੱਤੀ ਹੈ। ਸਤੰਬਰ, 2019 ਵਿਚ ਦੋ ਮਸ਼ਹੂਰ ਮੈਗਜ਼ੀਨਾਂ, ‘ਸੈਲ’ (Cell) ਅਤੇ ‘ਸਾਇੰਸ’ (Science) ਵਿਚ ਵੱਖ ਵੱਖ ਸਭਿਅਤਾਵਾਂ ਦੇ ਵਸਨੀਕਾਂ ਦੇ ਪਿੰਜਰਾਂ ‘ਚੋਂ ਪ੍ਰਾਪਤ ਕੀਤੇ, ਡੀ. ਐਨ. ਏ. (DNA) ਦੀ ਤੁਲਨਾ ਕੀਤੀ ਗਈ ਹੈ। ਇਨ੍ਹਾਂ ਦੇ ਜੀਨਜ਼ (Genes) ਦੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ,

1. ਇੰਡਸ ਵੈਲੀ ਸਭਿਅਤਾ ਬਾਕਈ ਸੱਭ ਤੋਂ ਪੁਰਾਣੀ ਹੈ, ਪਰ ਇਸ ਦੇ ਜਨਮਦਾਤਾ ਆਰੀਆ ਨਹੀਂ, ਅਫਰੀਕਾ ਦੇ ਕਬੀਲੇ ਹਨ।

2. ਇੰਡਸ ਵੈਲੀ ਸਭਿਅਤਾ ਦਾ ਮੁੱਖ ਕੇਂਦਰ ਹੜੱਪਾ (Harappa) ਸ਼ਹਿਰ ਸੀ, ਫਲਸਰੂਪ, ਇਸ ਦਾ ਨਾਂ ‘ਹੜੱਪਾ ਸਭਿਅਤਾ’ ਪੈ ਗਿਆ। ਹੜੱਪਨ ਲੋਕ ਪੜ੍ਹੇ ਲਿਖੇ ਸਨ ਅਤੇ ਡ੍ਰੈਵਿਡੀਅਨ ਭਾਸ਼ਾਵਾਂ Kannada, Telugu, Tulu, Tamil and Malayalam. ਬੋਲਦੇ ਸਨ ਜੋ ਅੱਜਕਲ ਦੱਖਣ ਭਾਰਤੀ ਸੂਬਿਆਂ ਵਿਚ ਪ੍ਰਚੱਲਤ ਹਨ। ਹੜੱਪਾ ਸਭਿਅਤਾ ਨੂੰ ਬਰੌਂਜ਼ ਏਜ (Bronze age) ਸਭਿਅਤਾ ਵੀ ਕਹਿੰਦੇ ਹਨ ਕਿਉਂਕਿ, ਓਦੋਂ ਕਹੇਂ ਦੀ ਧਾਤ ਤੋਂ ਬੁੱਤ ਅਤੇ ਬਰਤਨ ਬਣਾਏ ਜਾਂਦੇ ਸਨ।

3. ਆਰੀਆ ਲੋਕ ਆਖੀਰ ਵਿਚ ਹਿੰਦੋਸਤਾਨ ਪਹੁੰਚੇ ਜੋ ਇੰਡੋ-ਯੂਰਪੀਅਨ ਭਾਸ਼ਾਵਾਂ (Indo-European languages) ਬੋਲਦੇ ਸਨ ਜਿਨ੍ਹਾਂ ਵਿਚ ਸੰਸਕ੍ਰਿਤ ਵੀ ਸ਼ਾਮਿਲ ਹੈ।

ਆਧੁਨਿਕ ਸਮੇਂ ਵਿਚ ਡੀ. ਐਨ. ਏ. ਦੀ ਗਵਾਹੀ ਪੱਥਰ ‘ਤੇ ਲੀਕ ਵਾਂਗ ਮੰਨੀ ਜਾਂਦੀ ਹੈ। ਇਸ ਗਵਾਹੀ ਦੇ ਆਧਾਰ ‘ਤੇ ਕਈ ਬੇਕਸੂਰ ਲੋਕਾਂ ਦੀ ਫਾਂਸੀ ਅਤੇ ਜੇਲ੍ਹ ਤੋਂ ਮੁਕਤੀ ਹੋਈ ਹੈ ਅਤੇ ਅਦਾਲਤ ਤੋਂ ਬਰੀ ਹੋਏ ਸ਼ੱਕੀ ਅਪਰਾਧੀਆਂ ਨੂੰ ਮੁੜ ਕੇ ਜੇਲ੍ਹ ਵਿਚ ਸੁੱਟਿਆ ਗਿਆ ਹੈ। ਹਿੰਦੂਤਵਾ ਨੂੰ ਵੀ ਚਾਹੀਦਾ ਹੈ ਕਿ ਡੀ. ਐਨ. ਏ. ਦੀ ਗਵਾਹੀ ਦੀ ਲੋਅ ਵਿਚ ਆਪਣੀਆਂ ਥੋਥੀਆਂ ਮਨੌਤਾਂ/ਦਲੀਲਾਂ ਨੂੰ ਵਾਪਸ ਲੈਣ ਅਤੇ ਹਿੰਦੀ-ਹਿੰਦੂ-ਹਿੰਦੋਸਤਾਨਉ ਦੇ ਨਾਅਰੇ ਉੱਤੇ ਲੀਕ ਮਾਰਨ। ਹਿੰਦੂ ਜਾਤੀ ਦੀ ‘ਮੈ ਨਹੀਂ ਮਾਨੂੰ’ ਦੀ ਰਟ ਭਵਿੱਖ ਵਿਚ ਹਾਨੀਕਾਰਕ ਸਿੱਧ ਹੋ ਸਕਦੀ ਹੈ।

**ਪੁਰਾਣੀਆਂ ਸਭਿਅਤਾਵਾਂ ਦਾ ਇਤਿਹਾਸ**

ਇਤਿਹਾਸਿਕ ਤੌਰ ‘ਤੇ ਹਿੰਦੋਸਤਾਨ ਦੀ ਮੌਜੂਦਾ ਵਸੋਂ ਚਾਰ ਕਿਸਮ ਦੇ ਪੁਰਵ-ਇਤਹਾਸਿਕ (Prehistoric) ਅਵਾਸੀਆਂ (Migrants) ਦਾ ਮਿਲਗੋਭਾ ਹੈ ਜੋ ਵੱਖ ਵੱਖ ਸੰਮਤਾਂ ਦੌਰਾਨ ਵੱਖ ਖਿਤਿਆਂ ਤੋਂ ਹਿੰਦੋਸਤਾਨ ਵਿਚ ਪਹੁੰਚੇ।

1. ਪਹਿਲੇ ਅਵਾਸੀ ਤਕਰੀਬਨ 65,000 ਸਾਲ ਪਹਿਲਾਂ ਅਫਰੀਕਾ ਤੋਂ ਆਏ। ਇਨ੍ਹਾਂ ਨੇ ‘ਇੰਡਸ ਵੈਲੀ ਸਭਿਅਤਾ’ ਦੀ ਨੀਂਹ ਰੱਖੀ ਜੋ 2600 ਬੀ. ਸੀ. ਤੋਂ 1900 ਬੀ. ਸੀ. ਤਕ ਕਾਇਮ ਰਹੀ।



ਚਿਤਰ-1: ਇੰਡਸ ਵੈਲੀ ਸਭਿਅਤਾ ਦੇ ਵੇਲੇ ਦਾ ਪਿੰਜਰ



ਚਿਤਰ-2 : ਰਾਖੀਗੜ੍ਹ (ਹਰਿਆਣਾ) ਵਿਚ ਖੋਦਿਆ ਪਿੰਜਰ।

2. ਦੂਜੇ ਅਵਾਸੀ ਇਰਾਨ ਦੇ ਖਿੱਤੇ, ‘ਜ਼ਾਗਰਸ’ (Zagros) - ਇਰਾਨ ਤੋਂ ਟਰਕੀ ਤਕ ਦਾ ਪਹਾੜੀ ਇਲਾਕਾ) ਤੋਂ 7,000- 3,000 ਬੀ. ਸੀ. ਦੌਰਾਨ ਹਿੰਦੋਸਤਾਨ ਦੇ ਉੱਤਰ-ਪੱਛਮੀ ਹਿੱਸੇ ਵਿਚ ਪਹੁੰਚੇ ਤੇ ਖੇਤੀਬਾੜੀ ਦਾ ਕਿੱਤਾ ਨਾਲ ਲਿਆਏ। ਇਨ੍ਹਾਂ ਦੀ ਪਹਿਲੇ ਅਵਾਸੀਆਂ ਨਾਲ ਮਿਲਾਵਟ (Mixing) ਹੋਈ ਤੇ ਨਵੀਂ ਨਸਲ ਨੇ ਖੇਤੀਬਾੜੀ ਦੇ ਧੰਦੇ ਪ੍ਰਫੁੱਲਤ ਕੀਤਾ। ਇਹ ਲੋਕ ਜ਼ਿਆਦਾ ਤਰ ਕਣਕ ਅਤੇ ਜੌਆਂ ਦੀ ਫਸਲ ਪੈਦਾ ਕਰਦੇ ਸਨ। ਇਸ ਸਭਿਅਤਾ ਦੀ ਰਾਜਧਾਨੀ ‘ਹੜੱਪਾ’ ਸ਼ਹਿਰ ਸੀ ਜਿਸ ਕਰਕੇ ਇਸ ਨੂੰ (Harappan Civilisation) ਵੀ ਕਿਹਾ ਗਿਆ।

3. ਤੀਜੇ ਅਵਾਸੀ 2,000 ਬੀ. ਸੀ. ਵਿਚ ਏਸ਼ੀਆ ਦੇ ਦੱਖਣ-ਪਛਮੀ ਦੇਸ਼ਾਂ ਤੋਂ ਹਿੰਦੋਸਤਾਨ ਪਹੁੰਚੇ। ਇਨ੍ਹਾਂ ਵਿਚ ਜ਼ਿਆਦਾ ਚੀਨ ਦੇ ਇਲਾਕੇ ਤੋਂ ਸਨ ਜੋ ਆਪਣੇ ਨਾਲ ਔਸਟ੍ਰੋਏਸ਼ੀਐਟਿਕ (Austroasiatic) ਭਾਸ਼ਾਵਾਂ ਲਿਆਏ ਜਿਨ੍ਹਾਂ ਵਿਚੋਂ ਦੋ, ਮੁੰਦਾਰੀ ਅਤੇ ਖਾਸੀ (Mundari and Khasi), ਅੱਜ ਵੀ ਹਿੰਦੋਸਤਾਨ ਦੇ ਕੇਂਦਰੀ ਅਤੇ ਪਛਮੀ ਹਿਸਿਆਂ ਵਿਚ ਬੋਲੀਆਂ ਜਾਂਦੀਆਂ ਹਨ।

4. ਚੌਥੀ ਕਿਸਮ ਦੇ ਅਵਾਸੀ ਤਕਰੀਬਨ 2,000-1000 ਬੀ. ਸੀ. ਵਿਚ ਕੇਂਦਰੀ ਏਸ਼ੀਆ (Central Asia) ਤੋਂ ਹਿੰਦੋਸਤਾਨ ਵਿਚ ਆਏ। ਇਹ ਚਰਵਾਹੇ (Pastoralists) ਸਨ ਅਤੇ ਇੰਡੋ-ਯੂਰਪੀਅਨ ਭਾਸ਼ਾਵਾਂ (Indo-European languages) ਬੋਲਦੇ ਸਨ। ਇਨ੍ਹਾਂ ਨੇ ਵੈਦਕ ਸਭਿਅਤਾ (Vedic Culture) ਨੂੰ ਜਨਮ ਦਿੱਤਾ। ਇਨ੍ਹਾਂ ਦੀ ਆਮਦ ਨੂੰ ਆਰੀਆ ਲੋਕਾਂ ਦਾ ਧਾਵਾ (Aryan Invasion ) ਵੀ ਕਿਹਾ ਜਾਂਦਾ ਹੈ। ਇਸ ਸਮੇਂ (1500-1000 ਬੀ. ਸੀ.) ਦੌਰਾਨ ਵੇਦ ਰਚੇ ਗਏ ਜੋ ਆਮ ਬੋਲਚਾਲ ਦੀ ਸੰਸਕ੍ਰਿਤ ਭਾਸ਼ਾ ਵਿਚ ਹਨ। ਵਿਆਕਰਣ ਗਿਆਤਾ, ਪਾਨਿਨੀ, ਸਮੇਂ ਲੌਕਿਕ ਸੰਸਕ੍ਰਿਤ ‘ਚੋਂ ਸੰਸਕ੍ਰਿਤ ਭਾਸ਼ਾ ਦਾ ਆਗਾਜ਼ ਹੋਇਆ।

ਅੰਤਰ-ਸੰਭੋਗ (Inbreeding) ਰਾਹੀਂ ਪਹਿਲਾਂ ਆਏ ਅਵਾਸੀਆਂ ਅਤੇ ਆਰੀਆ ਲੋਕਾਂ ਵਿਚਕਾਰ ਵੱਡੇ ਪੱਧਰ ‘ਤੇ ਮਿਸ਼ਰਨ ਹੋਇਆ। ਰਾਜਨੀਤਕ ਚੇਤਨਾ ਵਧਣ ਕਰਕੇ ਅਵਾਸੀਆਂ ਦਾ ਵਰਗੀਕਰਨ ਹੋਣਾ ਸ਼ੁਰੂ ਹੋ ਗਿਆ, ਫਲਸਰੂਪ, ਵੱਖ ਵੱਖ ਗਰੁੱਪਾਂ ਵਿਚਕਾਰ ਮਿਲਾਵਟ ਘਟ ਗਈ ਅਤੇ ਜਾਤੀਵਾਦ (Cast system) ਵੱਧ ਗਿਆ ਗਿਆ। ਮਨੂੰ (Mannu) ਨੇ ਇਸ ਵਸੋਂ ਨੂੰ ਚਾਰ ਜਾਤੀਆਂ ਵਿਚ ਵੰਡਿਆ: ਬ੍ਰਾਹਮਣ (Priests and Teachers), ਕਸ਼ੱਤਰੀ (Wariors and Rulers), ਵੈਸ਼ਿਆ (6armers and Traders) ਅਤੇ ਸ਼ੂਦਰ (Labours: street sweepers, latrine cleaners, etc.)। ਮਨੂਸਿਮ੍ਰਤੀ (Manusimrati) ਗ੍ਰੰਥ 1250 ਤੋਂ 1000 ਬੀ. ਸੀ. ਵਿਚਕਾਰ ਲਿਖਿਆ ਗਿਆ ਜਿਸ ਵਿੱਚੋਂ ਇਨ੍ਹਾਂ ਜਾਤੀਆਂ ਬਾਰੇ ਭਰਪੂਰ ਵਾਕਫੀਅਤ ਮਿਲਦੀ ਹੈ। ਮਨੂੰ ਨੇ ਕੰਮਾਂ-ਕਾਰ ਦੇ ਆਧਾਰ ‘ਤੇ ਲੋਕਾਂ ਨੂੰ ਵੰਡਿਆ ਸੀ, ਪਰ ਬ੍ਰਾਹਮਣਾਂ ਨੇ ਇਸ ਵੰਡ ਨੂੰ ਜਾਤੀਵਾਦ ਵਿਚ ਬਦਲ ਦਿੱਤਾ।

ਪਿੰਜਰਾਂ ਵਿੱਚੋਂ ਕੱਢੇ ਡੀ. ਐਨ. ਏ. ਦੀ ਗਵਾਹੀ ਪਹਿਲਾ ਸਵਾਲ ਇਹ ਹੈ ਕਿ ਸਦੀਆਂ ਪੁਰਾਣੇ ਮਾਨਵੀ ਪਿੰਜਰਾਂ ‘ਚੋਂ ਡੀ. ਐਨ. ਏ. ਕਿਵੇ ਕੱਢਿਆ ਜਾ ਸਕਦਾ ਹੈ ? ਬੰਦੇ ਦੇ ਮਰਨ ਨਾਲ ਡੀ. ਐਨ. ਏ. ਵੀ ਨਸ਼ਟ ਹੋ ਜਾਂਦਾ ਹੋਵੇਗਾ। ਪਰ ਤੱਥ ਇਹ ਹੈ ਕਿ ਡੀ. ਐਨ. ਏ. ਦੇ ਕਣ (Molecule) ਦੀ ਬਣਤਰ ਕੁਦਰਤਨ ਸਦੀਆਂ ਤਕ ਸਥਿਰ ਰਹਿੰਦੀ ਹੈ। ਇਸ ਦੇ ਵਿਣਸਨ ਦੀ ਅੱਧੀ ਉਮਰ 521 ਸਾਲ ਹੈ। ਭਾਵ ਇਹ ਕਿ ਜੇ ਪਿੰਜਰ ਧਰਤੀ ਹੇਠਾਂ ਦੱਬਿਆ ਰਹੇ ਤਾਂ ਡੀ. ਐਨ. ਏ. ਦੇ ਹਿੱਸੇ ਇਕ-ਦੂਜੇ ਨਾਲੋਂ 521 ਸਾਲ ਤਕ ਜੁਦਾ ਨਹੀਂ ਹੁੰਦੇ। ਇਸ ਦਾ ਮਤਲਬ ਇਹ ਹੋਇਆ ਕਿ ਪਿੰਜਰ ਦਾ ਡੀ. ਐਨ. ਏ. 6.8 ਮਿਲੀਅਨ ਸਾਲ ਸਥਿਰ ਰਹਿ ਸਕਦਾ ਹੈ। ਵਿਗਿਆਨੀਆਂ ਨੇ ਇਸ ਤੱਥ ਦਾ ਲਾਹਾ ਲੈਂਦਿਆਂ ਡੀ. ਐਨ. ਏ. ਕਣ ਨੂੰ ਪਿੰਜਰਾਂ ਦੀਆਂ ਹੱਡੀਆਂ ਜਾਂ ਦੰਦਾਂ ਵਿਚੋਂ ਕੱਢਿਆ।

ਵਿਗਿਆਨ ਦੇ ਮੈਗਜ਼ੀਨ, ‘ਸੈਲ’ (Cell) ਵਿਚ ਛਪੀ ਪਹਿਲੀ ਰਿਪੋਰਟ ਵਿਚ ਹਰਿਆਣੇ ਦੇ ਰਾਖੀਗੜ੍ਹੀ ਸਥਾਨ ਤੋਂ ਮਿਲੇ ਪਿੰਜਰਾਂ ਦੇ ਡੀ. ਐਨ. ਏ. ਤੋਂ ‘ਇੰਡਸ ਵੈਲੀ ਸਭਿਅਤਾ’ ਅਤੇ ‘ਹੜੱਪਨ ਸਭਿਅਤਾ’ ਦੇ ਵਾਸੀਆਂ ਦਾ ਪਤਾ ਲੱਗਿਆ ਹੈ। (ਚਿਤਰ-1)।

ਇਸ ਪਿੰਜਰ ਦੇ ਡੀ. ਐਨ. ਏ. ਤੋਂ ਤਸਦੀਕ ਹੁੰਦੀ ਹੈ ਕਿ ਇਹ ਲੋਕ ਅੱਜ ਦੇ ਦੱਖਣੀ ਏਸ਼ੀਆ ਦੇ ਲੋਕਾਂ ਨਾਲ ਮਿਲਦੇ-ਜੁਲਦੇ ਹਨ ਅਤੇ ਇਨ੍ਹਾਂ ਦਾ ਹਿੰਦੋਸਤਾਨ ਦੇ ਦੱਖਣੀ ਭਾਰਤੀ ਪ੍ਰਾਂਤਾਂ ਦੇ ਵਸਨੀਕ ਨਾਲ ਸਿੱਧਾ ਨਾਤਾ ਹੈ। ਇਹ ਲੋਕ ‘ਇੰਡਸ ਵੈਲੀ ਸਭਿਅਤਾ’ ਦੇ ਨਿਰਮਾਤਾ ਸਨ। ਹਰਿਆਣਾ ਦੇ ਪਿੰਡ ਰਾਖੀਗੜ੍ਹ ਲਾਗਿਉਂ ਮਿਲੇ ਪਿੰਜਰ ਦਾ ਡੀ. ਐਨ. ਏ. ਹੜੱਪਨ ਸਭਿਅਤਾ ਦੇ ਵਸਨੀਕਾਂ ਨਾਲ ਮਿਲਦਾ ਹੈ (ਚਿਤਰ-2)।

ਦੋਹਾਂ ਸਭਿਅਤਾਵਾਂ ਦੇ ਵਸਨੀਕਾਂ ਵਿਚ ਅੰਤਰ-ਸੰਭੋਗ ਰਾਹੀਂ ਮਿਲਾਵਟ ਹੁੰਦੀ ਰਹੀ ਜਿਸ ਦੀ ਤਸਦੀਕ ਡੀ. ਐਨ. ਏ. ਤੋਂ ਭਲੀਭਾਂਤ ਹੁੰਦੀ ਹੈ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਸੈਲ (Cell) ਵਿਚ ਛਪੇ ਲੇਖ ਦਾ ਮੁੱਖ ਵਿਗਿਆਨੀ ਅਮਰੀਕਾ ਦੀ ਨਾਮਵਰ ਹਾਰਵਰਡ ਯੂਨੀਵਰਸਿਟੀ ਦਾ ਪ੍ਰੋਫੈਸਰ, ਡੇਵਡ ਰੀਛ (David Reich) ਹੈ ਉਸ ਦੇ ਨਾਲ 92 ਹੋਰ ਵਿਗਿਆਨੀ ਹਨ ਜੋ ਦੁਨੀਆਂ ਦੇ ਵੱਖਰੇ ਵੱਖਰ ੇ ਮੁਲਕਾਂ ਦੀਆਂ ਯੂਨੀਵਰਸੀਆਂ ਵਿਚ ਖੋਜੀ ਹਨ। ਇਨ੍ਹਾਂ ਨੇ ਇੰਡਸ ਵਾਦੀ ਦੇ ਦਸ ਥਾਵਾਂ ਤੋਂ ਮਿਲੇ 100 ਪਿੰਜਰਾਂ ਦੇ ਡੀ. ਐਨ. ਏ. ਦਾ ਅਧਿਅਨ ਕਰਕੇ ਹੇਠਲੇ ਨਤੀਜੇ ਕੱਢੇ:

1. ਇੰਡਸ ਵੈਲੀ ਅਤੇ ਹੜੱਪਾ ਸਭਿਆਤਾਵਾਂ ਦੇ ਲੋਕਾਂ ਨੇ ਹਿੰਦੋਸਤਾਨ ਦੀ ਵਸੋਂ ਦਾ ਮੁੱਢ ਬੰਨ੍ਹਿਆਂ। ਇਹ ਲੋਕ ਆਰੀਆ ਲੋਕਾਂ ਨਾਲੋਂ ਦਰਾਵੜ (ਦੱਖਣੀ ਭਾਰਤੀ) ਲੋਕਾਂ ਨਾਲ ਜ਼ਿਆਦਾ ਮਿਲਦੇ ਸਨ।

2. ਆਰੀਆ ਲੋਕ ਸੱਭ ਤੋਂ ਬਾਅਦ ਹਿੰਦੋਸਤਾਨ ਵਿਚ ਆਏ ਜੋ ਇੰਡੋ ਯੌਰਪੀਅਨ ਭਾਸ਼ਾਵਾਂ ਬੋਲਦੇ ਸਨ ਜਿਨ੍ਹਾਂ ਵਿਚ ਸੰਸਕ੍ਰਿਤ ਵੀ ਸ਼ਾਮਿਲ ਸੀ।

**ਹਿੰਦੂਤਵਾ ਦਾ ਪਰਚਾਰ**

ਹਿੰਦੁਤਬਾ ‘ਮੈਂ ਨਾ ਮਾਨੂੰ’ ਦੀ ਰੱਟ ਲਗਾਈ ਜਾਂਦਾ ਹੈ ਅਤੇ ਉਪਰੋਕਤ ਤੱਥਾਂ ਨੂੰ ਪੁੱਠਾ ਗੇੜਾ ਦੇ ਕੇ ਇਹ ਪਰਚਾਰਦਾ ਹੈ ਕਿ ਇੰਡਸ ਵੈਲੀ ਸੀਭਅਤਾ ਆਰੀਆ ਲੋਕਾਂ ਦੀ ਦੇਣ ਸੀ। ਆਰੀਆ ਲੋਕਾਂ ਨੇ ਹਿੰਦੋਸਤਾਨ ਵਿੱਚੋਂ ਬਾਹਰ ਅਵਾਸ ਕੀਤਾ, ਫਲਸਰੂਪ, ਇੰਡਸ ਵੈਲੀ ਸਭਿਅਤਾ ਦੁਨੀਆਂ ਦੇ ਹੋਰ ਖਿਤਿਆਂ ਵਿਚ ਫੈਲੀ। ਭਾਵ ਇਹ ਕਿ ਬਾਹਰਲੇ ਅਵਾਸੀਆਂ ਨੇ ਹਿੰਦੋਸਤਾਨ ਦੀ ਸਭਿਅਤਾ ਵਿਚ ਕੋਈ ਹਿੱਸਾ ਨਹੀਂ ਪਾਇਆ ਸਗੋਂ ਇੰਡਸ ਵਾਦੀ ਦੇ ਆਰੀਆ ਲਕਾਂ ਨੇ ਬਾਹਰਲੇ ਮੁਲਕਾਂ ਵਿਚ ਪਰਵੇਸ਼ ਕਰਕੇ ਉਨ੍ਹਾਂ ਦੀ ਸਭਅਤਾ ਨੂੰ ਪ੍ਰਭਾਵਤ ਕੀਤਾ। ਪਰ ਡੀ. ਐਨ. ਏ. ਦੀ ਗਵਾਹੀ ਹਿੰਦੂਤਬਾ ਦੀ ਮਨੌਤ ਦੇ ਪੱਖ ਵਿਚ ਨਹੀਂ ਭੁਗਤਦੀ। ਉਹ ਤੱਥਾਂ ਨੂੰ ਪੁੱਠਾ ਗੇੜਾ ਦਈ ਜਾ ਰਹੇ ਹਨ। ਅੰਗਰੇਜ਼ੀ ਵਿਚ ਅਜੇਹੀ ਸੋਚ ਨੂੰ ‘ਘੋੜੇ ਅੱਗੇ ਤਾਂਗਾ ਜੋੜਨਾ’ ਕਹਿੰਦੇ ਹਨ। (To put cart before the horse).

ਇਸ ਵਿਵਾਦ ਦਾ ਮੁੱਢ 18ਵੀਂ ਸਦੀ ਦੇ ਆਖੀਰ ਵਿਚ ਉਸ ਵੇਲੇ ਬੱਝਾ ਜਦ ਇਹ ਸਾਫ ਜ਼ਾਹਿਰ ਹੋ ਗਿਆ ਕਿ ਯੂਰਪ, ਇਰਾਨ ਅਤੇ ਦੱਖਣੀ ਏਸ਼ੀਆ (ਇੰਡੀਆ, ਅਫਗਾਨਿਸਤਾਨ, ਪਾਕਿਸਤਾਨ, ਬੰਗਲਾ ਦੇਸ਼ ਸ਼੍ਰੀ ਲੰਕਾ, ਨੀਪਾਲ, ਭੂਟਾਨ ਅਤੇ ਮਾਲਡੀਵਜ਼) ਵਿਚ ਬੋਲਣ ਵਾਲੀਆਂ ਭਾਸਾਵਾਂ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੈ। 19ਵੀਂ ਸਦੀ ਵਿਚ ਕੁੱਝ ਯੂਰਪੀਅਨ ਇਤਿਹਾਸਕਾਰਾਂ ਨੇ ਹਿੰਦੋਸਤਾਨੀ ਅਤੇ ਇਰਾਨੀ ਗ੍ਰੰਥਾਂ (Texts) ਦੇ ਅਧਿਅਨ ਤੋਂ ਇਹ ਨਤੀਜਾ ਕੱਢਿਆ ਕਿ ਮੂਲ ਇੰਡੋ-ਯੂਰਪੀਅਨ ਭਾਸ਼ਾਵਾਂ (Root Indo-European Languages) ਨੂੰ ਬੋਲਣ ਵਾਲੇ ਲੋਕ ਆਪਣੇ ਆਪ ਨੂੰ ਆਰੀਆ ਕਹਿੰਦੇ ਸਨ। ਇਸ ਸੋਚ ਨੇ ਗੋਰੇ ਲੋਕਾਂ ਨੂੰ ਕੌਂਕੇਸ਼ੀਅਨ (Caucasian, white supremacist) ਅਤੇ ਹਿੰਦੋਸਤਾਨੀ ਲੋਕਾਂ ਨੂੰ ਆਰੀਆ ਕਿਹਾ। ਇਨ੍ਹਾਂ ਲੋਕਾਂ ਦੀਆਂ ਜੜ੍ਹਾਂ ਬਲੈਕ ਅਤੇ ਕੈਸਪੀਅਨ ਸਮੁੰਦਰਾਂ (Black and Caspian Sea) ਦੇ ਆਲੇ- ਦੁਆਲੇ ਸਨ। ਇਨ੍ਹਾਂ ਵਰਗਾਂ ਦੀ ਭਾਸ਼ਾ ਵੈਦਕ ਸੰਸਕ੍ਰਿਤ ਸੀ। ਉਨਵੀਂ ਸਦੀ ਦੇ ਸੰਸਕ੍ਰਿਤ ਵਿਦਵਾਨ, ਫ੍ਰੈਡਰਿਕ ਮੈਕਸ ਮੁੱਲਰ (ਢਰਇਦਰਚਿਹ ੰਓਣ_ੰਇਲਲੲਰ) ਦਾ ਵਿਚਾਰ ਹੈ ਕਿ ਪਹਿਲੇ ਵੈਦਕ ਲੋਕ, ਜੋ ਅਰਧ ਟੱਪਰੀਵਾਸੀ/ਖਾਨਾ ਬਦੋਸ਼ ਚਰਵਾਹੇ ਸਨ, ਇੰਡੀਆ ਵਿਚ ਪਹੁੰਚ ਕੇ ਹਿੰਦੋਸਤਾਨ ਦੇ ਕਿਸਾਨੀ ਲੋਕਾਂ ਨਾਲ ਟਕਰਾਏ ਤੇ ਆਖੀਰ ਨੂੰ ਆਰੀਆ ਲੋਕ ਕਹਿਲਾਏ।

ਸੰਸਕ੍ਰਿਤ ਨਾਲ ਪੰਜਾਬੀ ਅਤੇ ਹਿੰਦੀ ਦਾ ਨਾਤਾ ਵੈਦ ਲੌਕਿਕ ਸੰਸਕ੍ਰਿਤ ਵਿਚ ਰਚੇ ਹੋਏ ਹਨ। ਇਨ੍ਹਾਂ ਵਿਚ ਦੱਖਣੀ ਭਾਰਤੀ ਭਾਸ਼ਾਵਾਂ, ਖਾਸ ਕਰਕੇ ਤਾਮਿਲ ਭਾਸ਼ਾ ਦੇ ਸ਼ਬਦ ਮਿਲਦੇ ਹਨ। ਸੰਸਕ੍ਰਿਤ ਭਾਸ਼ਾ, ਵੈਦਕ ਸੰਸਕ੍ਰਿਤ ਵਿਚੋਂ ਵਿਗਸੀ। ਇਸ ਵਿਚ ਪੰਜਾਬੀ ਭਾਸ਼ਾ ਦੇ ਤਤਸਮ (Original) ਅਤੇ ਤਤਭਵ (Modified) ਸ਼ਬਦਾਂ ਦੀ ਭਰਮਾਰ ਹੈ। ਪੰਜਾਬੀ ਦੀਆਂ ਕਈ ਧੁਨੀਆਂ ਸੰਸਕ੍ਰਿਤ ਭਾਸ਼ਾ ਨਾਲ ਮਿਲਦੀਆਂ ਹਨ। ਮਿਸਾਲ ਦੇ ਤੌਰ ‘ਤੇ ਯ ਦਾ ਉਚਾਰਨ ਜ ਵਿਚ ਬਦਲ ਗਿਆ ਹੈ ਅਤੇ ਸ਼ ਦੀ ਧੁਨੀ ਖ ਵਿਚ ਬਦਲ ਗਈ ਹੈ। ਵੈਦਿਕ ਸੰਸਕ੍ਰਿਤ ਵਿਚ ਲ਼ ਦੀ ਵਰਤੋਂ ਮਿਲਦੀ ਹੈ, ਪਰ ਸੰਸਕ੍ਰਿਤ ਵਿਚ ਨਹੀਂ ਮਿਲਦੀ। ਪੰਜਾਬੀ ਵਿਚ ਲ਼ ਦੀ ਧੁਨੀ ਕਾਇਮ ਹੈ ਜਿਵੇਂ, ਗੋਲੀ (ਦਾਸੀ) ਅਤੇ ਗੋਲ਼ੀ (ਬੰਦੂਕ ਵਿਚ ਭਰਨ ਵਾਲੀ), ਬੋਲੀ (ਬੋਲਣਾ) ਅਤੇ ਬੋਲ਼ੀ (ਬਹਿਰੀ) ਆਦਿ। ਹਿੰਦੀ ਵਿਚ ਇਹ ਧੁਨੀਆਂ ਅਲੋਪ ਹਨ।ਵੈਦਕ ਸੰਸਕ੍ਰਿਤ ਵਾਂਗ ਪੰਜਾਬੀ ਭਾਸ਼ਾ ਸੁਰਾਤਮਕ ਭਾਸ਼ਾ (Tonal) ਹੈ। ਹਿੰਦੀ ਵਿਚ ਇਸ ਵਿਸ਼ੇਸ਼ਤਾ ਦੀ ਘਾਟ ਹੈ।

ਪੰਜਾਬੀ ਸ਼ਬਦ ਰਚਨਾ ਦਾ ਬਣਤਰੀ ਢਾਂਚਾ ਵੀ ਸੰਸਕ੍ਰਿਤ ਨਾਲ ਮਿਲਦਾ ਹੈ ਜਿਵੇਂ, ਪੰਜਾਬੀ ਸ਼ਬਦ ਕਰਤਾ, ਦੋਹਤਰਾ, ਪਿਤਾ, ਕੋਸੀ, ਪਾਣੀ, ਚੁਕੰਨਾ, ਕੁਲਹਿਣੀ, ਭਰਜਾਈ, ਧੀ ਆਦਿ ਸ਼ਬਦ ਸੰਸਕ੍ਰਿਤ ਵਿਚ ਪਾਏ ਜਾਂਦੇ ਹਨ। ਪੰਜਾਬੀ ਅਤੇ ਸੰਸਕ੍ਰਿਤ ਦੇ ਅਗੇਤਰ ਵੀ ਆਪਸ ਵਿਚ ਮਿਲਦੇ ਹਨ ਜਿਵੇਂ, ਅਭਿਮਾਨ, ਅਭਿਲਾਸ਼ਾ, ਅਤਕਥਨੀ, ਅਧਿਆਪਕ, ਅਨੁਸਾਰ, ਔਗਣ, ਅਤਿਆਚਾਰ ਆਦਿ। ਵਿਸਤਾਰ ਲਈ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੀ ਪੁਸਤਕ, ‘ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ’ ਵਾਚੀ ਜਾ ਸਕਦੀ ਹੈ।

ਪੰਜਾਬੀ ਭਾਸ਼ਾ ਦੀ ਨੁਹਾਰ ਨੌਵੀਂ-ਦਸਵੀਂ ਈ. ਤੋਂ ਬੱਝਣੀ ਸ਼ੁਰੂ ਹੋ ਗਈ ਸੀ। 12ਵੀਂ ਸਦੀ ਵਿਚ ਬਾਬਾ ਫਰੀਦ ਦੇ ਸਲੋਕਾਂ ਦੀ ਬੋਲੀ ਠੇਠ ਪੰਜਾਬੀ ਹੈ, ਪਰ ਲਿਖੀ ਸ਼ਾਹਮੁਖੀ ਅੱਖਰਾਂ ਵਿਚ ਜਾਂਦੀ ਸੀ। ਗੁਰਬਾਣੀ ਵਿਚ ਗੁਰੂ ਨਾਨਾਕ ਦੀ ਬਾਣੀ ‘ਪੱਟੀ ਲਿਖੀ’ ਮਿਲਦੀ ਹੈ। ਇਸ ਵਿਚ ਪੰਜਾਬੀ ਪੈਂਤੀ ਦੇ ਸਾਰੇ ਅੱਖਰ ਦਰਕਾਰ ਹਨ; ਫਰਕ ਕੇਵਲ ਇਹ ਹੈ ਕਿ ਇਹ ‘ੳ’ ਦੀ ਬਜਾਏ ‘ਸ’ ਤੋਂ ਸ਼ੁਰੂ ਹੁੰਦੀ ਹੈ। ਦੂਜੇ ਗੁਰੂ ਅੰਗਤ ਸਾਹਿਬ ਨੇ ਇਸ ਨੂੰ ਤਰਤੀਬ ਦੇ ਕੇ ਹੁਣ ਵਾਲੀ ਪੈਂਤੀ ਦੇ ਰੂਪ ਵਿਚ ਬਦਲਿਆ, ਫਲਸਰੂਪ, ਇਸ ਦਾ ਨਾਂ ਗੁਰਮੁਖੀ ਪੈ ਗਿਆ। ਮੁਕਾਬਲੇ ‘ਤੇ ਹਿੰਦੀ ਭਾਸ਼ਾ, ਉਰਦੂ ਭਾਸ਼ਾ ਦੇ ਨਾਲ, 17ਵੀਂ ਸਦੀ ਵਿਚ ਵਿਗਸੀ। ਇਨ੍ਹਾਂ ਦੀ ਵਿਆਕਰਨ ਵੀ ਸਾਂਝੀ ਹੈ।

ਸਾਰੰਸ਼ ਇਹ ਕਿ ਪੰਜਾਬੀ ਦਾ ਸੰਸਕ੍ਰਿਤ ਭਾਸ਼ਾ ਨਾਲ ਨਾਤਾ, ਹਿੰਦੀ ਭਾਸ਼ਾ ਨਾਲੋਂ, ਪੁਰਾਣਾ ਹੈ। ਗ੍ਰੀਅਰਸੰਨ (ਘਰਇਰਸੋਨ) ਵਰਗੇ ਸੰਸਾਰ ਪ੍ਰਸਿੱਧ ਭਾਸ਼ਾ ਵਿਗਿਆਨੀ ਅਤੇ ਮਸ਼ਹੂਰ ਭਾਰਤੀ ਭਾਸ਼ਾ ਵਿਗਆਨੀਆਂ, ਵਿਦਿਆ ਭਾਸਕਰ ਅਰੁਨ ਅਤੇ ਪ੍ਰੇਮ ਪ੍ਰਕਾਸ਼ ਸਿੰਘ ਹੋਰਾਂ ਨੇ ਪੰਜਾਬੀ ਨੂੰ ਹਿੰਦੋਸਤਾਨ ਦੀਆਂ ਹੋਰ ਭਾਸ਼ਾਵਾਂ ਨਾਲੋਂ ਸੰਸਕ੍ਰਿਤ ਦੇ ਵਧੇਰੇ ਕਰੀਬ ਸਿੱਧ ਕੀਤਾ ਹੈ। (ਸਬਬ ਨਾਲ ਮੈਂ ਇਨ੍ਹਾਂ ਦੋਹਾਂ ਵਿਦਵਾਨਾਂ ਦਾ ਸਾਥ ਮਾਣਿਆਂ ਹੈ)। ਭਾਰਤੀ ਭਾਸ਼ਾਵਾਂ ਦੇ ਮਾਹਿਰ ਪ੍ਰੋ. ਕ੍ਰਿਸਟੋਫਰ ਸੈਕਲਜ਼ Christopher shackles) ਨੇ ਤਾਂ ਸੰਸਕ੍ਰਿਤ ਨੂੰ ਪੰਜਾਬੀ ਦੀ ਨਕੜਦਾਦੀ ਕਿਹਾ ਹੈ।

ਭਾਰਤ ਵਿਚ ਸੰਸਕ੍ਰਿਤ ‘ਚੋਂ ਵਿਗਸੀ ਠੇਠ ਹਿੰਦੀ ਬੋਲਣ ਵਾਲੇ ਲੋਕ ਕੇਵਲ 7% ਹਨ, ਬਾਕੀ ਦੀ ਵਸੋਂ ਸਥਾਨਿਕ ਬੋਲੀਆਂ ਬੋਲਦੇ ਹਨ। ਹਿੰਦੋਸਤਾਨ ਵਿਚ 22 ਪ੍ਰਾਂਤ ਹਨ ਅਤੇ ਹਰ ਪ੍ਰਾਂਤ ਦੀ ਆਪਣੀ ਵੱਖਰੀ ਭਾਸ਼ਾ ਹੈ। ਇਸ ਲਈ ਹਿੰਦੋਸਤਾਨ ਦੀ ਕੋਈ ਇਕ ਭਾਸ਼ਾ ਨਹੀਂ ਮੰਨੀ ਜਾ ਸਕਦੀ। ਜੇਕਰ ਵੱਖ ਵੱਖ ਜਾਤੀਆਂ ਵਿਚ ਅਦਾਨ ਪ੍ਰਦਾਨ ਲਈ ਕੋਈ ਸੰਪਰਕ ਭਾਸ਼ਾ ਬਨਾਉਣੀ ਹੈ ਤਾਂ ਇਸ ਵਿਚ ਹਰ ਭਾਸ਼ਾ ਦੇ ਬੋਲਚਾਲ ਦੇ ਸ਼ਬਦ ਹੋਣੇ ਚਾਹੀਦੇ ਹਨ ਅਤੇ ਟੈਕਨੀਕਲ ਅਤੇ ਖਾਸ ਸ਼ਬਦਾਂ ਨੂੰ ਅੰਗਰੇਜ਼ੀ ਵਿਚ ਲਿਖਿਆ ਜਾ ਸਕਦਾ। ਅਜੇਹੀ ਮਿਸ਼ਰਤ ਭਾਸ਼ਾ ਨੂੰ ਕੋਈ ਵੀ ਨਾ ਦਿੱਤਾ ਜਾ ਸਕਦਾ ਹੈ ਜਿਵੇਂ ਹਿੰਦਵੀ, ਹਿੰਦੋਸਤਾਨੀ, ਭਾਰਤੀ ਆਦਿ।

ੴ ਸਤਿਗੁਰ ਪ੍ਰਸਾਦਿ॥

# SIKH GURDWARA OF LOS ANGELES LANKERSHIM

7640 Lankershim BLVD North Hollywood, CA 91605

ਧੰਨ ਧੰਨ ਮਾਤਾ ਗੁਜਰ ਕੌਰ ਜੀ, ਸਾਹਿਬਜਾਦਾ ਬਾਬਾ ਅਜੀਤ ਸਿੰਘ ਜੀ
ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ
ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮੂਹ ਗੁਰਦੁਆਰਾ ਸਾਹਿਬ ਦੀ ਸਾਧ ਸੰਗਤ ਅਤੇ
ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਥਾ ਅਤੇ ਕੀਰਤਨ ਦਰਬਾਰ
ਮਿਤੀ 22 ਦਸੰਬਰ 2019, ਦਿਨ ਐਤਵਾਰ
ਨੂੰ ਬੜ੍ਹੀ ਸਰਧਾ ਨਾਲ ਮਨਾਇਆ ਜਾ ਰਿਹਾ ਹੈ।


Sant Anoop Singh Ji
UNA Sahib Wale


Bhai Jatinder Singh Ji
Jot

## KATHA KIRTAN DARBAR

18th to 21st December, 2019
Time 06:30 pm to 08:30 pm
On Sunday, 22nd December, 2019
Time 09:30 am to 01:30 pm

Programme Details as Follows:

ON FRIDAY 20TH DECEMBER 2019
Aarambh Shri Akhand Path Sahib Ji 10:00 am
ON SUNDAY 22ND DECEMBER 2019
Bhog Shri Akhand Path Sahib Ji 09:00 am
(Sewa by All Sadh Sangat Ji)


Bhai Harnoor Singh Ji
UNA Sahib Wale

Katha & Kirtan
Performed By:-
Sant Anoop Singh Ji UNA Sahib Wale
Bhai Jatinder Singh Jot Hazoori Ragi
Bhai Harnoor Singh Ji UNA Sahib Wale

For More Information
Contact:-
Mukhtiar S Kamboj 626-893-5959
Manjit Singh Pandher 818-398-9262
Baba Surjit Singh 818-423-8000
Gurdwara Sahib Ji 818-765-9399

Langar Sewa By: All Sadh Sangat Ji

www. lankershimgurdwara.com





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

## ਲੜੀਵਾਰ 'ਮੈਕਮਾਫ਼ੀਆ' ਨੇ ਜਿੱਤਿਆ ਇੰਟਰਨੈਸ਼ਨਲ ਐਮੀ ਐਵਾਰਡ



**ਨਿਊਯਾਰਕ** (ਹੁਸਨ ਲੜੋਆ ਬੰਗਾ)- ਇੰਟਰਨੈਸ਼ਨਲ ਐਮੀ ਐਵਾਰਡ 2019 ਲਈ ' ਲਸਟ ਸਟੋਰੀਜ਼' ਤੇ 'ਸੇਕਰਡ ਗੇਮਜ਼' ਸਮੇਤ ਬਹੁਤ ਸਾਰੀਆਂ ਭਾਰਤੀ ਨਾਮਜ਼ਦਗੀਆਂ ਹੋਈਆਂ ਸਨ ਪਰ ਇਨਾਂ ਵਿਚੋਂ ਕੋਈ ਵੀ ਐਵਾਰਡ ਜਿੱਤਣ ਵਿਚ ਸਫਲ ਨਹੀਂ ਹੋਈ। ਸਫਲਤਾ 'ਮੈਕਮਾਫ਼ੀਆ' ਦੇ ਹੱਥ ਲੱਗੀ ਹੈ ਜਿਸ ਵਿਚ ਨਵਾਜ਼ੂਦੀਨ ਅਦਾਕਾਰ ਹਨ। ਮੈਕਮਾਫ਼ੀਆ ਨੇ 'ਬੈਸਟ ਡਰਾਮਾ ਸੀਰੀਜ਼ ਐਵਾਰਡ' ਜਿੱਤਿਆ ਹੈ। ਇੰਟਰਨੈਸ਼ਨਲ ਐਮੀ ਐਵਾਰਡ 2019 ਲਈ ਬੈਸਟ ਟੀ.ਵੀ ਫਿਲਮ/ਮਿਨੀ ਸੀਰੀਜ਼, ਬੈਸਟ ਡਰਾਮਾ, ਬੈਸਟ ਡਾਕੂਮੈਂਟਰੀ, ਡਰਾਮਾ ਸੀਰੀਜ਼ ਵਿਚ ਬੈਸਟ ਅਦਾਕਾਰਾ ਸਮੇਤ ਬਹੁਤ ਸਾਰੀਆਂ ਸ਼੍ਰੇਣੀਆਂ ਵਿਚ ਭਾਰਤੀ ਨਾਮਜ਼ਦਗੀਆਂ ਹੋਈਆਂ ਸਨ। ' ਸੇਕਰਡ ਗੇਮਜ਼' ਉਪਰ 'ਮੈਕਮਾਫ਼ੀਆ' ਬਾਜ਼ੀ ਮਾਰ ਗਈ ਜਦ ਕਿ ਕਰਨ ਜੌਹਰ ਤੇ ਜੋਇਆ ਅਖਤਰ ਦੀ ' ਲਸਟ ਸਟੋਰੀਜ਼' ਨੂੰ ਆਸਟਰੇਲੀਆ ਦੀ 'ਸੇਫ ਹਾਰਬਰ' ਪਛਾੜ ਗਈ। 'ਮੈਕਮਾਫ਼ੀਆ' ਜਿਸ ਵਿਚ ਸਦੀਕੀ ਨੇ ਮੁੰਬਈ ਦੇ ਗੈਂਗਸਟਰ ਡਿਲੀ ਮਹਿਮੂਦ ਦੀ ਭੂਮਿਕਾ ਨਿਭਾਈ ਸੀ, ਨੂੰ ਸਰਬੋਤਮ ਡਰਾਮਾ ਐਲਾਨਿਆ ਗਿਆ। ਇਸ ਜਿੱਤ ਉਪਰ ਸਦੀਕੀ ਨੇ ਕਿਹਾ ਹੈ ਕਿ ਇੰਟਰਨੈਸ਼ਨਲ ਐਮੀ ਐਵਾਰਡ ਸਮਰੋਹ ਵਿਚ ਖ਼ੂਬਸੂਰਤ ਟਰਾਫੀ ਲੈਣਾ ਬੇਹੱਦ ਖ਼ੁਸ਼ੀ ਵਾਲੀ ਗੱਲ ਹੈ।

# ਕਰਤਾਰਪੁਰ ਸਾਹਿਬ ਜਾਣ ਵਾਲੀ ਸੰਗਤ ਦੀ ਮੁਫਤ ਰਜਿਸਟ੍ਰੇਸ਼ਨ ਲਈ ਸਿੱਖਸ ਆਫ ਅਮਰੀਕਾ ਨੇ ਖੋਲ੍ਹਿਆ ਦੂਜਾ ਦਫਤਰ

### *ਭਾਰਤ ਸਰਕਾਰ ਕਰਤਾਰਪੁਰ ਲਾਂਘੇ ਵਾਸਤੇ ਪਾਸਪੋਰਟ ਦੀ ਸ਼ਰਤ ਹਟਾਵੇ : ਜਸਦੀਪ ਸਿੰਘ ਜੱਸੀ*

**ਲੁਧਿਆਣਾ/ਨਿਊਜ਼ ਏ.ਟੀ. -**
ਸਿੱਖਸ ਆਫ ਅਮਰੀਕਾ ਸੰਸਥਾ ਜੋ ਜਸਦੀਪ ਸਿੰਘ ਜੱਸੀ ਚੇਅਰਮੈਨ ਦੀ ਸਰਪ੍ਰਸਤੀ ਹੇਠ ਚੱਲ ਰਹੀ ਹੈ। ਜਿਸਦੇ ਮੁੱਖ ਸੇਵਾਦਾਰ ਸ੍ਰੀ ਕਰਤਾਰਪੁਰ ਕੋਰੀਡੋਰ ਰਾਹੀਂ 550ਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ ਕਰਤਾਰਪੁਰ ਸਾਹਿਬ ਪਹਿਲੇ ਜਥੇ ਦੀ ਅਗਵਾਈ ਕਰਕੇ ਦਰਸ਼ਨ ਕਰਕੇ ਆਏ ਹਨ। ਸੰਸਥਾ ਦੇ ਮੁਖੀ ਸ. ਜਸਦੀਪ ਸਿੰਘ ਜੱਸੀ ਨੇ ਵਿਚਾਰਿਆ ਕਿ ਇਸ ਕਰਤਾਰਪੁਰ ਲਾਂਘੇ ਰਾਹੀਂ ਨਾਨਕ ਨਾਮ ਲੇਵਾ ਸੰਗਤਾਂ ਦਾ ਜਾਣਾ ਅਤੀ ਜਰੂਰੀ ਹੈ ਤਾਂ ਜੋ ਇਹ ਰਸਤਾ ਸਦਾ ਵਾਸਤੇ ਖੁਲ੍ਹਾ ਰਹੇ।

ਜ਼ਿਕਰਯੋਗ ਹੈ ਕਿ ਸਿੱਖਸ ਆਫ ਅਮਰੀਕਾ ਸੰਸਥਾ ਦੇ ਉਪਰਾਲੇ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਤਿਹਾਸਕ ਗੁਰੂਘਰਾਂ ਵਿੱਚ ਮੁਫਤ ਸੇਵਾ ਕੇਂਦਰ ਖੋਲ੍ਹੇ ਹਨ, ਪਰ ਉਨ੍ਹਾਂ ਦੀ ਕਾਰਗੁਜ਼ਾਰੀ ਥੋੜਾ ਮੱਠੀ ਹੈ। ਜਿਸ ਕਰਕੇ ਸਿੱਖਸ ਆਫ ਅਮਰੀਕਾ ਨੇ ਆਪ ਹੰਭਲਾ ਮਾਰਦਿਆਂ ਤਿੰਨ ਦਫਤਰ ਖੋਲ੍ਹਣ ਦਾ ਨਿਸਚਾ ਕੀਤਾ ਹੈ। ਜਿਸ ਦਾ ਪਹਿਲਾ ਦਫਤਰ ਦਮਦਮਾ ਸਾਹਿਬ ਚੱਲ ਰਿਹਾ ਹੈ। ਜਿਸਦੇ ਇੰਚਾਰਜ ਰਣਜਿੰਦਰ ਸਿੰਘ ਬਣਾਇਆ ਗਿਆ ਹੈ। ਦੂਸਰਾ ਦਫਤਰ ਸਿੰਘ ਸਭਾ ਗੁਰਦੁਆਰਾ ਸਰਾਭਾ ਨਗਰ ਲੁਧਿਆਣਾ ਵਿਖੇ ਖੋਲ੍ਹਿਆ ਗਿਆ ਹੈ। ਜਿਸਦਾ ਉਦਘਾਟਨ ਸ. ਸਰਦਾਰਾ ਸਿੰਘ ਜੌਹਲ ਚਾਂਸਲਰ ਕੇਂਦਰੀ ਯੂਨੀਵਰਸਿਟੀ ਨੇ ਕਰ ਦਿੱਤਾ ਹੈ। ਉਹੀ ਇਸ ਦਫਤਰ ਦੇ ਮੁੱਖ ਨਿਗਰਾਨ ਹਨ, ਜੋ ਸਮੇਂ-ਸਮੇਂ ਸਿੱਖਸ ਆਫ ਅਮਰੀਕਾ ਨਾਲ ਮਿਲ ਕੇ ਸੇਵਾਵਾਂ ਦੇਣਗੇ।



ਸਰਦਾਰਾ ਸਿੰਘ ਜੋਹਲ ਚਾਂਸਲਰ ਕੇਂਦਰੀ ਯੂਨੀਵਰਸਿਟੀ ਸਿੱਖਸ ਆਫ ਅਮਰੀਕਾ ਵੱਲੋਂ ਖੋਲੇ ਮੁਫ਼ਤ ਕੇਂਦਰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸਿੰਘ ਸਭਾ ਗੁਰਦੁਆਰੇ ਵਿਖੇ ਉਦਘਾਟਨ ਕਰਦੇ ਹੋਏ।

ਜੌਹਲ ਸਾਹਿਬ ਮੁਤਾਬਕ ਪਹਿਲੇ ਦਿਨ ਹੀ ਦਫਤਰ ਖੁਲ੍ਹਣ ਮੌਕੇ 13 ਸ਼ਰਧਾਲੂ ਰਜਿਸਟ੍ਰੇਸ਼ਨ ਕਰਵਾ ਕੇ ਗਏ ਜੋ ਬਾਬੇ ਨਾਨਕ ਦੇ ਤੇਰਾਂ-ਤੇਰਾਂ ਨੂੰ ਸਮਰਪਿਤ ਸਨ। ਸ਼ਾਮ ਤੱਕ ਪੰਜਾਹ ਤੋਂ ਵੱਧ ਨਾਨਕ ਨਾਮ ਲੇਵਾ ਸੰਗਤਾਂ ਰਜਿਸਟ੍ਰੇਸ਼ਨ ਕਰਵਾ ਚੁੱਕੀਆਂ ਸਨ। ਅਜਿਹੇ ਕੇਂਦਰ ਹੋਰ ਖੋਲ੍ਹਣ ਦੀ ਲੋੜ ਹੈ ਤਾਂ ਜੋ ਪੰਜ ਹਜ਼ਾਰ ਦੀ ਸੰਗਤ ਰੋਜ਼ ਕਰਤਾਰਪੁਰ ਸਾਹਿਬ ਜਾਵੇ। ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਪਾਸਪੋਰਟ ਦੀ ਸ਼ਰਤ ਭਾਰਤ ਸਰਕਾਰ ਨੂੰ ਹਟਾਉਣੀ ਚਾਹੀਦੀ ਹੈ ਕਿਉਂਕਿ ਇਸ ਨੂੰ ਕੇਵਲ ਪਛਾਣ ਪੱਤਰ ਵਜੋਂ ਹੀ ਚੈੱਕ ਕੀਤਾ ਜਾਂਦਾ ਹੈ, ਜਦਕਿ ਅਧਾਰ ਕਾਰਡ ਜ਼ਿਆਦਾ ਪ੍ਰਭਾਵੀ ਤੇ ਜ਼ਿਆਦਾ ਠੋਸ ਪਹਿਚਾਣ ਪੱਤਰ ਹੈ।

ਕੇਂਦਰ ਸਰਕਾਰ ਜੇਕਰ ਪਾਸਪੋਰਟ ਦੀ ਸ਼ਰਤ ਹਟਾ ਦਿੰਦੀ ਹੈ ਤਾਂ ਸੰਗਤਾਂ ਹੋਰ ਵੀ ਜ਼ਿਆਦਾ ਦਰਸ਼ਨਾਂ ਲਈ ਜਾ ਸਕਦੀਆਂ ਹਨ। ਕਿਉਂਕਿ ਪੇਂਡੂ ਖੇਤਰਾਂ ਵਿੱਚ ਲੋਕਾਂ ਨੂੰ ਪਾਸਪੋਰਟ ਬਣਾਉਣਾ ਔਖਾ ਵੀ ਲਗਦਾ ਹੈ, ਜਦਕਿ ਅਧਾਰ ਕਾਰਡ ਸਭ ਦੇ ਕੋਲ ਮੌਜੂਦ ਹੈ।

ਇੱਥੇ ਦੱਸਣਾ ਵਾਜਬ ਹੈ ਕਿ ਇਹ ਦੋਵੇਂ ਦਫਤਰ ਖੋਲ੍ਹਣ ਵਿੱਚ ਡਾ. ਸੁਰਿੰਦਰ ਸਿੰਘ ਗਿੱਲ ਬੋਰਡ ਆਫ ਡਾਇਰੈਕਟਰ ਦਾ ਵਿਸ਼ੇਸ਼ ਯੋਗਦਾਨ ਹੈ। ਜੋ ਜਸਦੀਪ ਸਿੰਘ ਜੱਸੀ ਦੇ ਦਿਸ਼ਾ ਨਿਰਦੇਸ਼ਾਂ ਤੇ ਕਰਤਾਰਪੁਰ ਕੋਰੀਡੋਰ ਸਬੰਧੀ ਕਾਰਜ ਕਰਦੇ ਆ ਰਹੇ ਹਨ। ਡਾ. ਗਿੱਲ ਨੇ ਕਿਹਾ ਕਿ ਤੀਸਰਾ ਦਫਤਰ ਜਲਦੀ ਹੀ ਡੇਰਾ ਬਾਬਾ ਨਾਨਕ ਖੋਲ੍ਹਿਅ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸਿੱਖਸ ਆਫ ਅਮਰੀਕਾ ਸੰਸਥਾ ਉਤਨੀ ਦੇਰ ਨਹੀਂ ਬੈਠੇਗੀ ਜਿੰਨੀ ਦੇਰ ਸੰਗਤਾਂ ਪੰਜ ਹਜ਼ਾਰ ਰੋਜ਼ਾਨਾ ਦਾ ਅੰਕੜਾ ਪਾਰ ਨਹੀਂ ਕਰ ਜਾਂਦੀਆਂ। ਉਨ੍ਹਾਂ ਅੱਗੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਬਤ ਵੱਡਾ ਹੰਭਲਾ ਮਾਰਨ ਦੀ ਜਰੂਰਤ ਹੈ।


## ਨਵੀਂ ਕਿਤਾਬ




ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

## ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

+91-8968225990 /sikhsiyasat Web: sikhsiyasat.net | sikhsiyasat.com | sikhsiyasat.info

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15. Almost 10 acres paved truck parking with approximately $32000 monthly income.** **$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

# Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਪੰਜਾਬੀਓ ! ਭਾਜਪਾ ਦੇ ਮਗਰਮੱਛ ਦੇ ਅਥਰੂਆਂ ਤੋਂ ਸਾਵਧਾਨ ਰਹਿਓ ?

**ਜੰਗ ਸਿੰਘ**
ਸੰਪਰਕ : 94170-95965



ਮੌਜੂਦਾ ਭਾਰਤੀ ਜਨਤਾ ਪਾਰਟੀ ਜਿਸ ਦਾ ਪੁਰਾਤਨ ਨਾਂ ਜਨ ਸੰਘ ਸੀ। ਜੇ ਕਰ ਇਸ ਦੇ ਪਿਛੋਕੜ ਦੇ ਇਤਿਹਾਸ ਤੇ ਝਾਤ ਮਾਰੀਏ ਤਾਂ ਇਸ ਪਾਰਟੀ ਨੇ ਪੰਜਾਬ , ਪੰਜਾਬੀ , ਪੰਜਾਬੀ ਸਭਿਆਚਾਰ ਨਾਲ ਜਿਤਨਾ ਘਾਣ ਕੀਤਾ ਹੈ ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ ? ਮੋਟੇ ਤੌਰਤੇ ਜੇ ਕਰ ਇਸ ਦੇ ਪੰਛੀ ਝਾਤ ਮਾਰੀਏ ਤਾਂ ਪੰਜਾਬ ਨੂੰ ਸੌੜਾ ਕਰਾਉਣ , ਪੰਜਾਬੀ ਜਿਹੜੇ ਆਪਸ ਵਿੱਚ ਰਲ ਮਿਲ ਕੇ ਪਿਆਰ ਨਾਲ ਰਹਿ ਰਹੇ ਸਨ ਇਨਾਂ ਨੇ ਪੰਜਾਬੀਆਂ ਵਿਚ ਜਿਥੇ ਹਿੰਦੂ ਤੇ ਸਿੱਖਾਂ ਦਾ ਆਪਸੀ ਸਾਂਝ , ਮਿਲਵਰਤਨ ਨੂੰ ਤਹਿਸ ਨਹਿਸ ਕੀਤਾ, ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ। ਪੰਜਾਬੀ ਬੋਲੀ ਬੋਲਣ ਵਾਲੇ ਪੰਜਾਬੀ ਹਿੰਦੂਆਂ ਨੂੰ ਬੋਲੀ ਪੰਜਾਬੀ ਬੋਲਦੇ ਹੋਇਆਂ ਨੂੰ ਹਿੰਦੀ ਬੋਲੀ ਧਰਮ ਦਾ ਵਾਸਤਾ ਦੇ ਕੇ ਲਿਖਵਾਉਣਾ , ਪੰਜਾਬ ਵਿਚੋਂ ਹਿਮਾਚਲ , ਹਰਿਆਣਾ ਵਖਰਾ ਕਰਾ ਕੇ ਅਤਿ ਦਾ ਛੋਟਾ ਕਰਨ ਅਤੇ ਫਿਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰੀ ਸ਼ਾਸ਼ਿਤ ਬਣਾਉਣ ਵਿੱਚ ਇਸ ਪਾਰਟੀ ਦੇ ਕਾਂਗਰਸ ਪਾਰਟੀ ਵਿਚ ਛਿੱਪੇ ਹੋਏ ਸ੍ਰੀ ਗੁਲਜਾਰੀ ਲਾਲ ਨੰਦਾ ਜੋ ਕਿ ਕੁਝ ਸਮਾਂ ਕਾਰਜਕਾਰੀ ਪ੍ਰਧਾਨ ਮੰਤਰੀ ਰਹੇ ਸਨ ਉਨਾਂ ਦੇ ਪੰਜਾਬ , ਪੰਜਾਬੀ ਵਿਰੋਧੀ ਸੋਚ ਦਾ ਨਤੀਜਾ ਸੀ । ਜਿਹੜੀ ਪਾਰਟੀ ਦੇ ਆਗੂ 'ਆਂਡੇ ਕਿਤੇ ਤੇ ਕੁੱੜ ਕੁੱੜ ਕਿਤੇ 'ਦੀ ਨੀਤੀ ਤੇ ਚਲਦੇ ਹੋਏ ਪੰਜਾਬ ਤੇ ਪੰਜਾਬੀਆਂ ਦਾ ਇਤਨਾ ਘਾਣ ਕਰਾ ਚੁਕੇ ਹਨ ਉਹ ਅੱਜ ਪੰਜਾਬ ਤੇ ਪੰਜਾਬੀਆਂ ਦੇ ਇੰਨੇ ਹਿਤੈਸ਼ੀ ਕਿਵੇਂ ਬਣ ਗਏ ?ਇਸ ਸਭ ਕੁਝ ਨੂੰ ਨੀਝ ਨਾਲ ਵਾਚਣਾ ਪਵੇਗਾ । ਤੁਸੀ ਇਹ ਜਾਣ ਕੇ ਹੈਰਾਨੀ ਮਹਿਸੂਸ ਕਰਦੇ ਹੋਵੋ ਗੇ ਕਿ ਮੋਦੀ ਸਰਕਾਰ ਵਲੋਂ ਪੰਜ ਸਾਲ ਰਾਜ ਕਰਨ ਸਮੇਂ ਉਹ ਸਿੱਖ ਕੈਦੀ ਨਜਰ ਨਹੀਂ ਆਏ



ਜੋ ਕਾਫੀ ਸਮੇਂ ਤੋਂ ਆਪਣੀ ਸਜਾ ਪੂਰੀ ਕਰ ਚੁਕੇ ਸਨ ਉਨਾਂ ਵਿਚੋਂ ਕੁਝ ਨੂੰ ਇਕ ਦਮ ਰਿਹਾ ਕਰ ਦੇਣਾ ,ਲੋਕ ਆਗੂ ਮਨਜੀਤ ਸਿੰਘ ਧੰਨੇਰ ਜਿਹੜ੍ਹਾ ਕਿਰਨਜੀਤ ਬਲਾਤਕਾਰ ਦੇ ਦੋਸ਼ੀਆਂ ਨੂੰ ਸਜਾਵਾਂ ਦੁਆਉਣ ਵਿਚ ਮੋਹਰੀ ਰੋਲ ਅਦਾ ਕਰ ਰਿਹਾ ਸੀ ਤੇ ਗਲਤ ਸਜਾ ਕਾਰਨ ਜੇਲ੍ਹ ਵਿਚ ਬੰਦ ਸੀ । ਉਸ ਨੂੰ ਬਰਨਾਲਾ ਜੇਲ੍ਹ ਵਿਚੋਂ ਰਿਹਾ ਕਰਾਉਣ ਲਈ ਇਕ ਲੋਕ ਲਹਿਰ ਬਣ ਗਈ ਸੀ ਪਰ ਉਸ ਨੂੰ ਰਿਹਾ ਕੀਤੇ ਜਾਣਾ ਵੀ ਇਸੇ ਕੜੀ ਵਿੱਚ ਦੇਖਿਆ ਜਾਣ ਲਗਿਆ ਹੈ । ਇਸ ਦੇ ਨਾਲ ਹੀ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਿਨਾ ਨੇ 9 ਨਵੰਬਰ 2019 ਨੂੰ ਕਰਤਾਰ ਪੁਰ ਲਾਂਘੇ ਦਾ ਉਦਘਾਟਨ ਕੀਤਾ ਸੀ। ਇਸ ਵੇਲੇ ਲਗਾਇਆ ਉਦਘਾਟਨੀ ਪੱਥਰ ਜਿਸ ਵਿਚ ਪੰਜਾਬੀ ਬੋਲੀ ਨੂੰ ਨਾ ਲਿਖੇ ਜਾਣਾ ਇਸ ਸਰਕਾਰ ਵਲੋਂ" ਇਕ ਰਾਸ਼ਟਰ , ਇਕ ਭਾਸ਼ਾ ' ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਸੀ । ਇਸ ਸਾਰੇ ਵਰਤਾਰੇ ਨੂੰ ਪੰਜਾਬ ਸਰਕਾਰ , ਸ਼੍ਰੋਮਣੀ ਗੁ; ਪ੍ਰਬਧੰਕ ਕਮੇਟੀ , ਸ੍ਰੋਮਣੀ ਅਕਾਲੀ ਦੱਲ ਤੇ ਹੋਰ ਸਿੱਖ ਜਥੇਬੰਦੀਆਂ ਵਲੋਂ ਮੂਕ ਦਰਸ਼ਕ ਬਣ ਕੇ ਮਾਂ ਬੋਲੀ ਨਾਲ ਹੋ ਰਹੇ ਧੱਕੇ ਨੂੰ ਵੇਖਦੇ ਰਹਿਣਾ ਕਿਸੇ ਨੇ ਵੀ ਇਸ ਉਦਘਾਟਨੀ ਪੱਥਰ ਬਾਰੇ ਪੰਜਾਬੀ ਨੂੰ ਵਿਸਾਰੇ ਜਾਣ ਦੀ ਗੱਲ ਨਾ ਕਰਨਾ ।ਜਦੋ ਪੱਥਰ ਲਗ ਗਿਆ ਤੇ ਇਸ ਪੱਥਰ ਨੂੰ ਪੰਜਾਬੀਆਂ ਨੇ ਜਦੋਂ ਵੇਖਿਆ ਤਾਂ ਉਸ ਨੇ ਭਾਰਤੀ ਜੰਨਤਾ ਪਾਰਟੀ ਦੀ ਫਿਰਕੂ ਸੋਚ ਦਾ ਸਖਤ ਵਿਰੋਧ ਕਰਨਾ ਸ਼ੁਰੂ ਹੋ ਗਿਆ । ਜਿਸ ਤੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤ੍ਰਿਪੱਤ ਰਜਿੰਦਰ ਸਿੰਘ ਬਾਜਵਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਕਿ ਇਸ ਉਦਘਾਟਨੀ ਪੱਥਰ ਨੂੰ ਸੋਧ ਕੇ ਪਹਿਲੇ ਨੰਬਰ ਤੇ ਪੰਜਾਬ ਦੀ ਭਾਸ਼ਾ 'ਪੰਜਾਬੀ ', ਦੂਸਰੇ ਨੰਬਰ ਤੇ ਹਿੰਦੀ ਤੇ ਤੀਸਰੇ ਨੰਬਰ ਤੇ ਅੰਗਰੇਜੀ ਵਿਚ ਮੁੜ੍ਹ ਉਦਘਾਟਨੀ ਪੱਥਰ ਲਿਖੇ ਜਾਣ ਦੀ ਆਗਿਆ ਦਿਤੀ ਜਾਵੇ ਦੇ ਪੱਤਰ ਮਿਲਦੇ ਹੀ ਪ੍ਰਵਾਨਗੀ ਦੇ ਦੇਣਾ ਆਦਿ ਇਹੋ ਜਿਹੀਆਂ ਗੱਲਾਂ ਸਾਬਤ ਕਰ ਰਹੀਆਂ ਹਨ ਕਿ ਦੇਸ਼ ਦੀ ਭਾਰਤੀ ਜੰਨਤਾ ਪਾਰਟੀ ਤੇ ਪੰਜਾਬ ਵਿੱਚ ਉਨਾਂ ਦੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦੱਲ ਬਾਦਲ ਦੀ ਹਾਲਤ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਪੰਜਾਬੀਆਂ ਨੇ ਜਿਸ ਤਰਾਂ ਦੀ ਹਾਲਤ ਪੱਤਲੀ ਕਰਕੇ ਨੀਂਦ ਉੱਡਾ ਦਿਤੀ ਹੈ । ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਹੁਣ ਪੰਜਾਬ ਦੇ ਲੋਕਾਂ ਨੂੰ ਕਿਸੇ ਨਾ ਕਿਸੇ ਤਰਾਂ ਭਰਮਾ ਕੇ ਪੰਜਾਬ ਵਿੱਚ ਆਪਣੀ ਰਾਜਨੀਤਕ ਸਥਿਤੀ ਨੂੰ ਠੀਕ ਕਰਨਾ ਚਾਹੁੰਦੇ ਹਨ । ਉਹੀ ਭਾਰਤੀ ਜੰਨਤਾ ਪਾਰਟੀ ਦੇ ਆਗੂ ਜਿਹੜੇ ਵੱਡੀਆਂ ਵੱਡੀਆਂ ਡੀਂਗਾਂ ਮਾਰ ਰਹੇ ਸਨ ਕਿ ਪੰਜਾਬ ਦੇ ਪਿੰਡਾਂ ਦੇ ਲੋਕ ਇਹ ਕਹਿ ਰਹੇ ਸਨ ਕਿ ਪਿੰਡਾਂ ਦੇ ਲੋਕ ਭਾਰਤੀ ਜੰਨਤਾਂ ਪਾਰਟੀ ਦੇ ਮੈਂਬਰ ਬਣਨ ਦੇ ਬੜ੍ਹੇ ਇੱਛਕ ਹਨ ਅਸ਼ੀਂ ਸੌ ਮੈਂਬਰ ਬਣਾਉਣਾ ਵਡੀ ਜਿੱਤ ਸਮਝਦੇ ਸਾਂ ਪਰ ਪਿੰਡਾਂ ਦੇ ਲੋਕਾਂ ਵਲੋਂ ਇਤਨਾ ਸਹਿਯੋਗ ਮਿਲ ਰਿਹਾ ਹੈ ਕਿ ਉਹ ਹਜਾਰ ਤੋਂ ਵੱਧ ਇਸ ਪਾਰਟੀ ਦੇ ਮੈਂਬਰ ਬਣਦੇ ਹਨ । ਪਰ ਪੰਜਾਬ ਦੇ ਵਾਸੀਆਂ ਨੇ ਸਾਬਤ ਕਰ ਦਿਤਾ ਕਿ ਇਥੋਂ ਦੇ ਲੋਕ ਭਾਰਤੀ ਜੰਨਤਾਂ ਪਾਰਟੀ ਦੇ ਪਿਛਲੇ ਕਿਰਦਾਰ ਨੂੰ ਹਾਲੇ ਭੁੱਲੇ ਨਹੀਂ। ਉਨਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਰਤੀ ਜੰਨਤਾ ਪਾਰਟੀ ਨੂੰ ਪਹਿਲਾਂ ਜਿਹੜੀਆਂ ਦੋ ਸੀਟਾਂ ਜਿਤਾ ਕੇ ਦਿਤੀਆਂ ਸਨ ਇਨਾਂ ਹੋਈਆਂ ਚੋਣਾਂ ਵਿੱਚ ਉਨਾਂ ਦੀਆਂ ਦੋਹੇ ਸੀਟਾਂ ਵਿਚ ਹਾਰ ਦੇ ਕੇ ਉਨਾਂ ਦਾ ਰੱਜ ਕੇ ਮਾਂਜਾ ਫੇਰ ਦਿਤਾ ਹੈ। ਭਾਰਤੀ ਜੰਨਤਾ ਪਾਰਟੀ ਇਸ ਹਾਲਤ ਨੂੰ ਵੇਖ ਕੇ ਇਕ ਤਰਾਂ ਦੀ ਸੁੰਨ ਹੋ ਗਈ ਹੈ । ਆਪਣੀ ਹਾਲਤ ਨੂੰ ਪੰਜਾਬ ਵਿਚ ਬੇਹਤਰ ਬਣਾਉਣ ਲਈ ਇਹ ਉਪਰੋਕਤ ਬਿਆਨੇ ਸਿੱਖ ਤੇ ਪੰਜਾਬ ਹਿਤੇਸ਼ੀ ਕੰਮ ਕਰਕੇ ਆਪਣੀ ਹਾਲਤ ਸੁਧਾਰਨਾ ਚਾਹੁੰਦੀ ਹੈ। ਇਸ ਗੱਲ ਤੋ ਵੀ ਇਨਕਾਰਿਆ ਨਹੀਂ ਜਾ ਸਕਦਾ ਹੈ ਕਿ ਇਹ ਪਾਰਟੀ ਭਵਿਖੀ ਸਮੇਂ ਵਿੱਚ ਹੋਰ ਵੀ ਕਈ ਕੰਮ ਕਰਕੇ ਪੰਜਾਬੀਆਂ ਨੂੰ ਭਰਮਾਉਣਾ ਦਾ ਯਤਨ ਕਰੇ। ਪਰ ਪੰਜਾਬ ਦੇ ਬਹਾਦਰ ਲੋਕ ਭਲੀ ਭਾਂਤ ਜਾਣਦੇ ਹਨ ਕਿ ਇਸ ਪਾਰਟੀ ਦਾ ਨਾਂ ਭਾਵੇਂ ਜੰਨ ਸੰਘ ਹੋਵੇ ਜਾਂ ਫਿਰ ਬਦਲ ਕੇ ਭਾਰਤੀ ਜੰਨਤਾ ਪਾਰਟੀ ਜਾਂ ਕੋਈ ਹੋਰ ਬੁਰਕਾ ਪਾ ਲਵੇ ਪੰਜਾਬ ਦੇ ਲੋਕ ਕਦੀ ਵੀ ਇਨਾਂ ਤੇ ਇਨਾਂ ਦੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦੱਲ ਬਾਦਲ ਜਿਸ ਨੂੰ ਪੰਜਾਬ ਦੇ ਭਾਰਤੀ ਜੰਨਤਾ ਪਾਰਟੀ ਦਾ ਬੁਰਕਾ ਪਾ ਕੇ ਆਪਣੀਆਂ ਗੱਦੀਆਂ ਤੇ ਨਿੱਜੀ ਲਾਲਚ ਵਿਚ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਪੰਜਾਬ ਨੂੰ ਇਕ ਤਰਾਂ ਦਾ ਬਰਬਾਦ ਕਰ ਕੇ ਰੱਖ ਦਿਤਾ । ਬਾਦਲ ਸਾਹਿਬ ਜਿਹੜੇ ਆਪਣੇ ਆਪ ਨੂੰ 70 ਸਾਲਾ ਦੀ ਰਾਜਨੀਤੀ ਦਾ ਘਾਗ ਸਮਝਦੇ ਸੀ ਤੇ ਇਹ ਕਹਿੰਦੇ ਨਹੀਂ ਸੀ ਥਕਦੇ ਕਿ ਭਾਰਤੀ ਜੰਨਤਾ ਪਾਰਟੀ ਨਾਲ ਸ਼੍ਰੋਮਣੀ ਅਕਾਲੀ ਦੱਲ (ਬਾਦਲ )ਪਾਰਟੀ ਦਾ ਨਹੁੰ ਮਾਸ ਦਾ ਰਿਸ਼ਤਾ ਹੈ ।ਅੱਜ ਇਹ ਰਿਸ਼ਤਾ ਭਾਜਪਾ ਨੇ ਤਾਰ ਤਾਰ ਕਰਕੇ ਰੱਖ ਦਿਤਾ ਹੈ । ਬਾਦਲ ਸਾਹਿਬ ਦੀ ਪਾਰਟੀ ਦਾ ਨਹੁੰ ਭਾਰਤੀ ਜੰਨਤਾ ਪਾਰਟੀ ਨੇ ਲਾਹ ਕੇ ਅੱਹੁ ਮਾਰਿਆ ਕਿ ਉਹ ਨਹੁੰ ਲੈਕੇ ਭੱਜੀ ਫਿਰਨ । ਬਾਦਲ ਸਾਹਿਬ ਨੂੰ ਇਹ ਵੀ ਚੇਤੇ ਰੱਖ ਲੈਣਾ ਚਾਹੀਦਾ ਹੈ ਕਿ ਭਾਰਤੀ ਜੰਨਤਾ ਪਾਰਟੀ ਨੇ ਹੁਸ਼ਿਆਰੀ ਤੇ ਚਲਾਕੀ ਨਾਲ ਉਨਾਂ ਕੋਲੋਂ ਅਜਿਹੇ ਪੰਜਾਬ , ਪੰਜਾਬੀ ਵਿਰੋਧੀ ਕੰਮ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਾਉਣੀ ਤੇ ਫਿਰ ਦੋਸ਼ੀਆਂ ਨੂੰ ਫੜਣ ਨਾ ਦੇਣਾ,ਸ਼ਾਂਤਮਈ ਰੋਸ ਪ੍ਰਗਟਾ ਰਹੇ ਲੋਕਾਂ ਤੇ ਪੁਲੀਸ ਦੀਆਂ ਗੋਲੀਆਂ ਨਾਲ ਦੋ ਨੌਜੁਆਨਾਂ ਨੂੰ ਸ਼ਹੀਦ ਕਰਵਾ ਦੇਣਾ, ਸਿਰਫ ਵੋਟਾਂ ਦੇ ਲਈ ਬਿਨ ਮੁਆਫੀ ਮੰਗੇ ਸਿਰਸੇ ਵਾਲੇ ਬਾਬੇ ਨੂੰ ਸਿੱਖ ਪੰਥ ਦੇ ਪੰਜ ਜਥੇਦਾਰਾਂ ਕੋਲੋਂ ਮਾਫੀ ਦੁਆ ਕੇ ਸਿੱਖਾਂ ਦੀ ਸਿਰਮੌਰ ਜਾਣੀ ਜਾਂਦੀ ਸੰਸਥਾ ਸ੍ਰੀ ਅਕਾਲ ਤੱਖਤ ਦੀ ਮਹਾਨਤਾ ਨੂੰ ਢਾਹ ਲਾਉਣ ਦੀ ਕੋਹਝੀ ਕਾਰਵਾਈ ਕਰਾਉਣੀ ਆਦਿ ਵਰਗੇ ਹੋਰ ਕਈ ਪੁੱਠੇ ਕੰਮ ਕਰਵਾ ਕੇ ਅੱਜ ਬਾਦਲ ਸਾਹਿਬ ਦੀ ਹਾਲਤ ਸਿੱਖਾਂ ਵਿਚ ਹਾਸੋ ਹੀਣੀ ਬਣਾ ਦਿਤੀ ਹੈ। 95 ਵਰ੍ਹਿਆਂ ਦੇ ਬਾਦਲ ਸਾਹਿਬ ਦੀ ਹਾਲਤ ਪੰਜਾਬ ਵਿੱਚ ਪਾਣੀ ਤੋਂ ਵੀ ਪੱਤਲੀ ਕਰ ਦਿਤੀ ਹੈ । ਇਸ ਲਈ ਪੰਜਾਬੀਓ ! ਇਨਾਂ ਭਾਰਤੀ ਜੰਨਤਾ ਪਾਰਟੀ ਵਲੋਂ ਇਸ ਸਮੇਂ ਵਹਾਏ ਜਾਂਦੇ ਅਥਰੂ ਸਿਰਫ ਤੇ ਸਿਰਫ ਮਗਰਮੱਛ ਦੇ ਅਥਰੂ ਹਨ !! ਇਹ ਅਸਲ ਵਿਚ ਇਕੋ ਇਕ ਨਾਅਰੇ ਤੇ ਕੰਮ ਕਰ ਰਹੀ ਹੈ ' ਹਿੰਦੂ , ਹਿੰਦੀ, ਹਿੰਦੋਸਤਾਨ ਜੋ ਕਿ ਬੜੀ ਘਾਤਕ ਨੀਤੀ ਹੈ । ਆਉ ! ਅਸੀ ਸਾਰੇ ਪੰਜਾਬੀ ਰਲ ਕੇ ਦੇਸ਼ ਜਿਸਨੂੰ ਵਹਿਮਾਂ ਭਰਮਾ ਵਿਚ ਫਸਾ ਕੇ ਗੈਰ ਵਿਗਿਆਨਿਕ ਬਣਾ ਕੇ ਦੇਸ਼ ਨੂੰ ਪੁੱਠਾ ਗੇੜ੍ਹ ਦਿਤਾ ਜਾ ਰਿਹਾ ਹੈ ਇਸ ਤੋਂ ਬਚਾਉਣ ਲਈ ਪੰਜਾਬੀਆਂ ਨੂੰ ਅਗੇ ਆਉਣਾ ਚਾਹੀਦਾ ਹੈ । ਕਿਉਂਕਿ ਪੰਜਾਬ ਹਮੇਸ਼ਾ ਦੇਸ਼ ਦੀ ਹਰ ਪਖੋ ਅਗਵਾਈ ਕਰਦਾ ਆਇਆ ਹੈ ਭਾਵੇਂ ਉਹ ਦੇਸ਼ ਨੂੰ ਅਜਾਦ ਕਰਾਉਣ ਦਾ ਹੋਵੇ , ਚਾਹੇ ਦੇਸ਼ ਨੂੰ ਅੰਨ ਪਖੋਂ ਆਤਮ ਨਿਰਭਰ ਕਰਨ ਦਾ ਮੱਸਲਾ ਹੋਵੇ ਜਾਂ ਫਿਰ ਦੇਸ਼ ਵਿੱਚ ਚਿੱਟਾ ਇਨਕਲਾਬ ਲਿਆਉਣ ਦਾ ਮਸਲਾ ਹੋਵੇ ।ਪੰਜਾਬ ਅੱਜ ਭਿਆਨਕ ਦੌਰ ਵਿਚੋਂ ਦੇਸ਼ ਨੂੰ ਪੁਠੱਾ ਗੇੜਾ ਦੇਣ ਵਾਲੀ ਇਸ ਪਾਰਟੀ ਤੋਂ ਦੇਸ਼ ਨੂੰ ਬਚਾਉਣ ਲਈ ਦੇਸ਼ ਦੀ ਅਗਵਾਈ ਕਰੇਗਾ ।

---

**ਵਿਵੇਕ ਕਾਟਜੂ**
**(ਲੇਖਕ ਵਿਦੇਸ਼ ਮੰਤਰਾਲੇ ਵਿਚ ਸਕੱਤਰ ਰਿਹਾ ਹੈ)**

# ਪਾਕਿਸਤਾਨ : ਜਮਹੂਰੀਅਤ ਵਿਚ ਫੌਜ ਦਾ ਮੁਖੀ ਮਜਬੂਤ



ਕਹਿਣ ਨੂੰ ਤਾਂ ਪਾਕਿਸਤਾਨ ਇਕ ਜਮਹੂਰੀ ਮੁਲਕ ਹੈ ਜਿੱਥੇ ਚੁਣੀ ਹੋਈ ਸਰਕਾਰ ਸ਼ਾਸਨ ਕਰਦੀ ਹੈ ਪਰ ਹਕੀਕਤ ਇਸ ਦੇ ਉਲਟ ਹੈ। ਇੱਥੇ ਫ਼ੌਜ ਮੁਖੀ ਨੂੰ ਦੇਸ਼ ਦੀ ਸਭ ਤੋਂ ਵੱਡੀ ਹਸਤੀ ਮੰਨਿਆ ਜਾਂਦਾ ਹੈ। ਫ਼ੌਜ ਦਾ ਮੁਖੀ ਉੱਥੇ ਇਕ ਪੇਸ਼ੇਵਰ ਸੈਨਿਕ ਹੋਣ ਦੇ ਨਾਲ-ਨਾਲ ਦੇਸ਼ ਦੀ ਸਭ ਤੋਂ ਤਾਕਤਵਰ ਸਿਆਸੀ ਹਸਤੀ ਵੀ ਹੁੰਦਾ ਹੈ। ਹਾਲਾਂਕਿ ਫ਼ੌਜ ਦੇ ਬੁਲਾਰੇ ਅਤੇ ਨੇਤਾ ਇਸ ਤੋਂ ਇਨਕਾਰ ਕਰਨਗੇ ਪਰ ਇਸ ਨਾਲ ਫ਼ੌਜ ਮੁਖੀ ਦੇ ਨਿਰਵਿਵਾਦ ਗੁਣਗਾਨ ਦੀ ਹਕੀਕਤ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ ਹੈ। ਮੌਜੂਦਾ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵੀ ਇਸੇ ਰਵਾਇਤ ਦਾ ਹਿੱਸਾ ਹਨ ਪਰ ਫ਼ਿਲਹਾਲ ਉਨ੍ਹਾਂ ਦੀ ਬਾਦਸ਼ਾਹਤ ਨੂੰ ਲੈ ਕੇ ਪੇਚ ਫਸ ਗਿਆ ਹੈ। ਇਹ ਪੇਚ ਪਾਕਿਸਤਾਨ ਦੇ ਸੁਪਰੀਮ ਕੋਰਟ ਨੇ ਫਸਾਇਆ ਹੈ। ਇਹ ਮਾਮਲਾ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੁਆਰਾ ਬਾਜਵਾ ਨੂੰ ਤਿੰਨ ਸਾਲ ਦਾ ਸੇਵਾ ਵਿਸਥਾਰ ਦੇਣ ਨਾਲ ਸ਼ੁਰੂ ਹੋਇਆ ਹੈ। ਸੁਪਰੀਮ ਕੋਰਟ ਵਿਚ 26 ਨਵੰਬਰ ਨੂੰ ਸੇਵਾ ਵਿਸਥਾਰ ਦੇ ਇਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ। ਲੋਕ ਇਹੀ ਮੰਨ ਰਹੇ ਸਨ ਕਿ ਇਸ ਪਟੀਸ਼ਨ 'ਤੇ ਸੁਣਵਾਈ ਹੀ ਨਹੀਂ ਹੋਵੇਗੀ। ਹਾਲਾਂਕਿ ਉਹ ਉਦੋਂ ਹੈਰਾਨ ਰਹਿ ਗਏ ਜਦ ਕੋਰਟ ਨੇ ਇਮਰਾਨ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ। ਇਸ ਦੇ ਨਾਲ ਹੀ ਅਦਾਲਤ ਨੇ ਫ਼ੈਸਲੇ ਦੇ ਪੱਖ ਵਿਚ ਸਰਕਾਰ ਦੀਆਂ ਦਲੀਲਾਂ ਤਲਬ ਕੀਤੀਆਂ। ਇਸ ਦੇ ਅਗਲੇ ਤਿੰਨ ਦਿਨਾਂ ਤਕ ਪਾਕਿਸਤਾਨ ਵਿਚ ਸਿਆਸੀ ਅਤੇ ਕਾਨੂੰਨੀ ਨਾਟਕ ਪੂਰੇ ਜੋਬਨ 'ਤੇ ਰਿਹਾ। ਇਹ ਇਮਰਾਨ ਤੇ ਬਾਜਵਾ ਦੋਵਾਂ ਲਈ ਭਾਰੀ ਸ਼ਰਮਿੰਦਗੀ ਦਾ ਸਬੱਬ ਬਣ ਗਿਆ। ਉਨ੍ਹਾਂ ਲਈ ਰਾਹਤ ਦੀ ਗੱਲ ਸਿਰਫ਼ ਇਹੀ ਰਹੀ ਹੈ ਕਿ ਅਦਾਲਤ ਨੇ ਬਾਜਵਾ ਦੇ 6 ਮਹੀਨੇ ਦੇ ਸੇਵਾ ਵਿਸਥਾਰ ਨੂੰ ਹਰੀ ਝੰਡੀ ਦਿਖਾ ਦਿੱਤੀ। ਇਸ ਦੇ ਨਾਲ ਹੀ ਉਸ ਨੇ ਸਰਕਾਰ ਨੂੰ ਵੀ ਗੁੰਜਾਇਸ਼ ਦਿੱਤੀ ਕਿ ਜੇ ਉਹ ਸੇਵਾ ਵਿਸਥਾਰ ਸਬੰਧੀ ਢੁੱਕਵਾਂ ਕਾਨੂੰਨ ਬਣਾਏ ਤਾਂ ਅਦਾਲਤ ਬਾਜਵਾ ਦੇ ਤਿੰਨ ਸਾਲ ਦੇ ਕਾਰਜਕਾਲ ਵਾਧੇ ਨੂੰ ਬਹਾਲ ਕਰ ਦੇਵੇਗੀ। ਇਸ ਤਰ੍ਹਾਂ ਫ਼ਿਲਹਾਲ ਤਾਂ ਇਸ ਮਾਮਲੇ ਦਾ ਨਬੇੜਾ ਹੋ ਗਿਆ ਪਰ ਵੱਡਾ ਸਵਾਲ ਇਹੀ ਉੱਠਦਾ ਹੈ ਕਿ ਇਹ ਸਭ ਕਿੱਦਾਂ ਅਤੇ ਕਿਉਂ ਹੋਇਆ ਅਤੇ ਜੋ ਹੋਇਆ, ਉਸ ਦੇ ਮਾਅਨੇ ਕੀ ਹਨ ?

ਪਾਕਿਸਤਾਨ ਵਿਚ ਫ਼ੌਜ ਮੁਖੀਆਂ ਨੂੰ ਬਹੁਤ ਸਨਮਾਨ ਦਿੱਤਾ ਜਾਂਦਾ ਹੈ। ਪਾਕਿਸਤਾਨੀ ਸੰਵਿਧਾਨ ਅਨੁਸਾਰ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਰਾਸ਼ਟਰਪਤੀ ਉਨ੍ਹਾਂ ਦੀ ਨਿਯੁਕਤੀ ਕਰਦਾ ਹੈ। ਹਾਲਾਂਕਿ ਸੰਵਿਧਾਨ ਵਿਚ ਉਨ੍ਹਾਂ ਦੇ ਕਾਰਜਕਾਲ ਦੇ ਅਰਸੇ 'ਤੇ ਅਸਪਸ਼ਟਤਾ ਹੈ। ਇਹ ਫ਼ੌਜ ਦੀ ਰਵਾਇਤ ਮੁਤਾਬਕ ਹੀ ਤੈਅ ਕੀਤਾ ਜਾਂਦਾ ਹੈ। ਇਸ ਰਵਾਇਤ ਤਹਿਤ ਫ਼ੌਜ ਮੁਖੀ ਨੂੰ ਤਿੰਨ ਸਾਲ ਦਾ ਕਾਰਜਕਾਲ ਮਿਲਦਾ ਹੈ। ਅਤੀਤ ਵਿਚ ਚੁਣੀਆਂ ਹੋਈਆਂ ਸਰਕਾਰਾਂ ਦੇ ਦੌਰ ਵਿਚ ਫ਼ੌਜ ਮੁਖੀ ਤਿੰਨ ਸਾਲ ਪੂਰੇ ਕਰਨ ਮਗਰੋਂ ਸੇਵਾਮੁਕਤ ਹੋ ਜਾਂਦੇ ਹਨ। ਇਸ ਰਵਾਇਤ ਨੂੰ ਪਾਕਿਸਤਾਨ ਪੀਪਲਜ਼ ਪਾਰਟੀ ਸਰਕਾਰ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਤੋੜਿਆ। ਗਿਲਾਨੀ ਨੇ 2010 ਵਿਚ ਤਤਕਾਲੀ ਫ਼ੌਜ ਮੁਖੀ ਅਸ਼ਫਾਕ ਕਿਆਨੀ ਨੂੰ ਤਿੰਨ ਸਾਲ ਦਾ ਸੇਵਾ ਵਿਸਥਾਰ ਦਿੱਤਾ। ਕਿਉਂਕਿ ਪਾਕਿਸਤਾਨ ਦੇ ਫ਼ੌਜੀ ਸ਼ਾਸਕਾਂ ਦੀ ਸ਼ਕਤੀ ਦਾ ਸੋਮਾ ਫ਼ੌਜ ਹੀ ਰਹੀ ਹੈ, ਇਸ ਲਈ ਅਮੂਮਨ ਉਹ ਇਸ ਅਹੁਦੇ ਨੂੰ ਛੱਡਣ ਦੀ ਤਾਂਘ ਨਹੀਂ ਰੱਖਦੇ। ਇੱਥੋਂ ਤਕ ਕਿ ਰਾਸ਼ਟਰਪਤੀ ਵਰਗਾ ਸਰਵਉੱਚ ਅਹੁਦਾ ਸੰਭਾਲਣ ਦੇ ਬਾਵਜੂਦ ਉਨ੍ਹਾਂ ਨੇ ਫ਼ੌਜ ਮੁਖੀ ਦਾ ਅਹੁਦਾ ਨਹੀਂ ਛੱਡਿਆ। ਫ਼ਿਲਹਾਲ ਪਾਕਿ ਵਿਚ ਪਹਿਲੀ ਵਾਰ ਅਜਿਹਾ ਹੋਇਆ ਹੈ ਜਦ ਫ਼ੌਜ ਮੁਖੀ ਨਾਲ ਜੁੜਿਆ ਕੋਈ ਮਾਮਲਾ ਅਦਾਲਤ ਵਿਚ ਗਿਆ ਹੋਵੇ। ਇਸ ਤੋਂ ਪਹਿਲਾਂ ਕਦੇ ਕਿਸੇ ਨੇ ਉਨ੍ਹਾਂ ਨਾਲ ਜੁੜੇ ਮਾਮਲਿਆਂ ਨੂੰ ਅਦਾਲਤ ਵਿਚ ਚੁਣੌਤੀ ਨਹੀਂ ਦਿੱਤੀ। ਜੇ ਕੋਸ਼ਿਸ਼ ਕੀਤੀ ਵੀ ਗਈ ਹੋਵੇਗੀ ਤਾਂ ਉਸ ਨੂੰ ਜੱਜਾਂ ਨੇ ਤਵੱਜੋ ਨਹੀਂ ਦਿੱਤੀ। ਉੱਥੇ ਫ਼ੌਜ ਮੁਖੀਆਂ ਦੇ ਆਲੇ-ਦੁਆਲੇ ਅਜਿਹਾ ਮਾਇਆਜਾਲ ਸਿਰਜਿਆ ਗਿਆ ਹੈ ਜਿਸ ਨੇ ਨੇਤਾਵਾਂ ਦੇ ਨਾਲ-ਨਾਲ ਨਿਆਂਪਾਲਿਕਾ ਨੂੰ ਵੀ ਹਮੇਸ਼ਾ ਖ਼ੌਫ਼ਜ਼ਦਾ ਕਰ ਕੇ ਰੱਖਿਆ। ਉੱਥੇ ਜਦ ਵੀ ਫ਼ੌਜੀ ਤਖਤਾਪਲਟ ਹੋਏ ਉਦੋਂ ਸ਼ਾਇਦ ਹੀ ਨੇਤਾਵਾਂ ਨੇ ਉਸ ਵਿਰੁੱਧ ਰੋਸ-ਪ੍ਰਦਰਸ਼ਨ ਕੀਤੇ ਹੋਣ। ਇਸੇ ਤਰ੍ਹਾਂ ਅਦਾਲਤਾਂ ਵੀ ਤਖਤਾ ਪਲਟ 'ਤੇ ਮੋਹਰ ਲਗਾਉਂਦੀਆਂ ਰਹੀਆਂ ਪਰ ਇਸ ਵਾਰ ਮਸਲਾ ਅਲੱਗ ਸੀ। ਅਜਿਹਾ ਇਸ ਲਈ ਕਿਉਂਕਿ ਮੌਜੂਦਾ ਮੁੱਖ ਜੱਜ ਆਸਿਫ ਖੋਸਾ ਅਲੱਗ ਮਿਜ਼ਾਜ ਦੇ ਮੰਨੇ ਜਾਂਦੇ ਹਨ। ਉਨ੍ਹਾਂ ਨੇ ਫ਼ੌਜ ਮੁਖੀ ਦੀਆਂ ਸੇਵਾ ਸ਼ਰਤਾਂ ਨੂੰ ਕਾਨੂੰਨੀ ਕਸੌਟੀ 'ਤੇ ਪਰਖਣ ਦਾ ਫ਼ੈਸਲਾ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਅਜਿਹਾ ਕਦਮ ਚੁੱਕਣ ਤੋਂ ਗੁਰੇਜ਼ ਨਹੀਂ ਕੀਤਾ ਜੋ ਸੱਤਾ ਵਿਚ ਬੈਠੇ ਲੋਕਾਂ ਨੂੰ ਜ਼ਰੂਰ ਖਟਕਿਆ ਹੋਵੇਗਾ। ਬਾਜਵਾ ਦੇ ਸੇਵਾ ਵਿਸਥਾਰ ਮਾਮਲੇ ਵਿਚ ਇਮਰਾਨ ਖ਼ਾਨ ਸਰਕਾਰ ਦੁਆਰਾ ਅਦਾਲਤ ਵਿਚ ਕੀਤੀ ਗਈ ਪੈਰਵੀ ਬੇਸਿਰ-ਪੈਰ ਰਹੀ। ਅਦਾਲਤ ਨੇ ਸਰਕਾਰੀ ਵਕੀਲਾਂ ਤੋਂ ਸੇਵਾ ਵਿਸਥਾਰ ਦੇ ਪਿੱਛੇ ਕਾਨੂੰਨੀ ਤਰਕਾਂ 'ਤੇ ਸਫ਼ਾਈ ਮੰਗੀ ਤਾਂ ਵਕੀਲ ਵਾਰ-ਵਾਰ ਆਪਣਾ ਰੁਖ਼ ਬਦਲਦੇ ਰਹੇ। ਅਦਾਲਤ ਵਿਚ ਦਾਖ਼ਲ ਉਨ੍ਹਾਂ ਦੇ ਲਿਖਤੀ ਹਲਫ਼ਨਾਮੇ ਆਪਾ-ਵਿਰੋਧਾਂ ਨਾਲ ਭਰੇ ਪਏ ਸਨ। ਅਦਾਲਤ ਨੇ ਉਨ੍ਹਾਂ ਦੀਆਂ ਧੱਜੀਆਂ ਉਡਾਉਣ ਤੋਂ ਪ੍ਰਹੇਜ਼ ਨਹੀਂ ਕੀਤਾ। ਇਸ ਦੌਰਾਨ ਅਜਿਹੇ ਖ਼ਦਸ਼ੇ ਡੂੰਘੇ ਹੋਣ ਲੱਗੇ ਕਿ ਜੇ ਮਾਮਲੇ ਨੇ ਹੋਰ ਤੂਲ ਫੜੀ ਅਤੇ ਅਦਾਲਤ ਸੰਤੁਸ਼ਟ ਨਹੀਂ ਹੋਈ ਤਦ ਬਾਜਵਾ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਹਾਲਾਂਕਿ ਅਜਿਹਾ ਨਹੀਂ ਹੋਇਆ।



ਮੌਜੂਦਾ ਘਟਨਾਚੱਕਰ ਦੇ ਸਿਲਸਿਲੇ ਵਿਚ ਇਕ ਪਹਿਲੂ 'ਤੇ ਗ਼ੌਰ ਕਰਨਾ ਹੋਵੇਗਾ। ਪਾਕਿਸਤਾਨੀ ਫ਼ੌਜ ਨੇ ਪ੍ਰਧਾਨ ਮੰਤਰੀਆਂ ਨੂੰ ਇਹ ਬਦਲ ਦਿੱਤਾ ਕਿ ਉਹ ਯੋਗ ਜਨਰਲਾਂ ਵਿਚੋਂ ਕਿਸੇ ਨੂੰ ਫ਼ੌਜ ਮੁਖੀ ਦੇ ਅਹੁਦੇ 'ਤੇ ਨਿਯੁਕਤ ਕਰਨ। ਉਸ ਨੇ ਕਦੇ ਜ਼ੋਰ ਨਹੀਂ ਦਿੱਤਾ ਕਿ ਸਭ ਤੋਂ ਸੀਨੀਅਰ ਜਨਰਲ ਨੂੰ ਹੀ ਫ਼ੌਜ ਮੁਖੀ ਬਣਾਇਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਜ਼ੁਲਫਿਕਾਰ ਅਲੀ ਭੁੱਟੋ ਨੇ ਜ਼ਿਆ-ਉਲ-ਹੱਕ ਨੂੰ ਅਤੇ ਨਵਾਜ਼ ਸ਼ਰੀਫ ਨੇ ਪਰਵੇਜ਼ ਮੁਸ਼ੱਰਫ ਨੂੰ ਫ਼ੌਜ ਮੁਖੀ ਬਣਾਇਆ। ਦੋਵੇਂ ਹੀ

**ਬਾਕੀ ਸਫ਼ਾ 28 'ਤੇ**

# ਖਾਲਸੇ ਦੀਆਂ ਸ਼ਹਾਦਤਾਂ ਦੀ ਗਵਾਹੀ ਭਰਦੀ ਹੈ ਮੁੱਦਕੀ ਦੀ ਧਰਤੀ

**-ਰਜਿੰਦਰ ਸਿੰਘ**

ਜ਼ਿਲ੍ਹਾ ਫਿਰੋਜ਼ਪੁਰ ਦਾ ਕਸਬਾ ਮੁੱਦਕੀ ਜੋ ਕਿ ਫਰੀਦਕੋਟ-ਅੰਮ੍ਰਿਤਸਰ ਜੀਟੀ ਰੋਡ ਉੱਪਰ ਸਥਿਤ ਹੈ, ਆਪਣੇ ਸੀਨੇ ਵਿੱਚ ਸਿੱਖ ਰਾਜ ਦੇ ਅੰਤਲੇ ਦਿਨਾਂ ਦਾ ਡੂੰਘਾ ਦਰਦ ਲੁਕੋਈ ਬੈਠਾ ਹੈ। ਇਸ ਦੀ ਧਰਤੀ ਅੱਜ ਵੀ ਆਪਣੇ ਪੰਜਾਬੀ ਪੁੱਤਰਾਂ (ਸਿੱਖ ਸੈਨਿਕਾਂ) ਦੇ ਡੁੱਲੇ ਮਣਾਂ-ਮੂੰਹੀਂ ਖ਼ੂਨ ਦੀ ਗਵਾਹੀ ਭਰਦੀ ਹੈ। ਇਸ ਧਰਤੀ ਦਾ ਜਰ੍ਹਾ ਜਰ੍ਹਾ ਯੋਧਿਆਂ ਦੇ ਖ਼ੂਨ ਨਾਲ ਸਿੰਜਿਆ ਪਿਆ ਹੈ, ਜਿਨ੍ਹਾਂ ਨੇ ਬੇਗਾਨਿਆਂ (ਫਿਰੰਗੀਆਂ) ਤੋਂ ਆਪਣੇ ਦੇਸ਼ ਪੰਜਾਬ ਦੀ ਹੋਂਦ, ਆਪਣੇ ਸੱਭਿਆਚਾਰ, ਮਾਣ-ਸਨਮਾਨ ਨੂੰ ਬਚਾਉਣ ਲਈ ਆਖਰੀ ਦਮ ਤਕ ਤਲਵਾਰਾਂ ਖੰਡੇ ਖੜਕਾਏ ਅਤੇ ਦੇਸ਼ ਤੋਂ ਕੁਰਬਾਨ ਹੋ ਕਿ ਸਦਾ ਲਈ ਅਮਰ ਹੋ ਗਏ। ਜਦੋਂ ਦੇਸ਼ ਦੀਆਂ ਬਾਕੀ ਬਹੁਤ ਸਾਰੀਆਂ ਰਿਆਸਤਾਂ ਨੇ ਅੰਗਰੇਜ਼ੀ ਰਾਜ ਦੀ ਈਨ ਮੰਨ ਲਈ ਸੀ। ਕੁਝ ਰਿਆਸਤਾਂ ਅਜੇ ਵੀ ਬਾਗੀ ਸਨ। ਉਧਰ ਸਿੱਖ ਰਾਜ ਵੀ ਅੰਗਰੇਜ਼ਾਂ ਨੂੰ ਆਪਣੇ ਲਈ ਖ਼ਤਰਾ ਭਾਂਪਦਾ ਸੀ। ਮਹਾਰਾਜਾ ਰਣਜੀਤ ਸਿੰਘ ਬਹੁਤ ਹੀ ਦੂਰਅੰਦੇਸ਼ੀ ਰਾਜਾ ਸੀ। ਉਸ ਦੇ ਹੁੰਦਿਆਂ ਅੰਗਰੇਜ਼ਾਂ ਨੇ ਉਸ ਨਾਲ ਕਈ ਸੰਧੀਆਂ ਵੀ ਕੀਤੀਆਂ ਪਰ ਨਾਲ ਹੀ ਪੰਜਾਬ ਵਿਚਲੇ ਸਿੱਖ ਰਾਜ ਦੀਆਂ ਹੱਦਾਂ ਦੇ ਨਾਲ-ਨਾਲ ਆਪਣੀ ਫੌਜੀ ਸ਼ਕਤੀ ਅਤੇ ਜੰਗੀ ਸਾਜ਼ੋ-ਸਾਮਾਨ ਵਿੱਚ ਲਗਾਤਾਰ ਵਾਧਾ ਕਰਦੇ ਰਹੇ। ਸਿੱਖ ਰਾਜ ਦੇ ਨਾਲ ਲਗਦੀਆਂ ਫੌਜੀ ਛਾਉਣੀਆਂ ਅੰਬਾਲਾ, ਲੁਧਿਆਣਾ, ਫਿਰੋਜ਼ਪੁਰ ਵਿੱਚ 40 ਹਜ਼ਾਰ ਦੇ ਲਗਪਗ ਫੌਜਾਂ, 94 ਵੱਡੀਆਂ ਤੋਪਾਂ ਅਤੇ ਹੋਰ ਛੋਟੇ-ਵੱਡੇ ਜੰਗੀ ਹਥਿਆਰ ਇਕੱਠੇ ਕਰ ਲਏ ਗਏ ਸਨ। 1839 ਈਸਵੀ ਵਿੱਚ ਸ਼ੇਰ-ਏ-ਪੰਜਾਬ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਇਹ ਭਾਂਪ ਲਿਆ ਸੀ ਕਿ ਹੁਣ ਸਿੱਖ ਰਾਜ ਡਾਵਾਂ-ਡੋਲ ਹੈ। ਇਸ ਕਰਕੇ ਉਨ੍ਹਾਂ ਦੇ ਚਾਤਰ ਅਫਸਰਾਂ 'ਤੇ ਲਾਲਚ ਦੇ ਕੇ ਡੋਰੇ ਪਾ ਲਏ। ਖਾਸ ਕਰਕੇ ਡੋਗਰੇ ਸਰਦਾਰ ਅੰਦਰਖਾਤੇ ਮਿਲ ਗਏ। ਸਿੱਖ ਦਰਬਾਰ ਦੀਆਂ ਰੋਜ਼ਾਨਾ ਦੀਆਂ ਸਰਗਰਮੀਆਂ ਦੀ ਰਿਪੋਰਟ ਖੁਫ਼ੀਆ ਤੌਰ 'ਤੇ ਅੰਗਰੇਜ਼ਾਂ ਕੋਲ ਪੁੱਜਣੀ ਸ਼ੁਰੂ ਹੋ ਗਈ। 1845 ਈਸਵੀ ਵਿੱਚ ਪੰਜਾਬ ਉਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਰਾਣੀ ਜਿੰਦਾਂ ਦਾ ਰਾਜ ਸੀ। ਉਸ ਦਾ ਮੁੱਖ ਸਲਾਹਕਾਰ ਉਸ ਦਾ ਭਰਾ ਜਵਾਹਰ ਸਿੰਘ ਹੀ ਸੀ ਜਿਸ ਨੂੰ 21 ਸਤੰਬਰ 1845 ਨੂੰ ਮਰਵਾ ਦਿੱਤਾ ਸੀ ਅਤੇ ਉਸ ਉਪਰ ਇਹ ਦੋਸ਼ ਲਗਾਇਆ ਗਿਆ ਸੀ ਕਿ ਜਵਾਹਰ ਸਿੰਘ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਮਰਵਾਇਆ ਹੈ ਪਰ ਅਸਲੀਅਤ ਕੀ ਸੀ ਇਸ ਬਾਰੇ ਅਜੇ ਵੀ ਇਤਿਹਾਸਕ ਤੱਥਾਂ ਵਿੱਚ ਮਤਭੇਦ ਹਨ। ਕਈ ਇਤਿਹਾਸਕਾਰ ਮਹਾਰਾਣੀ ਜਿੰਦਾਂ ਨੂੰ ਨਿਰਦੋਸ਼ ਸਮਝਦੇ ਹਨ ਅਤੇ ਕਈ ਇਹ ਲਿਖ ਗਏ ਹਨ ਕਿ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਯੁੱਧ ਜੋ ਕਿ 1845-46 ਵਿਚਕਾਰ ਹੋਏ ਹਨ, ਮਹਾਰਾਣੀ ਜਿੰਦਾਂ ਅਤੇ ਉਸ ਦੇ ਅਹਿਲਕਾਰਾਂ ਦੀ ਸਾਜ਼ਿਸ਼ ਸੀ ਤਾਂ ਕਿ ਫੌਜ ਦੀ ਵਧਦੀ ਹੋਈ ਬੁਰਸ਼ਾਗਰਦੀ ਨੂੰ ਰੋਕਿਆ ਜਾਵੇ। ਉਸ ਸਮੇਂ ਰਾਜਾ ਲਾਲ ਸਿੰਘ ਸਿੱਖ ਰਾਜ ਦਾ ਮੁੱਖ ਮੰਤਰੀ ਸੀ ਅਤੇ ਤੇਜਾ ਸਿੰਘ ਪ੍ਰਧਾਨ ਸੈਨਾਪਤੀ ਸੀ। ਕੁਝ ਕਾਰਨਾਂ ਕਰਕੇ ਅੰਗਰੇਜੀ ਰਾਜ ਨਾਲ ਜੰਗ ਦੇ ਆਸਾਰ ਬਣਦੇ ਜਾ ਰਹੇ ਸਨ। ਅੰਗਰੇਜ਼ੀ ਕਮਾਂਡਰ ਵੀ ਇਸ ਸਮੇਂ ਨੂੰ ਬਹੁਤ ਢੁੱਕਵਾਂ ਸਮਝ ਰਹੇ ਸਨ। ਉਨ੍ਹਾਂ ਨੇ ਸਿੱਖ ਰਾਜ ਦੇ ਡੋਗਰੇ ਵਜ਼ੀਰਾਂ, ਅਹਿਲਕਾਰਾਂ ਅਤੇ ਸੈਨਾਪਤੀਆਂ ਨੂੰ ਜਗੀਰਾਂ ਦੇ ਲਾਲਚ ਦੇ ਰੱਖੇ ਸਨ। ਉਸ ਸਮੇਂ ਅੰਗਰੇਜ਼ੀ ਫੌਜ ਦਾ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਸੀ ਜੋ ਦੁਨੀਆਂ ਦੀ ਬਹੁਤ ਭਿਆਨਕ ਜੰਗ 'ਵਾਟਰਲੂ ਦੀ ਜੰਗ' ਦਾ ਜੇਤੂ ਯੋਧਾ ਸੀ ਅਤੇ ਸਰ ਹਿਊਗਫ (ਹੁਗਗਫ) ਤਾਂ ਪ੍ਰਧਾਨ ਸੈਨਾਪਤੀ ਸੀ। ਜੰਗ ਨਾ ਟਲਦੀ ਦੇਖ ਕੇ ਸਿੱਖ ਫੌਜਾਂ ਦੁਸ਼ਮਣ ਦੀ ਹਿੱਕ 'ਤੇ ਜਾ ਕੇ ਲੜਨਾ ਚਾਹੁੰਦੀਆਂ ਸਨ। 11 ਦਸੰਬਰ 1845 ਈਸਵੀ ਵਿੱਚ ਲਾਹੌਰ ਦਰਬਾਰ ਦੀਆਂ ਫੌਜਾਂ ਨੇ ਵਜ਼ੀਰ ਲਾਲ ਸਿੰਘ ਅਤੇ ਸੈਨਾਪਤੀ ਤੇਜ ਸਿੰਘ ਦੀ ਅਗਵਾਈ ਹੇਠ ਹਰੀਕੇ ਪੱਤਣ ਨੇੜਿਓਂ ਸਤਲੁਜ ਦਰਿਆ ਪਾਰ ਕੀਤਾ। ਉਧਰ ਸਰ ਹੈਨਰੀ ਹਾਰਡਿੰਗ ਨੇ ਸੁਪਰੀਮ ਕਮਾਂਡਰ ਹੋਣ ਦੇ ਬਾਵਜੂਦ ਵੀ ਆਪਣੇ



ਕਮਾਂਡਰ ਇਨ ਚੀਫ ਸਰ ਹਿਊਗਫ ਦੀ ਕਮਾਂਡ ਹੇਠ ਐਂਗਲੋ-ਸਿੱਖ ਯੁੱਧ ਵਿੱਚ ਲੜਨ ਦੀ ਪੇਸ਼ਕਸ਼ ਕੀਤੀ ਸੀ। ਲਾਲ ਸਿੰਘ ਦੀ ਕਮਾਂਡ ਹੇਠ ਕੁਝ ਸਿੱਖ ਪਲਟਨਾਂ ਨੇ ਫੇਰੂ ਸ਼ਹਿਰ (ਫਿਰੋਜ਼ਸ਼ਾਹ) ਪਿੰਡ ਵਿੱਚ ਪਾਣੀ ਦੀ ਢਾਬ 'ਤੇ ਕਬਜ਼ਾ ਕਰਕੇ ਮੋਰਚੇ ਬਣਾ ਲਏ ਸਨ। ਬਾਕੀ ਫੌਜ ਦੀ ਕਮਾਂਡ ਕਰਦਾ ਤੇਜਾ ਸਿੰਘ ਸੈਨਾਪਤੀ ਫਿਰੋਜ਼ਪੁਰ ਵੱਲ ਨੂੰ ਹੋ ਤੁਰਿਆ। ਜਿੱਥੇ ਮੇਜਰ ਜਨਰਲ ਜੌਹਲ ਲਿਟਲਰ ਦੀ ਕਮਾਂਡ ਹੇਠ ਫੌਜ ਤਾਇਨਾਤ ਸੀ। ਇੱਥੇ ਆ ਕੇ ਸਿੱਖ ਫੌਜ ਦੇ ਗੱਦਾਰ ਸੈਨਾਪਤੀਆਂ ਵੱਲੋਂ ਅੰਗਰੇਜ਼ਾਂ ਨਾਲ ਪਹਿਲਾਂ ਤੋਂ ਹੀ ਚਲਦੀ ਗੁਫਤਗੂ ਅਨੁਸਾਰ ਆਪਣੀ ਵਫ਼ਾਦਾਰੀ ਨਿਭਾਉਂਦਿਆਂ ਚਿੱਠੀ ਲਿਖ ਕੇ ਅੰਗਰੇਜ਼ ਕਮਾਂਡਰ ਨੂੰ ਪੁੱਛਿਆ ਕਿ ਕੀ ਹੁਕਮ ਹੈ, ਤੁਹਾਡੀ ਸੇਵਾ ਕਿਸ ਤਰ੍ਹਾਂ ਕੀਤੀ ਜਾਵੇ। ਤੇਜਾ ਸਿੰਘ ਨੇ ਕਿਹਾ ਕਿ ਮੇਰੀ ਕਮਾਂਡ ਹੇਠ ਆਏ ਸਿੱਖ ਯੋਧੇ ਹਮਲਾ ਕਰਨ ਲਈ ਬਹੁਤ ਬੇਤਾਬ ਹਨ। ਮੇਰੇ ਤੇ ਲਗਾਤਾਰ ਦਬਾਅ ਵਧ ਰਿਹਾ ਹੈ। ਇਹ ਨਾ ਹੋਵੇ ਕਿ ਬਾਜ਼ੀ ਹੱਥੋਂ ਨਿਕਲ ਜਾਵੇ। ਅੱਗੋਂ ਕੈਪਟਨ ਨਿਕਲਸਨ ਰਾਹੀਂ ਤੇਜ ਸਿੰਘ (ਤੇਜਾ ਸਿੰਘ) ਸੈਨਾਪਤੀ ਨੂੰ ਸੁਨੇਹਾ ਮਿਲਿਆ ਕਿ ਜੇਕਰ ਤੁਸੀਂ ਸੱਚੀਂ ਹੀ ਅੰਗਰੇਜ਼ੀ ਸਰਕਾਰ ਦੀ ਮੱਦਦ ਕਰਨੀ ਚਾਹੁੰਦੇ ਹੋ ਤਾਂ ਸਿੱਖ ਫੌਜਾਂ ਨੂੰ ਓਨਾ ਚਿਰ ਲਾਰਡ ਹਾਰਡਿੰਗ ਅਤੇ ਲਾਰਡ ਹਿਊਗਫ ਆਪਣੀ ਸੈਨਾ ਸਮੇਤ ਫਿਰੋਜ਼ਪੁਰ ਨਾ ਪਹੁੰਚ ਜਾਣ। ਕਿਉਂਕਿ ਇੱਥੇ ਅੰਗਰੇਜ਼ੀ ਸੈਨਾ ਸਿੱਖਾਂ ਦੇ ਮੁਕਾਬਲੇ ਘੱਟ ਹੈ। ਲਿਟਲਰ ਅਤੇ ਦੂਸਰੇ ਅਫਸਰਾਂ ਨਾਲ ਯਾਰੀ ਨਿਭਾਉਂਦਿਆਂ ਸਿੱਖ ਸਿਪਾਹੀਆਂ ਅਤੇ ਟੁਕੜੀਆਂ ਦੇ ਸਰਦਾਰਾਂ ਨੂੰ ਕਿਹਾ ਗਿਆ ਕਿ ਆਪਣਾ ਮਕਸਦ ਇਸ ਥੋੜ੍ਹੀ ਜਿਹੀ ਫੌਜ ਨਾਲ ਲੜਨ ਦਾ ਨਹੀਂ। ਮੇਰਾ ਮਕਸਦ ਤਾਂ ਲਾਰਡ ਹਿਊਗਫ ਕਮਾਂਡ ਹੇਠ ਆ ਰਹੀ ਬਹੁਤ ਵੱਡੀ ਅੰਗਰੇਜ਼ ਫੌਜ ਨਾਲ ਲੜ ਕੇ ਉਸ ਨੂੰ ਖਤਮ ਕਰਨ ਦਾ ਹੈ ਤਾਂ ਜੋ ਉਹ ਇਸ ਤੋਂ ਬਾਅਦ ਪੰਜਾਬ ਵੱਲ ਮੂੰਹ ਨਾ ਕਰ ਸਕਣ। ਉਧਰ ਨਿਕਲਸਨ ਵੱਲੋਂ ਤੇਜਾ ਸਿੰਘ ਨੂੰ ਇਹ ਵੀ ਕਿਹਾ ਗਿਆ ਕਿ ਲਾਰਡ ਹਿਊਗਫ ਦੀ ਕਮਾਂਡ ਹੇਠ ਅੰਗਰੇਜ਼ੀ ਫੌਜ ਫਿਰੋਜ਼ਪੁਰ ਤੋਂ ਕੁਝ ਮੀਲ ਪਿੱਛੇ ਹੋਵੇ ਤਾਂ ਸਿੱਖ ਫੌਜਾਂ ਨੂੰ ਉਧਰ ਨੂੰ ਮਾਰਚ ਕਰਨ ਦਾ ਹੁਕਮ ਦਿੱਤਾ ਜਾਵੇ ਤਾਂ ਜੋ ਸਿੱਖ ਫੌਜਾਂ ਵਿੱਚ ਗੁੱਸੇ ਦੀ ਲਹਿਰ ਦੌੜ ਜਾਵੇ ਅਤੇ ਸਿੱਖ ਫੌਜੀ ਬਾਗੀ ਹੋਣ 'ਤੇ ਉਤਰ ਆਉਣ। ਤੇਜ ਸਿੰਘ ਨੇ ਇਵੇਂ ਹੀ ਕੀਤਾ। ਉਧਰ ਲਾਰਡ ਹਿਊਗਫ ਦੀ ਕਮਾਂਡ ਹੇਠ ਅੰਗਰੇਜ਼ੀ ਫੌਜ ਪਿੰਡ ਮੁੱਦਕੀ ਵਿਖੇ ਪਹੁੰਚ ਗਈ। ਮੁੱਦਕੀ ਉਸ ਸਮੇਂ ਕੱਚੇ ਘਰਾਂ ਅਤੇ ਇੱਕ ਛੋਟੇ ਜਿਹੇ ਕੱਚੇ ਕਿਲੇ ਵਾਲੇ ਪਿੰਡ ਸੀ। ਜਿਸ ਉਪਰ ਸਿੱਖ ਫੌਜ ਦਾ ਕਬਜ਼ਾ ਸੀ। ਪਿੰਡ ਦੇ ਦੁਆਲੇ ਪਾਣੀ ਦੀ ਇੱਕ ਬਹੁਤ ਵੱਡੀ ਢਾਬ ਸੀ। ਕਵੀ ਸ਼ਾਹ ਮੁਹੰਮਦ ਨੇ ਵੀ ਆਪਣੇ ਲਿਖੇ ਜੰਗਨਾਮੇ ਵਿੱਚ ਇਸ ਢਾਬ ਦਾ ਵਰਨਣ ਕੀਤਾ ਹੈ ਅਤੇ ਇਸ ਜੰਗ ਨੂੰ ਹਿੰਦ ਅਤੇ ਪੰਜਾਬ ਦੀ ਜੰਗ ਕਿਹਾ ਹੈ। ਇੱਕ ਪਾਸੇ ਸਾਰੇ ਹਿੰਦੁਸਤਾਨ ਦੀਆਂ ਫੌਜਾਂ ਦੂਸਰੇ ਪਾਸੇ ਪੰਜਾਬ ਰਾਜ ਦੀਆਂ (ਸਿੱਖ ਰਾਜ ਦੀਆਂ) ਫੌਜਾਂ ਸਨ। ਅੰਗਰੇਜ਼ਾਂ ਦੀ ਮਦਦ ਭਾਰਤ ਦੀਆਂ ਹੋਰ ਵੀ ਬਹੁਤ ਸਾਰੀਆਂ ਰਿਆਸਤਾਂ ਕਰ ਰਹੀਆਂ ਸਨ। ਜਿੰਨਾ ਵਿੱਚ ਕੁਝ ਪੰਜਾਬੀ ਰਿਆਸਤਾਂ ਵੀ ਸਨ। ਇਨ੍ਹਾਂ ਵਿੱਚ ਰਿਆਸਤ ਫਰੀਦਕੋਟ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਆਪਣੇ ਇਲਾਕੇ ਦੇ ਪਿੰਡ 'ਚੰਦਾਂ' ਵਿਖੇ ਰਹਿ ਕੇ ਫਰੀਦਕੋਟ ਰਿਆਸਤ ਦੇ ਰਾਜਾ ਪਹਾੜਾ ਸਿੰਘ ਨੇ ਅੰਗਰੇਜ਼ਾਂ ਦੀ ਮਦਦ ਕੀਤੀ। ਅੰਗਰੇਜ਼ ਫੌਜਾਂ ਦੇ ਘੋੜਿਆਂ ਲਈ ਰਾਸ਼ਨ ਅਤੇ ਫੌਜਾਂ ਲਈ ਰੋਟੀ ਪਾਣੀ ਦਾ ਪ੍ਰਬੰਧ ਕਰਵਾਇਆ। ਸਿੱਖ ਫੌਜਾਂ ਇਸ ਗੱਲੋਂ ਵੀ ਮਾਰ ਖਾ ਗਈਆਂ। ਇੱਕ ਤਾਂ ਪਿੰਡ ਤੋਂ ਬਹੁਤੀ ਮਦਦ ਨਹੀਂ ਮਿਲੀ ਦੂਸਰੇ ਸੈਨਾਪਤੀ ਗਦਾਰ ਹੋ ਗਏ। 13 ਦਬੰਬਰ ਨੂੰ ਲਾਰਡ ਹਾਰਡਿੰਗ ਵੱਲੋਂ ਜੰਗ ਦਾ ਐਲਾਨ ਕਰ ਦਿੱਤਾ ਗਿਆ ਸੀ। ਅੰਗਰੇਜ਼ੀ ਫੌਜਾਂ ਦੀ ਹਿਲਜੁਲ ਸ਼ੁਰੂ ਹੋ ਗਈ ਸੀ। ਮੁੱਦਕੀ ਪਹੁੰਚਦਿਆਂ ਹੀ ਲਾਰਡ ਹਾਰਡਿੰਗ ਅਤੇ ਗਫ ਦੀਆਂ ਫੌਜਾਂ ਦਾ ਮੁੱਦਕੀ ਦੇ ਰੇਤਲੇ ਇਲਾਕੇ ਵਿੱਚ ਵਜ਼ੀਰ ਲਾਲ ਸਿੰਘ ਦੀ ਫੌਜ਼ ਦੀਆਂ ਕੁਝ ਟੁਕੜੀਆਂ ਨਾਲ ਹੋ ਗਿਆ। ਸਿੱਖ ਫੌਜਾਂ ਨੇ ਬਿਨਾਂ ਵਿਉਂਤਬੰਦੀ ਤੋਂ ਇਹ ਹਮਲਾ ਕੀਤਾ। ਲੜਾਈ ਤਾਂ ਭਾਵੇਂ ਛੋਟੀ ਸੀ ਪਰ ਬਾਅਦ ਵਿੱਚ ਇਹ ਭਿਆਨਕ ਰੂਪ ਧਾਰਨ ਕਰ ਗਈ। ਸਿੱਖ ਫੌਜੀ ਆਪਣੇ ਮੋਰਚਿਆਂ ਤੋਂ ਰੱਤੀ ਭਰ ਵੀ ਨਹੀਂ ਹਿੱਲੇ। ਸ਼ਹੀਦੀਆਂ ਪ੍ਰਾਪਤ ਕਰ ਲਈਆਂ ਪਰ ਅੰਗਰੇਜ਼ਾਂ ਨੂੰ ਆਪਣੇ ਜੰਗੀ ਯੋਧੇ ਹੋਣ ਦਾ ਸਬੂਤ ਦੇ ਦਿੱਤਾ। ਅੰਗਰੇਜ਼ ਫੌਜਾਂ ਵਿੱਚ ਤਰਥੱਲੀ ਮਚ ਗਈ ਕਿ ਅਜੇ ਤਾਂ ਫਿਰੋਜ਼ਪੁਰ ਬਹੁਤ ਦੂਰ ਹੈ। ਸਿੱਖ ਬਹੁਤ ਨੁਕਸਾਨ ਕਰਨਗੇ। ਜੰਗ ਸ਼ੁਰੂ ਹੋਣ ਸਮੇਂ ਦਿਨ ਢਲ ਰਿਹਾ ਸੀ। ਲਹਿੰਦੇ ਵਾਲੇ ਪਾਸੇ ਲਾਲੀ ਪਸਰੀ ਹੋਈ ਸੀ। ਅੰਗਰੇਜ਼ਾਂ ਦੇ ਸਿਪਾਹੀਆਂ ਨੂੰ ਇਹ ਢਲਦੇ ਸੂਰਜ ਦੀ ਲਾਲੀ ਖ਼ਤਰਨਾਕ ਲੱਗ ਰਹੀ ਸੀ। ਜਦੋਂ ਸਿੱਖ ਫੌਜਾਂ ਦੇ ਨਗਾਰਿਆਂ 'ਤੇ ਚੋਟਾਂ ਲੱਗੀਆਂ ਤਾਂ ਸਿੱਖ ਯੋਧੇ ਮੌਤ ਨੂੰ ਮਾਖੌਲ ਕਰਦੇ ਹੋਏ ਮੈਦਾਨ-ਏ-ਜੰਗ ਵਿੱਚ ਕੁੱਦ ਪਏ। ਉਧਰ ਅੰਗਰੇਜ਼ ਸਿਪਾਹੀ ਜਿਨ੍ਹਾਂ ਨੇ ਲਾਲ ਕੋਟ, ਨੀਲੀਆਂ ਪਤਲੂਨਾਂ ਤੇ ਚਿੱਟੀਆਂ ਉਚੀਆਂ ਫੁੰਮਣਾਂ ਵਾਲੀਆਂ ਟੋਪੀਆਂ ਲਈਆਂ ਹੋਈਆਂ ਸਨ, ਪੂਰੀ ਵਰਦੀ ਵਿੱਚ ਜੰਗੀ ਤਰਾਨੇ ਵਜਦਿਆਂ ਹੀ ਹੁਕਮ ਮਿਲਦਿਆਂ ਸਾਰ ਮੈਦਾਨ-ਏ-ਜੰਗ ਵਿੱਚ ਕੁੱਦ ਪਏ। ਸਿੱਖ ਫੌਜਾਂ ਦੀ ਵਰਦੀ ਮਿਲੀ-ਜੁਲੀ ਸੀ। ਸਿੱਖਾਂ ਦੇ ਤਕੜੇ ਹਮਲੇ ਨੂੰ ਪਛਾੜਨ ਲਈ ਅੰਗਰੇਜ਼ਾਂ ਦੀ ਘੋੜ ਸਵਾਰ ਫੌਜਾਂ ਨੇ ਤਕੜਾ ਹੱਲਾ ਬੋਲਿਆ ਜਿਸ ਨੂੰ ਪਛਾੜਨ ਲਈ ਝਾੜਾ ਬੂਟਾਂ ਅਤੇ ਫਰਵਾਂਹ ਦੇ ਦਰੱਖਤਾਂ ਉਹਲੇ ਬੈਠੇ ਸਿੱਖ ਬੰਦੂਕਚੀਆਂ ਨੇ ਪੂਰੀ ਵਾਹ ਲਾ ਦਿੱਤੀ। ਦੋਹਾਂ ਪਾਸਿਆਂ ਦੀਆਂ ਤੋਪਾਂ ਅੱਗ ਵਰਸਾ ਰਹੀਆਂ ਸਨ। ਅੰਗਰੇਜ਼ਾਂ ਦੀਆਂ ਤੋਪਾਂ ਇਸ ਕਰਕੇ ਬਹੁਤ ਨੁਕਸਾਨ ਕਰ ਗਈਆਂ ਕਿਉਂਕਿ ਉਹ ਉਚੇ ਥਾਂ 'ਤੇ ਸਨ। ਅੰਗਰੇਜ਼ ਫੌਜਾਂ ਦਾ ਸਭ ਤੋਂ ਵੱਧ ਨੁਕਸਾਨ ਉਹਲੇ ਲੁਕੇ ਅਤੇ ਦਰੱਖਤਾਂ 'ਤੇ ਲੁਕ ਕੇ ਬੈਠੇ ਸਿੱਖ ਬੰਦੂਕਚੀਆਂ ਨੇ ਕੀਤਾ। ਸੈਂਕੜੇ ਅਫਸਰ ਅਤੇ ਜਵਾਨ ਮੌਤ ਦੇ ਘਾਟ ਉਤਾਰ ਦਿੱਤੇ ਅਤੇ ਜ਼ਖਮੀ ਕਰ ਦਿੱਤੇ। ਇਸ ਲੜਾਈ ਵਿੱਚ ਸਿੱਖਾਂ ਦਾ ਵੀ ਹੱਦੋਂ ਵੱਧ ਨੁਕਸਾਨ ਹੋਇਆ। ਸਿੱਖ ਸਿਪਾਹੀਆਂ ਨੇ ਚੁਣ ਚੁਣ ਕੇ ਅੰਗਰੇਜ਼ ਅਫਸਰਾਂ ਨੂੰ ਗੋਲੀਆਂ ਮਾਰੀਆਂ। ਦੋਹਾਂ ਪਾਸਿਆਂ ਤੋਂ ਵੱਡੀਆਂ ਵੱਡੀਆਂ ਤੋਪਾਂ, ਜੰਬੂਰਦਿਆਂ, ਤੋੜੇਦਾਰ ਬੰਦੂਕਾਂ, ਨੇਜ਼ਿਆ, ਬਰਛਿਆਂ ਅੰਗਰੇਜ਼ ਫੌਜਾਂ ਅਤੇ ਸਿੱਖ ਯੋਧਿਆਂ ਦੇ ਖ਼ੂਨ ਨਾਲ ਹੋਲੀ ਖੇਡੀ। ਦਿਨ ਛਿਪਣ ਵਾਲਾ ਹੀ ਸੀ ਕਿ ਅੰਗਰੇਜ਼ਾਂ ਅਤੇ ਹਿੰਦੂਸਤਾਨ ਦੀਆਂ ਅੰਗਰੇਜ਼ ਪੱਖੀ ਰਿਆਸਤੀ ਫੌਜਾਂ ਦੀਆਂ 12 ਬਟਾਲੀਅਨਾਂ ਨੇ ਫਿਰ ਤਕੜਾ ਹਮਲਾ ਕੀਤਾ। ਸਿੱਖ ਫੌਜੀ ਗਿਣਤੀ ਵਿੱਚ ਭਾਵੇਂ ਘੱਟ ਸਨ ਪਰ ਬਹਾਦਰੀ ਨਾਲ ਲੜੇ ਅਤੇ ਇਹ ਹਮਲਾ ਵੀ ਪਛਾੜ ਦਿੱਤਾ। ਅੰਗਰੇਜ਼ਾਂ ਦੀ ਮੰਗਵੀਆਂ ਰਿਆਸਤੀ ਫੌਜਾਂ ਦੇ ਸਿਪਾਹੀ ਹਨੇਰੇ ਦੀ ਆੜ ਲੈ ਕੇ ਲੁਕਣ ਲੱਗੇ। ਮੁੱਦਕੀ ਅਤੇ ਪਿੰਡ ਲੁਹਾਮ ਦੇ ਵਿਚਕਾਰ ਦੀ ਰੇਤਲੀ ਧਰਤੀ ਯੋਧਿਆਂ ਦੇ ਖ਼ੂਨ ਨਾਲ ਭਿੱਜ ਕੇ ਲਾਲ ਹੋ ਗਈ। ਪੰਜਾਬ ਦੀ ਇਸ ਧਰਤੀ ਮਾਂ ਨੇ ਆਪਣੇ ਉਪਰ ਹੀ ਆਪਣੇ ਜਾਇਆਂ ਦੀਆਂ ਹਿੱਕਾਂ ਪਾਟਦੀਆਂ ਦੇਖੀਆਂ ਤੇ ਲਹੂ ਮਿੱਝ ਦੇ ਘਰਾਲੇ ਵਗ ਤੁਰੇ। ਕੋਈ ਆਮ ਆਦਮੀ ਇਹ ਜੰਗੀ ਨਜ਼ਾਰਾ ਆਪਣੀਆਂ ਪੂਰੀਆਂ ਅੱਖਾਂ ਖੋਲ੍ਹ ਕੇ ਨਹੀਂ ਦੇਖ ਸਕਦਾ ਸੀ। ਪਹਾੜਾ ਸਿੰਘ ਫਰੀਦਕੋਟੀਏ ਨੇ ਅੰਗਰੇਜ਼ਾਂ ਦੀ ਬਹੁਤ ਮਦਦ ਕੀਤੀ। ਇਸ ਜੰਗ ਦਾ ਹਾਲ ਲਿਖਦਿਆਂ ਅੰਗਰੇਜ਼ੀ ਸੈਨਾਪਤੀ ਲਾਰਡ ਗਫ ਨੇ ਲਿਖਿਆ ਹੈ ਕਿ ਸਾਰੀ ਫੌਜ ਨੂੰ ਇੱਕ ਮੋਰਚੇ ਤੋਂ ਦੂਸਰੇ ਮੋਰਚੇ ਤੱਕ ਧੱਕ ਦਿੱਤਾ ਜਾਂਦਾ ਰਿਹਾ। ਬੜੀ ਵੱਢ-ਟੁੱਕ ਹੋਈ ਤੇ 17 ਤੋਪਾਂ ਸਿੱਖਾਂ ਤੋਂ ਖੋਹ ਲਈਆਂ। ਜਿਨ੍ਹਾਂ ਵਿੱਚ ਕੁਝ ਤੋਪਾਂ ਬਹੁਤ ਵੱਡੀਆਂ ਸਨ। ਸਾਡੀ ਫੌਜ ਨੇ ਜਿੱਥੇ ਦੁਸ਼ਮਣ ਅੜਦਾ ਸੀ, ਸੰਗੀਨਾਂ ਦੀ ਅਢੁਕ ਹਥਿਆਰ ਦੀ ਵਰਤੋਂ ਕੀਤੀ।

ਇਤਿਹਾਸਕਾਰ ਜਾਰਾ ਬ੍ਰੂਸ ਨੇ ਲਿਖਿਆ ਹੈ ਕਿ ਅੰਗਰੇਜ਼ਾਂ ਨੇ ਸਿੱਖਾਂ ਨੂੰ ਉਨ੍ਹਾਂ ਨੂੰ ਫੇਰੂ ਸ਼ਹਿਰ (ਫਿਰੋਜ਼ਸ਼ਾਹ) ਵਾਲੇ ਮੋਰਚੇ ਵੱਲ ਭਜਾ ਦਿੱਤਾ। ਇਹ ਇੱਕ ਤਰ੍ਹਾਂ ਦੀ ਜਿੱਤ ਹੀ ਸੀ ਜਿਹੜੀ ਇੱਕ ਛੋਟੀ ਫੌਜ ਉਤੇ ਚੋਖਾ ਮੁੱਲ ਤਾਰ ਕੇ ਹਾਸਲ ਕੀਤੀ ਗਈ। ਪੰਜ ਛੇ ਘੰਟਿਆਂ ਵਿੱਚ ਅੰਗਰੇਜ਼ਾਂ ਦੇ 215 ਸੈਨਿਕ ਮਾਰੇ ਗਏ ਅਤੇ 657 ਫੱਟੜ ਹੋਏ। ਮਾਰੇ ਗਿਆਂ ਵਿੱਚ 13 ਅੰਗਰੇਜ਼ ਅਫਸਰ ਅਤੇ 2 ਹਿੰਦੂਸਤਾਨੀ ਅਫਸਰ ਸਨ। ਸਭ ਤੋਂ ਵੱਧ ਨੁਕਸਾਨ ਘੋੜਚੜ੍ਹਿਆਂ ਦਾ ਹੋਇਆ ਜਿਨ੍ਹਾਂ ਦੇ 81 ਆਦਮੀ ਮਰੇ ਅਤੇ 87 ਜ਼ਖ਼ਮੀ ਹੋਏ। ਤੀਸਰੀ ਲਾਈਨ ਡਰੈਗਨ ਰਜਮੈਂਟ ਜਿਸ ਨੇ 497 ਸੈਨਿਕਾਂ ਨਾਲ ਹਮਲਾ ਬੋਲਿਆ, ਦੇ 2 ਅਫਸਰ ਤੇ 55 ਸੈਨਿਕ ਜ਼ਖ਼ਮੀ ਹੋਏ। ਤੋਪਖਾਨੇ ਦਾ ਨੁਕਸਾਨ ਵੀ ਹੋਇਆ। 27 ਸੈਨਿਕ ਮਰੇ ਅਤੇ 47 ਫੱਟੜ ਹੋਏ। ਇਸ ਨੁਕਸਾਨ ਤੋਂ ਸਿੱਖਾਂ ਦੀਆਂ ਤੋਪ ਮਾਰਾਂ (ਤੋਪਚੀਆਂ) ਤੋਪਾਂ ਦੇ ਨਿਸ਼ਾਨੇ ਠੀਕ ਨਿਸ਼ਾਨੇ 'ਤੇ ਵੱਜਣ ਦਾ ਪਤਾ ਲੱਗਦਾ ਹੈ। ਵੱਡੇ ਅਫਸਰਾਂ ਵਿੱਚ ਵੀ ਹਿੱਸੇ ਨਾਲੋਂ ਬਹੁਤ ਮਰੇ। ਮੇਜਰ ਜਨਰਲ ਰੌਬਰਟ ਅਤੇ ਕਮਾਂਡਰ ਮੈਕਸਕਿਲ ਵੀ ਇੱਥੇ ਮਾਰੇ ਗਏ। ਇਸ ਤੋਂ ਬਿਨਾਂ ਸਿੱਖ ਫੌਜਾਂ ਦਾ ਵੀ ਬਹੁਤ ਨੁਕਸਾਨ ਹੋਇਆ। ਦੁੱਖ ਦੀ ਗੱਲ ਇਹ ਹੈ ਕਿ ਵਿਦਵਤਾ ਦੀ ਘਾਟ ਕਰਕੇ ਸਿੱਖ ਫੌਜਾਂ ਦਾ ਰਿਕਾਰਡ ਨਹੀਂ ਰੱਖਿਆ ਜਾ ਸਕਿਆ। ਨਾ ਹੀ ਕੋਈ ਉਸ ਸਮੇਂ ਜੰਗੀ ਹਾਲਾਤ ਲਿਖਣ ਦਾ ਪ੍ਰਬੰਧ ਹੋਵੇਗਾ। ਆਸ-ਪਾਸ ਪਿੰਡ ਦੇ ਲੋਕਾਂ ਦੀ ਗਿਣਤੀ ਮੁਤਾਬਕ ਅਤੇ ਕੁਲਬੀਰ ਸਿੰਘ ਸਿੱਧੂ ਆਈ.ਏ.ਐਸ. ਰਿਟਾਇਰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵੱਲੋਂ ਲੱਭੇ ਵੇਰਵਿਆਂ ਅਨੁਸਾਰ ਸ਼ਹੀਦ ਅਤੇ ਜ਼ਖ਼ਮੀ ਸਿੱਖ ਸਿਪਾਹੀਆਂ ਦੀ ਗਿਣਤੀ ਲਗਪਗ 3000 ਸੀ ਜੋ ਕਿ ਅੰਦਾਜ਼ਾ ਹੈ। ਸਿੱਖਾਂ ਨੇ ਦੁਨੀਆਂ ਵਿੱਚ ਇਤਿਹਾਸ ਤਾਂ ਰਚੇ ਹਨ ਪਰ ਵਿਦਵਤਾ ਦੀ ਘਾਟ ਕਰਕੇ ਇਤਿਹਾਸ ਲਿਖ ਨਹੀਂ ਸਕੇ। ਤਲਵਾਰਾਂ ਦੇ ਧਨੀ ਹਨ ਪਰ ਕਲਮਾਂ ਤੋਂ ਕੋਰੇ ਸਨ। ਇਸ ਕਰਕੇ ਇਹ ਗਿਣਤੀ ਸਹੀ ਨਹੀਂ ਲਿਖੀ ਜਾ ਸਕੀ। ਉਸ ਤੋਂ ਬਾਅਦ ਜਦੋਂ ਪੰਜਾਬ ਉਪਰ ਅੰਗਰੇਜ਼ਾਂ ਦਾ ਰਾਜ ਆਇਆ ਤਾਂ ਉਨ੍ਹਾਂ ਨੇ ਲਾਹੌਰ ਦਰਬਾਰ ਦਾ ਬਾਕੀ ਰਹਿੰਦਾ ਰਿਕਾਰਡ ਵੀ ਕਾਫੀ ਗਿਣਤੀ ਵਿੱਚ ਖੁਰਦ-ਬੁਰਦ ਕੀਤਾ ਹੈ। ਇਸ ਲੜਾਈ ਤੋਂ ਬਾਅਦ ਸਪਸ਼ਟ ਹੁੰਦਾ ਹੈ ਕਿ ਅੰਗਰੇਜ਼ਾਂ ਨੂੰ ਆਪਣੇ 'ਤੇ ਮਾਣ ਸੀ ਅਤੇ ਸਿੱਖ ਸਿਪਾਹੀਆਂ ਦੀ ਲੜਨ ਸ਼ਕਤੀ ਦਾ ਅਨੁਮਾਨ ਘੱਟ ਸੀ। ਡਿੱਗਣ ਕਿਨਾਰੇ ਸਨ।

ਇੱਕ ਪਿੰਡ ਦਾ ਨਾਮ ਜੋ ਮੁੱਦਕੀ ਸੀ,
ਉਥੇ ਭਰੀ ਸੀ, ਪਾਣੀ ਦੀ ਖੱਡ ਮੀਆਂ।
ਘੋੜ ਚੜ੍ਹੇ ਨਵੇਂ ਅਕਾਲੀਏ ਜੀ,
ਝੰਡੇ ਦਿੱਤੇ ਸੀ ਜਾ ਕੇ ਗੱਡ ਮੀਆਂ।

# ਗਿੰਨੀ ਸੱਗੂ ਦੀ ਪੁਸਤਕ ਫਰਿਜ਼ਨੋ ਵਿੱਚ ਰਿਲੀਜ਼

**ਫਰਿਜ਼ਨੋ : (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਹਰ ਸੁਹਿਰਦ ਲੇਖਕ ਜੋ ਆਪ ਹੰਢਾਉਂਦਾ ਹੈ, ਉਨ੍ਹਾਂ ਹੀ ਸੂਖਮ ਭਾਵਨਾਵਾ ਨੂੰ ਆਪਣੀ ਲਿਖਤ ਦੇ ਜ਼ਰੀਏ ਆਪਣੇ ਆਲੇ-ਦੁਆਲੇ ਨਾਲ ਸਾਂਝਾ ਕਰਦਾ ਹੋਇਆ ਚੰਗੇ ਸਮਾਜ ਦੀ ਸਿਰਜਣਾ ਕਰਦਾ ਹੈ। ਪੰਜਾਬੀ ਪੱਤਰਕਾਰੀ ਅਤੇ ਲਿਖਤਾਂ ਵਿੱਚ ਆਪਣੀ ਪਹਿਚਾਣ ਬਣਾ ਚੁੱਕੇ ਆਸਟ੍ਰੇਲੀਆ ਵਸਨੀਕ 'ਗਿੰਨੀ ਸੱਗੂ' ਦੇ ਵਿਦੇਸੀ ਸਫਰਨਾਮਿਆਂ ਦੀ ਇਕ ਪੁਸਤਕ 'ਅਣਡਿੱਠੀ ਦੁਨੀਆ' ਰਿਲੀਜ਼ ਕੀਤੀ ਗਈ। ਜੋ ਰਸਮੀ ਤੌਰ 'ਤੇ 'ਫਰਿਜ਼ਨੋ ਡਰੀਮਜ਼' ਦੇ ਸਟੂਡੀਉ ਵਿੱਚ ਪੱਤਰਕਾਰ ਨੀਟਾ ਮਾਛੀਕੇ, ਪੰਜਾਬੀ ਮੀਚੀਆਂ ਯੂ.ਐਸ.ਏ. ਦੇ ਮੁੱਖ ਪ੍ਰਬੰਧਕ ਜਗਦੇਵ ਸਿੰਘ, ਭੰਡਾਲ, ਜਸਵੰਤ ਸਿੰਘ ਮਹਿਮੀ, ਗਾਇਕ ਅਤੇ ਅਦਾਕਾਰ ਬਾਈ ਸੁਰਜੀਤ ਮਾਛੀਵਾੜਾ, ਟਰੱਕਿੰਗ ਇੰਡਸਟਰੀ ਤੋਂ ਰਮਨ ਢਿੱਲੋਂ ਅਤੇ ਹੋਰ ਸਾਹਿੱਤਕ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤੀ ਗਈ। ਇਹ ਪੁਸਤਕ ਲੇਖਕ ਗਿੰਨੀ ਸਾਗੂ ਦੇ ਅਮਰੀਕਾ ਅਤੇ ਵਿਦੇਸੀ ਸਫ਼ਰਨਾਮਿਆਂ ਦਾ ਬਹੁਤ ਰੌਚਕ ਸੁਮੇਲ ਹੈ। ਇਸ ਪੁਸਤਕ ਵਿੱਚ ਲੇਖਕ ਜਿੱਥੇ ਆਪਣੇ ਵਿਦੇਸ਼ੀ ਸਫਰਨਾਮੇ ਦੀ ਸਾਂਝ ਪਾਉਂਦਾ ਹੈ, ਉੱਥੇ ਆਪਣੇ ਨਿੱਜੀਤਵ ਦਾ ਖੁੱਲ ਕੇ ਪ੍ਰਗਟਾ ਕਰਦਾ ਹੈ। ਇਹ ਪੁਸਤਕ ਪੜਨਯੋਗ



ਹੈ ਜਿਸ ਤੋਂ ਨਵੀਂ ਜਾਣਕਾਰੀ ਮਿਲਦੀ ਹੈ। ਇਸ ਸਮੇਂ ਪੱਤਰਕਾਰ ਨੀਟਾ ਮਾਛੀਕੇ ਗੱਲਬਾਤ ਕਰਦੇ ਹੋਏ ਵਧਾਈ ਦਿੱਤੀ। ਜਦ ਕਿ ਗਾਇਕ ਅਤੇ ਲੇਖਕ ਧਰਮਵੀਰ ਥਾਂਦੀ ਨੇ ਗਿੰਨੀ ਸੱਗੂ ਨੂੰ ਵਧਾਈ ਦਿੰਦੇ ਹੋਏ ਸਭ ਨੂੰ ਅਜਿਹੀਆਂ ਚੰਗੀਆਂ ਪੁਸਤਕਾ ਪੜਨ ਦੀ ਅਪੀਲ ਕੀਤੀ। ਜਗਦੇਵ ਸਿੰਘ ਭੰਡਾਲ ਨੇ 'ਫਰਿਜ਼ਨੋ ਡਰੀਮਜ਼ ਸਟੂਡੀਉ' ਦੇ ਸਮੂੰਹ ਮੈਂਬਰਾਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਅੰਤ ਇਹ ਪ੍ਰੋਗਰਾਮ ਸਾਹਿੱਤਕ ਵਿਚਾਰਾ ਕਰਦਾ ਹੋਇਆ ਯਾਦਗਾਰੀ ਹੋ ਨਿਬੜਿਆ।

# ਸਰਕਾਰ ਚਾਹੇ ਤਾਂ ਪੰਜਾਬ ਦੇ ਵਿਕਾਸ 'ਚ ਇਹ ਤਜਵੀਜ਼ਾਂ ਲਾਹੇਬੰਦ ਹੋ ਸਕਦੀਆ : ਗਾਖਲ

**ਵਾਟਸਨਵਿਲ/ਨਿਊਜ਼ ਏ.ਟੀ. :** ਇਨ੍ਹੀਂ ਦਿਨੀਂ ਪਿੰਡ ਗਾਖਲ (ਜਲੰਧਰ) ਵਿਕਾਸ ਕਾਰਜ ਵੱਡੀ ਪੱਧਰ 'ਤੇ ਚੱਲ ਰਹੇ ਹਨ। ਜਿਥੇ ਪਿੰਡ ਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨ ਉਪਰੰਤ ਇਸ ਛੱਪੜ ਨੂੰ ਪੂਰ ਕੇ ਇੱਕ ਖ਼ੂਬਸੂਰਤ ਪਾਰਕ ਦੀ ਉਸਾਰੀ ਕੀਤੀ ਜਾਵੇਗੀ। ਅਮਰੀਕਾ ਵਸਦੇ ਗਾਖਲ ਭਰਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਵਲੋਂ ਨਗਰ ਪੰਚਾਇਤ ਤੇ ਨਿਰਮਲ ਸਿੰਘ ਦੀ ਅਗਵਾਈ 'ਚ ਇਹ ਸੇਵਾ ਕਰਵਾਈ ਜਾ ਰਹੀ ਹੈ। ਅਮੋਲਕ ਸਿੰਘ ਗਾਖਲ ਅਨੁਸਾਰ ਇਨ੍ਹਾਂ ਕਾਰਜਾਂ ਨੂੰ ਆਰੰਭ ਤੇ ਮੁਕੰਮਲ ਕਰਨ ਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਐਨਆਰਆਈਜ਼ ਨੂੰ ਸਹਿਯੋਗ ਦੇਵੇ ਤੇ ਪਿੰਡਾਂ ਦੇ ਵਿਕਾਸ ਲਈ ਅੱਗੇ ਆਉਣ ਦੀ ਅਪੀਲ ਕਰੇ ਤਾਂ ਜੇ ਐਨਆਰਆਈਜ਼ ਭਰਾ ਆਪੋ-ਆਪਣੇ ਪਿੰਡ ਲਈ ਦੋ ਕਰੋੜ ਰੁਪਏ ਵੀ ਖਰਚਣ ਤਾਂ ਪੰਜਾਬ ਦੇ 13 ਹਜਾਰ ਤੋਂ ਵੱਧ ਪਿੰਡਾਂ ਵਿਚ ਜਦੋਂ ਕਰੀਬ 26 ਹਜਾਰ ਕਰੋੜ ਰੁਪਏ ਤੋਂ ਉਪਰ ਖਰਚਿਆ ਜਾਵੇਗਾ ਤਾਂ ਪੰਜਾਬ ਦਾ ਵਿਕਾਸ ਸਿਰ ਚੜ੍ਹ ਕੇ ਬੋਲੇਗਾ ਤੇ ਵੱਡੀ ਪੱਧਰ 'ਤੇ ਰੁਜਗਾਰ ਦੇ ਮੌਕੇ ਵੀ ਪੈਦਾ ਹੋਣਗੇ। ਸਰਕਾਰ ਨੂੰ ਇਸ ਤਜਵੀਜ ਵੱਲ ਪੂਰਾ ਧਿਆਨ ਦੇਣ ਦੀ ਜ਼ਰੂਰਤ ਹੈ। ਗਾਖਲ ਪਰਿਵਾਰ ਨੇ ਡਿਪਟੀ ਕਮਿਸ਼ਨਰ ਜਲੰਧਰ ਤੇ ਸਮੁੱਚੇ ਸਿਵਲ ਪ੍ਰਸਾਸ਼ਨ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ ਹੈ।





# ਗੁਰੂ ਗੋਬਿੰਦ ਸਿੰਘ ਜੀ ਨਾਲ ਬੀਤੀਆਂ ਡਾਹਢੀਆਂ ਸੱਤ ਰਾਤਾਂ ਦੀ ਦਾਸਤਾਨ

**-ਸ਼ਮਸ਼ੇਰ ਸਿੰਘ**

ਜਦੋਂ ਕਦੇ ਪੁਆਧ ਦੇ ਖਿੱਤੇ ਅੰਦਰ ਦਸਮੇਸ਼ ਪਿਤਾ ਦੀ ਜਗੀਰ ‘ਤੇ ਡਾਕਾ ਮਾਰਨ ਵਾਲੀਆਂ ਪੋਹ ਦੀਆਂ ਸੱਤ ਕਕਰੀਲੀਆਂ ਤੇ ਲਹੂ ਨੁਚੜਦੀਆਂ ਰਾਤਾਂ ਦਾ ਜ਼ਿਕਰ ਛਿੜਦਾ ਹੈ ਤਾਂ ਤਵਾਰੀਖ ਦਾ ਇਹ ਬੇਦਰਦ ਤੇ ਸੰਗੀਨ ਪੱਖ ਮਾਨਵਤਾ ਨੂੰ ਸ਼ਾਹਰਗ ਤੱਕ ਜ਼ਖ਼ਮੀ ਕਰ ਸੁੱਟਦਾ ਹੈ। ਐਨ ਉਦੋਂ ਜਦੋਂ ਨੀਲੇ ਸ਼ਾਹ ਅਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਦੀ ਅਗੰਮੀ ਰਜ਼ਾ ਨੂੰ ਸਜ਼ਦਾ ਕਰਦਿਆਂ ਛੇ-ਸੱਤ ਪੋਹ ਦੀ ਦਰਮਿਆਨੀ ਰਾਤ ਦੇ ਆਲਮ ਵਿੱਚ ਕਿਲਾ ਆਨੰਦਗੜ੍ਹ ਨੂੰ ਆਖਰੀ ਫਤਹਿ ਬੁਲਾ ਕੇ ਮਾਲਵੇ ਵੱਲ ਨੂੰ ਤੁਰ ਪਏ। ਜ਼ਿੰਦਗੀ ਦੀ ਅਜ਼ੀਮ ਤੇ ਕਠਿਨ ਪ੍ਰੀਖਿਆ ਭਵਿੱਖ ਦੀਆਂ ਸੱਤ ਰਾਤਾਂ ਦੇ ਰੂਪ ਵਿੱਚ ਆਦਮਖੋਰ ਡੈਣ ਵਾਗੂੰ ਬਾਹਾਂ ਉਲਾਰ ਖੜ੍ਹੀ ਸੀ। ਗੁਰੂ ਤੇ ਗੁਰੂ ਕਿਆਂ ਲਈ ਇਸ ਤੋਂ ਪਹਿਲਾਂ ਬੀਤੀਆਂ ਰਾਤਾਂ ਵੀ ਡਾਹਢੀਆਂ ਜ਼ੋਖ਼ਮ ਗ੍ਰਸਤ ਹੋ ਨਿੱਬੜੀਆਂ ਸਨ। ਭੁੱਖ, ਪਿਆਸ ਤੇ ਕੜਾਕੇਦਾਰ ਸਰਦੀ ਦਾ ਆਲਮ ਜਿੱਥੇ ਜਿਸਮਾਨੀ ਕਹਿਰ ਵਰਸਾ ਰਿਹਾ ਸੀ, ਉੱਥੇ ਵਫ਼ਾਦਾਰੀ ਵੱਟੇ ਮਿਲੀ ਗ਼ਦਾਰੀ ਰੂਹਾਨੀ ਫੱਟ ਬਣ ਕੇ ਰਿਸ ਰਹੀ ਸੀ ਪਰ ਇਸ ਦੇ ਬਾਵਜੂਦ ਮੁਗਲ ਸਲਤਨਤ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੇ ਮੌਕਾਪ੍ਰਸਤ ਗਠਜੋੜ ਨਾਲ ਜ਼ਿੰਦਾਦਿਲੀ, ਸਿਦਕ ਤੇ ਸਿਰੜ ਦੀ ਜੰਗ ਲੜਨ ਲਈ ਸਿੰਘਾਂ ਦੇ ਡੌਲੇ ਫਰਕ ਰਹੇ ਸਨ।

ਜਦੋਂ ਗੁਰੂ ਜੀ ਤੋਂ ਕਿਲਾ ਛੁਡਵਾਉਣ ਖ਼ਾਤਰ ਇਸ ਗਠਜੋੜ ਦੀ ਸਾਜ਼ਿਸ਼ ਕੁਰਾਨ-ਏ-ਪਾਕ ਤੇ ਮੁਕੱਦਸ ਗੀਤਾ ਦੀਆਂ ਕਸਮਾਂ ਤੱਕ ਆ ਪਹੁੰਚੀ ਤਾਂ ਗੁਰੂ ਜੀ ਨੇ ਮਾਤਾ ਗੁਜਰੀ ਜੀ ਦੀਆਂ ਨਸੀਹਤਾਂ ਤੇ ਨੀਤੀਵਾਨ ਸਿੰਘਾਂ ਦੀ ਰਾਇ ਵਿਚਾਰਨ ਉਪਰੰਤ ਕਿਲ਼ਾ ਛੱਡਣ ਦਾ ਫ਼ੈਸਲਾ ਤਸਦੀਕ ਕਰ ਦਿੱਤਾ।

ਕਾਫ਼ਲੇ ਨਾਲ ਗੁਰੂ ਜੀ ਅਜੇ ਬਹੁਤੀ ਦੂਰ ਨਹੀਂ ਸੀ ਪਹੁੰਚੇ ਕਿ ਕੂੜ, ਫਰੇਬ, ਛੱਲ ਤੇ ਕੱਟੜਪ੍ਰਸਤੀ ਦੀ ਭਰੀ ਗਾਗਰ ਚੌਰਾਹੇ ਫੁੱਟ ਗਈ। ਬੇਅਸੂਲਾ ਗਠਜੋੜ ਸਵੈ-ਸਿਰਜੀਆਂ ਕੁਰਾਨ-ਏ-ਪਾਕ ਤੇ ਗੀਤਾ ਦੀਆਂ ਕਸਮਾਂ ਨੂੰ ਸਿਰੋਂ ਕਲਮ ਕਰ ਕੇ ਤੇ ਕਮੀਨਗੀ ਦੀ ਹੱਦ ਤੋੜ ਕੇ ਗੁਰੂ ਜੀ ਦੇ ਕਾਫ਼ਲੇ ‘ਤੇ ਟੁੱਟ ਪਿਆ। ਵਿਸ਼ਵਾਸਘਾਤ ਦੀ ਹਨੇਰੀ ਝੁੱਲੀ ਪਰ ਪੰਥ ਦੇ ਪਿਤਾ ਦਾ ਉੱਚਾ-ਸੁੱਚਾ ਵਿਸ਼ਵਾਸ ਉਸ ਪਿਤਾ ਨਾਲ ਜੁੜਿਆ ਸੀ, ਜਿਸ ਨੇ ਉਸ ਨੂੰ ਕਦੇ ਆਪਣਾ ਸੁੱਤ (ਸਪੂਤ) ਕਹਿ ਕੇ ਨਿਵਾਜਿਆ ਸੀ। ਦੁਸ਼ਟਾਂ ਦਾ ਨਾਸ਼ ਕਰਨ ਤੇ ਸੱਚ ‘ਤੇ ਪਹਿਰਾ ਦੇਣ ਲਈ ਡਿਊਟੀ ਪਾਬੰਦ ਕੀਤੀ ਸੀ। ਇੱਥੇ ਹੀ ਦੁਸ਼ਟ ਦਮਨ ਪਾਤਸ਼ਾਹ ਦਾ ਉਹ ਤਜਰਬਾ ਵੀ ਪੱਥਰ ‘ਤੇ ਲਕੀਰ ਸਾਬਤ ਹੋ ਗਿਆ ਜੋ ਉਨ੍ਹਾਂ ਚੰਦ ਕੁ ਦਿਨ ਪਹਿਲਾਂ ਕਿਲਾ ਛੱਡਣ ਦਾ ਫਰਜ਼ੀ ਪ੍ਰਪੰਚ ਰਚ ਕੇ ਕੀਤਾ ਸੀ।

ਕਾਲੀਆਂ ਰਾਤਾਂ ਵਿੱਚ ਮੌਸਮੀ ਤੇ ਜੰਗਾਜੂ ਪ੍ਰਸਥਿਤੀਆਂ ਨੂੰ ਘੋੜਿਆਂ ਦੇ ਪੌੜਾਂ ਹੇਠ ਲਿਤਾੜ ਕੇ ਸਰਸਾ ਨਦੀ ਕਿਨਾਰੇ ਅੱਪੜੇ ਸਿੰਘਾਂ ਨੇ ਨਾ ਸਿਰਫ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਏ, ਬਲਕਿ ਧੋਖਾਧੜੀ ਦੀ ਗ੍ਰਿਫ਼ਤ ਵਿੱਚ ਜਕੜੇ ਇਸਲਾਮ ਦੇ ਅਖੌਤੀ ਠੇਕੇਦਾਰਾਂ ਦੇ ਲਹੂ ਦੀਆਂ ਤੇਗਾਂ ਦੀਆਂ ਬੁੱਲੀਆਂ ਨੂੰ ਕਦੇ ਨਾ ਲੱਥਣ ਵਾਲੀ ਸੁਰਖੀ ਲਗਾ ਕੇ ਸੂਰਮਗਤੀ ਦੀ ਮਿਸਾਲ ਪੈਦਾ ਕੀਤੀ। ਅਫਸੋਸ! ਅਨੇਕਾਂ ਜ਼ਾਂਬਾਜ਼ ਯੋਧਿਆਂ ਨਾਲ ਸਰਸਾ ਦੀਆਂ ਛੱਲਾਂ ਕਲਗੀਧਰ ਦੀ ਕਲਮ ‘ਚੋਂ ਉਪਜੀ ਉਸ ਆਲਮੀ ਲੋਅ ਨੂੰ ਵੀ ਖਾਮੋਸ਼ ਕਰ ਗਈਆਂ, ਜਿਸ ਨੇ ਸਦੀਵ ਕਾਲ ਲਈ ਨਸਲਾਂ ਦੇ ਰਾਹ ਰੁਸ਼ਨਾਉਣੇ ਸਨ। ਸਰਸਾ ਦੇ ਰੋੜ ਵਿੱਚ ਗੁਆਚੇ ਗੁਰੂ ਜੀ ਦੇ ਰਚਿਤ ਸਾਹਿਤ ਅਤੇ ਪੁਰਾਤਨ ਗ੍ਰੰਥਾਂ ਜਾਂ ਹੋਰ ਦਸਤਾਵੇਜ਼ਾਂ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ।

ਸਰਸਾ ਕਿਨਾਰੇ ਹੋਏ ਘਮਾਸਾਨ ਯੁੱਧ ‘ਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਤਕਸੀਮ ਹੋ ਗਿਆ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਣੇ ਸਰਸਾ ਦੇ ਕਿਨਾਰੇ ਤੁਰੇ ਜਾਂਦੇ ਅੰਤ ਗੰਗੂ ਦੇ ਪਿੰਡ ਸਹੇੜੀ ਪੁੱਜ ਗਏ। ਗੁਰੂ ਕੇ ਮਹਿਲ ਭਾਈ ਮਨੀ ਸਿੰਘ ਨਾਲ ਦਿੱਲੀ ਵੱਲ ਰਵਾਨਾ ਹੋ ਗਏ। ਜਦਕਿ ਗੁਰੂ ਸਾਹਿਬ ਖੁਦ ਵੱਡੇ ਸਾਹਿਬਜ਼ਾਦਿਆਂ ਤੇ ਗਿਣਤੀ ਦੇ ਸਿੰਘਾਂ ਸਣੇ ਰੋਪੜ ਵੱਲ ਹੋ ਤੁਰੇ। ਕਵੀ ਨੇ ਲਿਖਿਆ-

ਸਰਸਾ ਕੰਢੇ ਘਮਸਾਨ ਦਾ ਯੁੱਧ ਹੋਇਐ,<br>
ਕਲਗੀ ਕਿਸੇ ਪਾਸੇ ਤੋੜਾ ਕਿਸੇ ਪਾਸੇ।<br>
ਭੇਟਾ ਨਦੀ ਦੇ ਕੀਮਤੀ ਗ੍ਰੰਥ ਹੋ ਗਏ,<br>
ਬਾਜ ਕਿਸੇ ਪਾਸੇ ਘੋੜਾ ਕਿਸੇ ਪਾਸੇ<br>
ਜਿਹੜਾ ਚਾਵਾਂ ਨਾਲ ਮਹਿਲ ਉਸਾਰਿਆ ਸੀ,<br>
ਇੱਟ ਕਿਸੇ ਪਾਸੇ ਰੋੜਾ ਕਿਸੇ ਪਾਸੇ<br>
ਕੰਵਲ ਚੰਨ ਤੇ ਸੂਰਜ ਜਹੇ ਪੁੱਤਰਾਂ ਦਾ,<br>
ਜੋੜਾ ਕਿਸੇ ਪਾਸੇ, ਜੋੜਾ ਕਿਸੇ ਪਾਸੇ

ਰੋਪੜ ਦੀ ਧਰਤੀ ‘ਤੇ ਨੀਲੇ ਦੇ ਪੌੜਾਂ ਨਾਲ ਤਪਦਾ ਭੱਠਾ ਸੀਤ ਕਰਨ ਦਾ ਆਲੌਕਿਕ ਜਲਵਾ ਦਿਖਾਉਣ ਤੋਂ ਬਾਅਦ ਨਿਹੰਗ ਖਾਨ ਨੇ ਗੁਰੂ ਜੀ ਨਾਲ ਰੂਹਾਨੀ ਵਫ਼ਾ ਨਿਭਾਉਂਦਿਆਂ ਅੱਲਾ ਦਾ ਸੱਚਾ-ਸੁੱਚਾ ਤੇ ਹਕੀਕੀ ਇਸਲਾਸਪ੍ਰਸਤ ਹੋਣ ਦਾ ਸਬੂਤ ਦਿੱਤਾ। ਉਪਰੰਤ ਗੁਰੂ ਜੀ ਨੇ 22 ਦਸੰਬਰ ਨੂੰ ਸਵੇਰੇ ਵੱਡੇ ਸਾਹਿਬਜ਼ਾਦਿਆਂ ਤੇ 40 ਸਿੰਘਾਂ ਨਾਲ ਚੌਧਰੀ ਬੁਧੀ ਚੰਦ ਦੀ ਕੱਚੀ ਗੜ੍ਹੀ ‘ਚ ਜਾ ਮੋਰਚੇ ਲਾਏ! ਗੜੀ ਦੀਆਂ ਕੰਧਾਂ ਕੱਚੀਆਂ ਸਨ ਪਰ ਸਿੰਘਾਂ ਦੇ ਇਰਾਦੇ ਮਜ਼ਬੂਤ। ਗਿਣਤੀ ਨਾਂਮਾਤਰ ਸੀ ਪਰ ਸਮਰੱਥਾ ਤੇ ਸੰਕਲਪ ਲੱਖਾਂ ਦਾ ਮੁਕਾਬਲਾ ਕਰਨ ਲਈ ਤਤਪਰ ਸੀ। ਸਿੰਘਾਂ ਦੇ ਚਟਾਨ ਵਰਗੇ ਫੌਲਾਦ ਇਰਾਦਿਆਂ ਦੀ ਤਰਜਮਾਨੀ ਕਰਦਾ ਸੰਤ ਰਾਮ ਉਦਾਸੀ ਲਿਖਦਾ ਹੈ।

‘ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,<br>
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ<br>
ਟੁਭੀ ਮਾਰ ਕੇ ਸਰਸਾ ਦੇ ਰੋੜ ਵਿੱਚੋਂ,<br>
ਲੱਭ ਲਵਾਂਗੇ ਸਾਰੇ ਹੀ ਗੀਤ ਤੇਰੇ।<br>
ਏਸ ਕੱਚੀ ਚਮਕੌਰ ਦੀ ਗੜ੍ਹੀ ਅੱਗੇ,<br>
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ,<br>
ਝੋਰਾ ਕਰੀਂ ਨਾ ਕਿਲੇ ਆਨੰਦਗੜ੍ਹ ਦਾ,<br>
ਕੁੱਲੀ-ਕੁੱਲੀ ਨੂੰ ਕਿਲਾ ਬਣਾ ਦਿਆਂਗੇ।

ਆਖਿਰ ਉਸ ਘੜੀ ਨੇ ਬੂਹਾਂ ‘ਤੇ ਆ ਦਸਤਕ ਦਿੱਤੀ, ਜਿਸ ਦਾ ਤੀਬਰ ਇੰਤਜ਼ਾਰ ਗੁਰੂ ਜੀ ਨੂੰ ਲੰਮੇ ਸਮੇਂ ਤੋਂ ਸੀ। ਸ਼ਹੀਦ ਪਿਤਾ ਦੇ ਪੁੱਤਰ ਨੇ ਆਪਣੇ ਪੁੱਤਰਾਂ ਨੂੰ ਲਾੜੀ ਮੌਤ ਮਰਨ ਲਈ ਤੋਰਨ ਮੌਕੇ ਸਿਰਾਂ ‘ਤੇ ਹੱਥੀਂ ਕਲਗੀਆਂ ਸਜਾਈਆਂ। ਲਹੂ ਵੀਟਵੀਂ ਜੰਗ ਤੋਂ ਬਾਅਦ ਵੀਰਗਤੀ ਪ੍ਰਾਪਤ ਕਰਨ ‘ਤੇ ਖੁਸ਼ੀਆਂ ਦੇ ਜੈਕਾਰੇ ਗਜਾ ਕੇ ਚੜ੍ਹਦੀ ਕਲਾ ਦਾ ਸਬੂਤ ਦਿੱਤਾ। ਚਾਰ ਤੀਰਾਂ ਨਾਲ਼ ਚਾਰ ਚਿੱਠੀਆਂ ਬੰਨ੍ਹ ਚਾਰ ਮੁਗਲ ਜਰਨੈਲਾਂ ਨੂੰ ਮੌਲਿਕ ਹਸਤੀ ਦਾ ਅਹਿਸਾਸ ਕਰਵਾਉਂਦਿਆਂ ਮੁਗਲ ਸਲਤਨਤ ਚਾਰੇ ਪਾਵੇ ਹਿਲਾ ਦਿੱਤੇ। ਲੋਕਾਈ ਦੀ ਚਾਰੇ ਕੂਟਾਂ ਗੁਰੂ ਸਤਿਕਾਰ ‘ਚ ਝੁਕ ਗਈਆਂ। ਸਿੰਘਾਂ ਨੇ ਗੜ੍ਹੀ ਛੱਡਣ ਦੀ ਨਸੀਹਤ ਦਿੱਤੀ, ਗੁਰੂ ਜੀ ਦੀ ਅਸੂਲਪ੍ਰਸਤੀ ਨੇ ਰੱਦ ਕਰ ਦਿੱਤੀ। ਸਿੰਘਾਂ ਨੇ ਗੜ੍ਹੀ ਛੱਡਣ ਦਾ ਹੁਕਮ ਲਗਾਇਆ, ਗੁਰੂ ਜੀ ਦੇ ਸਿਦਕ ਨੇ ਸੀਸ ਨਿਭਾ ਕੇ ਸਵੀਕਾਰ ਕਰ ਲਿਆ। ‘ਸਵਾ ਲਾਖ ਸੇ ਏਕ ਲੜਾਊਂ“ ਦਾ ਕਥਨ ਸੱਚ ਸਾਬਤ ਕਰਨ ਉਪਰੰਤ ਭਾਈ ਸੰਗਤ ਜੀ ਦੇ ਸੀਸ ਕਲਗੀ ਸਜਾ ਕੇ ‘ਆਪੇ ਗੁਰੂ ਆਪੇ ਚੇਲਾ’ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾ ਦਿੱਤਾ।

ਕਾਲੀ ਬੋਲੀ ਰਾਤ ਦੇ ਆਲਮ ਵਿੱਚ ਜੰਗੀ ਅਖਾੜੇ ਨੂੰ ਤਿੰਨ ਵਾਰੀ ਤਾੜੀ ਮਾਰ, ਜਦੋਂ ਚੁਣੌਤੀ ਦੇ ਕੇ ਨਿਕਲੇ ਤਾਂ ਮੌਤ ਦੇ ਤਾਂਡਵ ਨਾਚ ਦੇ ਨਿਸ਼ਾਨ ਗੁਰੂ ਜੀ ਦੀਆਂ ਅੱਖਾਂ ਸਾਹਵੇਂ ਝੂੰਮਰ ਪਾਉਣ ਲੱਗੇ। ਪੁੱਤਰਾਂ ਦੀਆਂ ਲਹੂ-ਲਬਰੇਜ ਤੇ ਸਿੰਘਾਂ ਦੀਆਂ ਬਿਨਾਂ ਸਿਰੋਂ ਲਾਸ਼ਾਂ ਨੂੰ ਅੱਖੀਂ ਤੱਕਿਆ ਪਰ ਉਹ ਇਹੋ ਆਖਦੇ ਮਾਛੀਵਾੜੇ ਵੱਲ ਹੋ ਤੁਰੇ।

ਮੈਂ ਨਹੀਂ ਹੋਰ ਬਹਾਰਾਂ ਨੂੰ ਸੜਨ ਦਿੱਤਾ,<br>
ਭਾਵੇਂ ਆਪਣੇ ਬਾਗ ਵੀਰਾਨ ਹੋ ਗਏ।<br>
ਹੱਥੀਂ ਛਾਂ ਕੀਤੀ ਲੱਖਾਂ ਪੁੱਤਰਾਂ ਨੂੰ,<br>
ਮੇਰੇ ਚਾਰੇ ਦੇ ਚਾਰੇ ਕੁਰਬਾਨ ਹੋ ਗਏ।

ਦੂਜੇ ਪਾਸੇ ਸਹੇੜੀ ਪਹੁੰਚੇ ਮਾਤਾ ਗੁਜਰੀ ਜੀ ਤੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਨੂੰ ਨਮਕ ਹਰਾਮ ਹੋਏ ਗੰਗੂ ਬ੍ਰਾਹਮਣ ਨੇ 21 ਸਾਲ ਦੇ ਵਫ਼ਾਦਾਰੀਆਂ ਦੇ ਜ਼ਿਹਨ ਵਿੱਚ ਡੂੰਘਾ ਖੰਜ਼ਰ ਖੋਭ ਕੇ ਮੁਗਲ ਹਕੂਮਤ ਕੋਲ ਫੜਾ ਦਿੱਤਾ।

ਕੁੱਲ ਹਿੰਦ ਨੂੰ ਸਰ ਕਰਨ ਤੋਂ ਬਾਅਦ ਸਰਹਿੰਦ ਬਣੀ ਧਰਤੀ ‘ਤੇ ਮੁਗਲ ਸਲਤਨਤ ਵੱਲੋਂ ਕੱਟੜਤਾ ਦੇ ਚਿੱਟੇ ਦਿਨ ਕੱਢੇ ਜ਼ਨਾਜੇ ‘ਤੇ ਸਬਰ ਹੱਥੋਂ ਜਬਰ ਦੀ ਹੋਈ ਕਰਾਰੀ ਹਾਰ ਅੱਜ ਜਿੱਥੇ ਬੇਨਜ਼ੀਰ ਤੇ ਦਿਲ ਕੰਬਾਊ ਤਵਾਰੀਖ ਦਾ ਅਟੁੱਟ ਅੰਗ ਬਣ ਚੁੱਕੇ ਹਨ, ਉਥੇ ਬਾਬਾ ਮੋਤੀ ਰਾਮ ਮਹਿਰਾ ਦਾ ਗੁਰੂਕਿਆਂ ਪ੍ਰਤੀ ਬੇਜੋੜ ਸੁਨੇਹ, ਦੀਵਾਨ ਟੋਡਰ ਮੱਲ ਦਾ ਸਿਦਕ ਤਤਕਾਲੀ ਸਿਆਸੀ ਪੱਖਾਂ ਤੋਂ ਉੱਚੇ ਉੱਠ ਕੇ ਨਵਾਬ ਸ਼ੇਰ ਮੁਹੰਮਦ ਮਾਲੇਰਕੋਟਲਾ ਵੱਲੋਂ ਮਾਰਿਆ ਹਾਅ ਦਾ ਨਾਅਰਾ ਤਾਮਾਮ ਕੌਮ ਦੇ ਜ਼ਿਹਨ ਵਿੱਚ ਅੱਜ ਪੀੜ ਉਤੇ ਟਕੋਰ ਬਣੇ ਹੋਏ ਹਨ। ਆਨੰਦਗੜ੍ਹ ਸਾਹਿਬ ਤੋਂ ਫਤਹਿਗੜ੍ਹ ਸਾਹਿਬ ਦੇ ਬਿਖੜੇ ਅਤੇ ਜ਼ੋਖ਼ਮਗ੍ਰਸਤ ਪੰਧ ਦੀਆਂ ਇਹੋ ਖ਼ੂਨੀ ਸੱਤ ਰਾਤਾਂ ਸਨ, ਜੋ ਸਦੀਵੀ ਕਾਲ ਲਈ ਕੌਮੀ ਮਾਰਗ ਲਈ ਰਾਹ-ਦਸੇਰਾ ਹੋ ਨਿੱਬੜੀਆਂ।

# ਸ਼ਹਾਦਤ ਦੇ ਸ.ਫਰ ਦਾ ਪਹਿਲਾ ਪੜਾਅ-ਛੰਨ ਕੁੰਮਾ ਮਾਸ਼ਕੀ

**ਪਰਮਜੀਤ ਕੌਰ ਸਰਹਿੰਦ**

ਸਿੱਖ ਇਤਿਹਾਸ ਸ਼ਹਾਦਤਾਂ ਦਾ ਦੂਜਾ ਨਾਂ ਹੈ। ਜਿਉਂ ਹੀ ਦਸੰਬਰ ਮਹੀਨਾ ਸ਼ੁਰੂ ਹੁੰਦਾ ਹੈ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਲ ਦੇ ਅਤਿ ਔਖੇ ਪਲਾਂ ਦੀ ਯਾਦ ਮਨ ਨੂੰ ਝੰਜੋੜਨ ਲੱਗਦੀ ਹੈ। 20-21 ਦਸੰਬਰ 1704 ਦੀ ਰਾਤ ਨੂੰ ਆਨੰਦਗੜ੍ਹ ਕਿਲ੍ਹਾ (ਆਨੰਦਪੁਰ ਸਾਹਿਬ) ਛੱਡਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮੁਸ਼ਕਲਾਂ ਨਾਲ ਜੂਝਦੇ ਰਹੇ। ਬਿਖੜੇ ਪੈਂਡਿਆਂ ‘ਤੇ ਤੁਰਦਿਆਂ ਵੀ ਉਹ ਸਮੁੱਚੀ ਮਨੁੱਖਤਾ ਲਈ ਰਾਹ ਦਸੇਰਾ ਬਣ ਗਏ। ਇਸੇ ਕਹਿਰ ਭਰੀ ਰਾਤ ਨੂੰ ਮੁ.ਗਲ ਦੁਸ਼ਮਣਾਂ ਵੱਲੋਂ ਵਸਾਹਘਾਤ ਕਰ ਕੇ ਕੀਤੇ ਹਮਲੇ ਅਤੇ ਸਰਸਾ ਨਦੀ ਵਿੱਚ ਆਏ ਹੜ੍ਹ ਕਾਰਨ ਪਰਿਵਾਰ ਸਰਸਾ ਨਦੀ ਤੋਂ ਵਿੱਛੜ ਗਿਆ। ਗੁਰੂ ਜੀ ਨਾਲ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਮਾਤਾ ਗੁਜਰੀ ਨਾਲ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸਮੇਂ ਦੀ ਕਰੋਪੀ ਨੇ ਅੱਡ-ਅੱਡ ਦਿਸ਼ਾਵਾਂ ਵੱਲ ਤੋਰ ਦਿੱਤੇ। ਇੱਥੋਂ ਹੀ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ, ਭਾਈ ਮਨੀ ਸਿੰਘ ਨਾਲ ਆਪਣੇ ਪਰਿਵਾਰ ਤੋਂ ਵਿਛੜ ਗਏ।

ਸਰਸਾ ਤੋਂ ਵਿੱਛੜ ਕੇ ਮਾਤਾ ਜੀ ਨੇ ਮਾਸੂਮ ਬਾਲਾਂ ਨਾਲ ਕੁੰਮੇ ਮਾਸ਼ਕੀ ਦੀ ਝੁੱਗੀ ਵਿੱਚ ਚਰਨ ਪਾਏ ਸਨ। ਲੇਖਕ ਦੇ ਮਨ ਵਿੱਚ ਇਸ ਮੁਕੱਦਸ ਥਾਂ ਦੇ ਦਰਸ਼ਨ ਕਰਨ ਦੀ ਬਹੁਤ ਦੇਰ ਤੋਂ ਇੱਛਾ ਸੀ ਪਰ ਇਸ ਬਾਰੇ ਬਹੁਤਾ ਕੁਝ ਸਾਹਮਣੇ ਨਹੀਂ ਆਇਆ। ਆਪਣੀ ਜਿਗਿਆਸਾ ਪੂਰਤੀ ਲਈ ਲੇਖਕ ਨੇ ਇਸ ਬਾਰੇ ਕੁਝ ਜਾਣਕਾਰੀ ਲੈ ਕੇ ਆਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਉਸ ਇਲਾਕੇ ਦੇ ਲੋਕਾਂ ਨੂੰ ਵੀ ਇਸ ਜਗ੍ਹਾ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ। ਅਖ਼ੀਰ ਪੁੱਛਦੇ-ਪੁਛਾਉਂਦੇ ਉਹ ਆਪਣੀ ਮੰਜ਼ਿਲ ਪਿੰਡ ਚੱਕ ਢੇਰਾ ਪੁੱਜ ਗਏ। ਪਿੰਡ ਤੋਂ ਬਾਹਰੋਂ ਗੁਰਦੁਆਰੇ ਵਿੱਚ ਝੂਲਦੇ ਨਿਸ਼ਾਨ ਸਾਹਿਬ ਦੇ ਦਰਸ਼ਨ ਹੋਏ ਤਾਂ ਮਨ ਸ਼ਰਧਾ ਵਿੱਚ ਡੁੱਬ ਗਿਆ। ਇੱਥੇ ਸਾਹਮਣੇ ਹੀ ਪਿਲਕਣ ਦਾ ਦਰੱਖ਼ਤ ਸੀ। ਇਸ ਦਰੱਖ਼ਤ ਨਾਲ ਇੱਕ ਬੋਰਡ ਲੱਗਾ ਹੋਇਆ ਸੀ, ਜਿਸ ‘ਤੇ ਲਿਖਿਆ ਹੋਇਆ ਸੀ, ‘ਪਿਲਕਣ ਦਾ ਪੁਰਾਣਾ ਇਤਿਹਾਸਕ ਦਰੱਖ਼ਤ।‘ ਇਸ ਦੇ ਥੱਲੇ ਲਿਖਿਆ ਹੋਇਆ ਸੀ, ‘ਇਸ ਪਿਲਕਣ ਨਾਲ ਪੁਰਾਣੇ ਸਮੇਂ ਦੇ ਮਲਾਹ ਬੇੜੀ (ਕਿਸ਼ਤੀ) ਬੰਨ੍ਹਿਆ ਕਰਦੇ ਸਨ। ਗੁਰਦੁਆਰਾ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ ਵਾਲੇ ਅਸਥਾਨ ਤੋਂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੁੰਮੇ ਮਾਸ਼ਕੀ ਨੇ ਆਪਣੀ ਬੇੜੀ ਵਿੱਚ ਬਿਠਾ ਕੇ ਸਤਲੁਜ ਦਰਿਆ ਤੇ ਸਰਸਾ ਨਦੀ ਦੇ ਸਾਂਝੇ ਪੱਤਣ ਤੋਂ ਪਾਰ ਕਰਵਾ ਕੇ ਇਸ ਪਿਲਕਣ ਦੇ ਦਰੱਖ਼ਤ ਥੱਲੇ ਉਤਾਰਿਆ ਸੀ। ਉਹ ਕੁਝ ਦੇਰ ਇਸ ਦਰੱਖ਼ਤ ਥੱਲੇ ਖੜ੍ਹ ਕੇ ਅੱਗੇ ਗੰਗੂ ਪਾਪੀ ਨਾਲ ਚਲੇ ਗਏ ਸੀ।' ਇਸ ਬੋਰਡ ਨੂੰ ਪੜ੍ਹ ਕੇ ਇਹ ਪਤਾ ਨਾ ਲੱਗਾ ਕਿ ਉਹ ਸਥਾਨ ਕਿੱਥੇ ਹੈ, ਜਿੱਥੋਂ ਕੁੰਮਾ ਮਾਸ਼ਕੀ ਉਨ੍ਹਾਂ ਨੂੰ ਲੈ ਕੇ ਆਇਆ ਸੀ।



ਲੇਖਕ ਨੇ ਗੁਰਦੁਆਰੇ ਵਿੱਚ ਮੱਥਾ ਟੇਕਿਆ ਅਤੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀ ਚਰਨ ਛੋਹ ਪ੍ਰਾਪਤ ਇਸ ਮਹਾਨ ਪਰ ਅਣਗੌਲੇ ਸਥਾਨ ਨੂੰ ਨਮਸਕਾਰ ਕਰ ਕੇ ਆਪਣੀ ਕਾਰ ਵੱਲ ਤੁਰ

ਬਾਕੀ ਸ.ਫਾ 28 ’ਤੇ

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਤੇ ਸਨਾਤਨ ਧਰਮ

**ਪ੍ਰੋ. ਹਰਿੰਦਰ ਸਿੰਘ ਮਹਿਬੂਬ**





ਡਾਕਟਰ ਇਕਬਾਲ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਹਿੰਦੋਸਤਾਨ ਨੂੰ "ਬੁੱਤ-ਕਦਹ" ਮੂਰਤੀਆਂ ਦੀ ਬਹੁਲਤਾ ਕਾਰਨ ਨਹੀਂ ਆਖਦੇ, ਸਗੋਂ ਮਨੁੱਖੀ ਚੇਤਨਾ ਉੱਤੇ ਕਾਬਜ਼ ਭਿਅੰਕਰ ਸਿੱਥਲਤਾ, ਤੁੰਦ ਹਉਮੈਂ, ਦ੍ਵੈਤ ਦੀ ਖੁਸ਼ਕ ਤੇ ਰਸਹੀਣ ਖਲਾ ਅਦਵੈਤ ਦੇ ਚੱਕਰ ਉੱਤੇ ਚੜ੍ਹੀ ਤੁਰਸ ਨਿਰਲੇਪਤਾ ਅਤੇ ਗਣਿਤ-ਸੂਤਰਾਂ ਨਾਲ ਲੱਭੀ ਹੋਈ ਰੂਹਾਨੀ ਮੰਜ਼ਲ ਦੀ ਇਕਹਿਰੀ ਹੋਂਦ ਨੂੰ ਉਹ ਬੁਤ ਆਖਦੇ ਹਨ। ਸਾਮੂਹਿਕ ਪੱਧਰ ਉੱਤੇ ਅਜਿਹੀ ਚੇਤਨਾ ਇਕਬਾਲ ਦੀ ਨਜ਼ਰ ਵਿਚ 'ਬੁਤ-ਕਦਹ' ਹੈ। ਗੁਰੂ ਨਾਨਕ ਸਾਹਿਬ ਦਾ 'ਸਚਿ ਖੰਡਿ' ਸੱਚ ਦੇ ਅਮਲ ਵਿਚ ਜ਼ਿੰਦਗੀ ਦੀ ਮਹਾਂ ਕਾਵਿਕ ਸ਼ਾਨ ਹੈ। ਜੇ ਇਹ ਸੱਚ ਨਿਰਲੇਪ ਏਕੋ ਏਕ ਸ਼ਕਤੀ ਜਾਂ ਅਗੰਮ ਹੈ ਤਾਂ ਸਿਰਫ ਏਸੇ ਲਈ ਕਿ ਇਸ ਨੇ ਮਨੁੱਖ ਦੇ ਪੈਗੰਬਰੀ ਈਮਾਨ ਦਾ ਧੁਰਾ ਬਣਨਾ ਹੈ ਅਤੇ ਉਸ ਵਿਚ ਅਟੱਲ ਯਕੀਨ ਦੀ ਬਾਦਸ਼ਾਹਤ ਕਾਇਮ ਕਰਨੀ ਹੈ। ਇਸ ਪੈਗੰਬਰੀ ਈਮਾਨ ਵਿਚ ਰੱਬੀ ਰਹਿਮ, ਰੱਬੀ ਗਜ਼ਬ ਅਤੇ ਰੱਬੀ ਯਕੀਨ ਦੀਆਂ ਤਿੰਨ ਸੁਰਾਂ ਪ੍ਰਧਾਨ ਹਨ। ਗੁਰੂ ਨਾਨਕ ਸਾਹਿਬ ਆਪ ਹੀ ਇਹ ਪੈਗੰਬਰੀ ਈਮਾਨ ਹਨ (ਜਿਸ ਦਾ ਵਿਸਤਾਰ ਅੱਗੇ ਚਲ ਕੇ ਆਵੇਗਾ), ਪਰ ਇਸ ਦੀਆਂ ਬਹੁਤ ਸਾਰੀਆਂ ਟਰਮਾਂ ਗੁਰੂ ਸਾਹਿਬ ਦੇ ਜੀਵਨ-ਅਮਲ ਅਤੇ ਬਾਣੀ ਵਿਚ ਹਨ।

ਵੇਦਾਂਤੀਆਂ ਦਾ 'ਬ੍ਰਹਮ' ਸ਼ਕਤੀ ਦਾ ਆਖਿਰ ਹੈ, ਗੁਰੂ ਨਾਨਕ ਸਾਹਿਬ ਦਾ 'ਸੱਚ' ਮਨੁੱਖ ਦੇ ਪੈਗੰਬਰੀ ਈਮਾਨ ਦਾ ਆਖਿਰ ਹੈ। ਮੂਲ ਮੰਤਰ ਵਿਚ ਦਿੱਤੀ 'ਸਚੁ' ਦੀ ਨੁਹਾਰ ਨੂੰ ਭਾਰਤੀ ਫਲਸਫੇ ਵਿਚੋਂ ਲੱਭਿਆ ਜਾ ਸਕਦਾ ਹੈ, ਪਰ ਮਨੁੱਖ ਦੇ ਸੰਨੇ ਦੇ ਨੇੜੇ ਹੀ ਮਘ ਰਹੇ ਉਸ ਜੇਤੂ ਵਲਵਲੇ ਨੂੰ ਧਰਤੀ ਤੇ ਉਸ ਖਰ੍ਹਵੇ ਪਰ ਉਪਜਾਊ ਜਲਾਲ ਨੂੰ ਅਤੇ ਜ਼ਿੰਦਗੀ ਦੇ ਬਹੁ ਦਿਸ਼ਾਵਾਂ ਵਿਚ ਚਲ ਰਹੇ ਉਹਨਾਂ ਕਾਫ਼ਲਿਆਂ ਦੇ ਹਾਵਾਂ-ਭਾਵਾਂ ਨੂੰ ਭਾਰਤੀ ਫਲਸਫੇ ਵਿਚੋਂ ਨਹੀਂ ਵੇਖਿਆ ਜਾ ਸਕਦਾ, ਜਿਨ੍ਹਾਂ ਵਿਚੋਂ ਇਹ 'ਸਚੁ' ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਸਾਹਿਬ ਦੇ 'ਸਚਿ ਖੰਡਿ' ਵਲ ਤੱਕਣ ਤੋਂ ਪਹਿਲਾਂ ਇਕ ਵਿਸ਼ਾਲ ਸੁਹਜ ਪਸਾਰ ਵਿਚੋਂ ਹੀ ਗੁਜ਼ਰਨਾ ਪੈਂਦਾ ਹੈ, ਇਹ ਸੁਹਜ-ਪਸਾਰ ਜ਼ਿੰਦਗੀ ਦੀ ਸ਼ਰੀਨੀ ਅਤੇ ਕੁੜੱਤਣ, ਲੋਕ ਕਥਾ-ਰਸ, ਪੁਰਾਣ-ਰਸ, ਸਮਕਾਲੀ ਜੀਵਨ ਝਾਕੀਆਂ ਅਤੇ ਪਾਰਦਰਸ਼ੀ ਝਲਕਾਰਿਆਂ ਦੇ ਅਹਿਸਾਸ ਵਿਚੋਂ ਉਪਜਦਾ ਹੈ। 'ਜਪੁਜੀ' ਦੀਆਂ 'ਗਾਵੈ', 'ਸੁਣਿਐ', 'ਮੰਨੈ', 'ਅਸੰਖ ਅਤੇ 'ਸੋਦਰੁ' ਜਹੀਆਂ ਪੌੜੀਆਂ ਦੇ ਰਾਗਮਈ ਸੰਕੇਤ ਇਕ ਮਹਾਨ ਪੌਰਾਣਿਕ ਸੰਘਣਤਾ ਵਿਚ ਜੀਵਨ ਦੀ ਸਾਦਗੀ ਨੂੰ ਬਿਨਾਂ ਉਚੇਚ ਪਰ ਕਿਸੇ ਗੰਭੀਰ ਸਹਿਜ ਨਾਲ ਨਿਹਾਲ ਕਰ ਰਹੇ ਹਨ। ਜ਼ਿੰਦਗੀ ਦਾ ਮਹਾਂ-ਕਾਵਿ ਮਨੁੱਖ ਦੇ ਲਹੂ ਦੇ ਨੇੜ ਤੇੜੇ ਜਦ ਗਿਆਨ, ਕੁਹਜ, ਗੁਨਾਹ, ਜਬਤ, ਖੇੜੇ, ਬਉਰਾਣੀ ਲਟਕ, ਪੁਰਾਣ, ਸੁਹਜ ਅਤੇ ਸਾਮਾਜਿਕ ਦ੍ਰਿਸ਼ਾਂ ਵਿਚੋਂ ਦੀ ਨਿੰਰਕਾਰੀ ਗੂੰਜਾਂ ਪਾਉਂਦਾ ਹੋਇਆ ਪ੍ਰਮਾਣਿਕਤਾ ਹਾਸਲ ਕਰਦਾ ਹੈ, ਫੇਰ ਹੀ 'ਸਚਿ ਖੰਡ' ਬਣਦਾ ਹੈ। ਵੇਦਾਂਤ ਅਤੇ ਯੋਗ ਮੱਤ ਦੇ ਕਠਿਨ ਜੁਹਦ ਅਤੇ ਹਾਕਮਾਨਾ ਜ਼ਬਤ ਜ਼ਿੰਦਗੀ ਦੇ ਉਸ ਸ਼ੌਕ ਦੇ ਬੇਮੁਹਾਰੇ ਹੁਸਨ ਨੂੰ ਤਰਾਸ਼ ਦਿੰਦੇ ਹਨ, ਜਿਸ ਦੀ ਇਲਾਹੀ ਸਲਤਨਤ ਅਤੇ ਫ਼ਕੀਰੀ ਵਿਚ ਕੁਫਰ ਕਰਨ ਦੇ ਹੱਕ ਵੀ ਪ੍ਰਾਪਤ ਹਨ। ਕੁਫ਼ਰ ਦੀ ਸੁੰਦਰਤਾ ਬਿਨਾਂ ਜੀਵਨ ਦੀ ਤਸਵੀਰ ਅਧੂਰੀ ਹੈ। ਗੁਰੂ ਨਾਨਕ ਸਾਹਿਬ ਦੇ 'ਸਚਿ ਖੰਡਿ' ਵਿਚ ਵੇਦਾਂਤ ਦੇ ਜ਼ਬਤ ਅਤੇ ਯੋਗ ਮੱਤ ਦੇ ਜੁਹਦ ਦੀ ਅਪਾਰ ਸ਼ਕਤੀ ਛੁਪੀ ਹੋਈ ਹੈ, ਪਾਕ ਕੁਰਾਨ ਦਾ ਗਜ਼ਬ ਵੀ ਹੈ, ਪਰ ਨਾਲ ਹੀ ਸੂਫੀ ਵਾਲੀ ਲੱਜ਼ਤ ਅਤੇ ਮਾਂ ਦੇ ਦਿਲ ਜਿਹੀ ਮਿਹਰ ਹੈ। ਮਨੁੱਖ ਦਾ ਪੈਗੰਬਰੀ ਈਮਾਨ (ਸਚ ਖੰਡ) ਵੇਦਾਂਤ ਵਾਲੇ ਪਰਵਾਜ਼ ਵਿਚ ਹੈ, ਪਰ ਉਸ ਦੇ ਆਪਣੇ ਸੀਨੇ ਨਾਲ ਧਰਤੀ ਦਾ ਮੂੰਹ-ਜ਼ੋਰ ਸੁਆਦ ਬੰਨ੍ਹਿਆ ਹੋਇਆ ਹੈ। 'ਜਪੁਜੀ', 'ਮਾਰੂ ਸੋਲਹੇ' ਅਤੇ 'ਸਿਧ ਗੋਸਟਿ' ਦੇ ਪ੍ਰਬਲ ਨਾਟ ਦੇ ਕੇਂਦਰੀ ਬਿੰਬ ਦੀ ਜੇ ਸਰਸਰੀ ਜਹੀ, ਨਸਰ ਦੇ ਰੰਗ ਵਾਲੀ ਅਤੇ ਨਿਰਮਾਣ ਥਾਂ ਉੱਤੇ ਖਲੋਤੀ ਤਸਵੀਰ ਹੋਵੇ ਤਾਂ ਗੁਰੂ ਜੀ ਦੇ ਇਹ ਸ਼ਬਦ ਧਿਆਨ-ਯੋਗ ਹਨ :

ਅਮਲੁ ਕੁਰ ਧਰਤੀ ਬੀਜੁ ਸਬਦੋ
ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।।
ਹੋਇ ਕਿਰਸਾਣੁ, ਈਮਾਨੁ ਜੰਮਾਇ ਲੈ
ਭਿਸਤੁ ਦੋਜਕੁ ਮੂੜੇ ਏਵ ਜਾਣੀ।।
ਮਤ ਜਾਣ ਸਹਿ ਗਲੀ ਪਾਇਆ।।
(ਗੁਰੂ ਗ੍ਰੰਥ ਸਾਹਿਬ, ਅੰਗ 24)

ਇਕੱਲੇ ਇਹ ਸ਼ਬਦ ਐਨੇ ਜਾਨਦਾਰ ਨਹੀਂ, ਪਰ ਗੁਰੂ ਸਾਹਿਬ ਦੇ ਮਹਾਨ ਅਮਲ ਅਤੇ ਵੇਗ-ਭਰੇ ਇਲਾਹੀ ਸੁਖ਼ਨ ਨਾਲ ਮਿਲ ਕੇ ਇਹਨਾਂ ਸ਼ਬਦਾਂ ਵਿਚ ਜਾਨ ਹੈ, ਹੁਕਮ ਹੈ, ਮੁਹੱਬਤ ਅਤੇ ਯਕੀਨ ਹੈ।

ਮੱਧਕਾਲੀਨ ਭਗਤੀ ਲਹਿਰ ਜਿਸ ਰੂਹਾਨੀ ਮੰਜ਼ਲ ਦਾ ਪਤਾ ਦੇਂਦੀ ਹੈ, ਉਸ ਵਿਚ ਗੁਰੂ ਨਾਨਕ ਸਾਹਿਬ ਦਾ 'ਪਾਲੀ ਨੂੰ ਪਾਤਸ਼ਾਹੀ ਬਖਸ਼ਣੀ' (ਪੁਰਾਤਨ ਜਨਮ ਸਾਖੀ) ਜਿਹਾ ਸ਼ਹਿਨਸ਼ਾਹੀ ਅੰਦਾਜ਼ ਨਹੀਂ। ਗੁਰੂ ਸਾਹਿਬ ਪਿਤਾ ਰੂਪ ਦੇ ਜੇਤੂ ਜਲਾਲ ਵਿਚ ਆ ਕੇ ਗਰਬ ਗੁਮਾਨੀ ਸ਼ਾਹਾਂ ਦੇ ਧੌਂਸਿਆਂ, ਦੁਨੀਆਂ ਦੀਆਂ ਦੌਲਤਾਂ, ਕਰਮ ਕਾਂਡ ਦੀਆਂ ਸ਼ਕਲਾਂ, ਭਾਰਤ ਦੀਆਂ ਅਨੇਕ ਪੌਰਾਣਿਕ ਸੰਕਲਪਾਂ, ਧਾਰਮਿਕ ਗਿਆਨ ਦੀਆਂ ਪੁਸਤਕਾਂ ਧਰਤੀ ਦੇ ਪੈਗੰਬਰਾਂ, ਰੂਹਾਨੀ ਤਜਰਬਿਆਂ, ਅਕਾਸ਼ਾਂ ਅਤੇ ਬ੍ਰਹਿਮੰਡਾਂ ਨੂੰ ਵੱਡੇ ਸੱਚ ਦੇ ਸਾਹਮਣੇ ਬਲਹੀਣ ਲਹਿਰਾਂ ਬਣਾ ਕੇ ਰੱਖ ਦਿੰਦੇ ਹਨ, ਜਾਂ ਕਿਸੇ ਮਹਾਂ ਨਾਦ ਦੀਆਂ ਮਸਕੀਨ ਸੁਰਾਂ ਬਣਾ ਦਿੰਦੇ ਹਨ।

ਯੋਗ ਮੱਤ ਦੇ ਅਨੇਕ ਰਾਹ, ਵੇਦਾਂਤ ਦੇ ਦਾਰਸ਼ਨਿਕ ਸੂਤਰ ਅਤੇ ਪੌਰਾਣਿਕ ਨਾਇਕ ਕਿਸੇ ਗਜ਼ਬਨਾਕ ਗਰਜ ਦੇ ਭੈਅ ਵਿਚ ਚਲ ਰਹੇ ਹਨ। 'ਆਸਾ ਦੀ ਵਾਰ' ਦੇ 'ਭੈਅ ਵਿਚਿ' ਅਤੇ 'ਵਿਸਮਾਦੁ' ਜਿਹੇ ਸ਼ਲੋਕਾਂ ਅਤੇ 'ਜਪੁਜੀ' ਸਾਹਿਬ ਵਿਚ 'ਹੁਕਮ' ਦਾ ਇਕ ਐਸਾ ਚੱਕਰ ਚਲ ਰਿਹਾ ਹੈ, ਜਿਸ ਵਿਚ ਵਕਤ ਦੇ ਕਿਸੇ ਵੀ ਜਲਾਲ ਨੂੰ ਤੋੜ ਸੁੱਟਣ ਦੀਸ਼ਕਤੀ ਹੈ, ਪਰ ਇਸ ਜਬਰ ਦੇ ਓਹਲੇ ਬਹੁਤ ਵੱਡਾ ਰਹਿਮ ਲੁਕਿਆ ਹੋਇਆ ਹੈ ਅਤੇ ਸ਼੍ਰਿਸ਼ਟੀ ਦੇ ਅਮੁੱਕ ਭੰਡਾਰ ਛੁਪੇ ਹੋਏ ਹਨ :

ਦੇਦਾ ਦੇ ਲੈਦੇ ਥਕਿ ਪਾਹਿ
ਜੁਗਾ ਜੁਗੰਤਰਿ ਖਾਹੀ ਖਾਹਿ।

ਇਸ ਦੇ ਉਲਟ ਭਗਤੀ ਲਹਿਰ ਭਾਰਤੀ ਪੌਰਾਣਿਕ ਸੰਕਲਪਾਂ, ਨਾਇਕਾਂ ਅਤੇ ਪ੍ਰਾਚੀਨ ਦਾਰਸ਼ਨਿਕ ਸੂਤਰਾਂ ਵਿਚ ਹੀ ਦਿਲ ਦੀ ਤਾਜ਼ਗੀ ਪੈਦਾ ਕਰਦੀ ਹੈ। ਗਿਆਰਵੀਂ ਸਦੀ ਦੇ ਜੈ ਦੇਵ (ਕਰਤਾ : ਗੀਤ ਗੋਵਿੰਦ) ਚੈਤਨਯ, ਮੀਰਾਂ ਬਾਈ ਆਦਿ ਵੈਰਾਗ ਰੂਹਾਨੀ ਸੁਹਜ ਅਤੇ ਇਲਾਹੀ ਸਾਂਝ ਦੇ ਰੰਗਾਂ ਨੂੰ ਅਤਿ ਵੀਣਿਕ ਸੁਰਾਂ ਵਿਚ ਅਲਾਪਦੇ ਹਨ, ਪਰ ਉਹ ਪਿਤਾ-ਰੂਪ ਦੀ ਅਸੀਮ ਛਤਰ ਛਾਇਆ ਹੇਠ ਮਨੁੱਖੀ ਚੇਤਨਾ ਨੂੰ ਰੱਬੀ ਰਹਿਮ, ਰੱਬੀ ਗਜ਼ਬ ਅਤੇ ਰੱਬੀ ਯਕੀਨ ਦੀ ਬਖਸ਼ਿਸ਼ ਨਹੀਂ ਕਰ ਸਕੇ। ਉਹਨਾਂ ਕੋਲ ਭਾਰਤੀ ਪੁਰਾਣ, ਇਤਿਹਾਸ ਅਤੇ ਚਿੰਤਨ ਦੀ ਸੀਮਾ ਵਿਚ ਖਲੋਤੇ ਬਹੁਤ ਹੀ ਸੂਖਮ ਬੁੱਤਾਂ ਸਾਹਮਣੇ ਬਉਰਾਨੇ ਹੋਣ ਜੋਗਾ ਨਸ਼ਾ ਤਾਂ ਹੈ, ਪਰ ਇਹਨਾਂ ਸੂਖਮ ਬੁੱਤਾਂ ਨੂੰ ਤੋੜ ਕੇ ਅਤੇ ਫੇਰ "ਹੁਕਮ" ਦਾ ਮੰਡਲ ਸਾਜ ਕੇ 'ਕਰਮ ਖੰਡ ਕੀ ਬਾਣੀ ਜੋਰੁ। ਤਿਥੈ ਹੋਰੁ ਨ ਕੋਈ ਹੋਰੁ' ਜਿਹਾ ਰੂਹਾਨੀ ਪੈਗਾਮ ਦੇਣ ਦੀ ਤਾਕਤ ਉਹਨਾਂ ਵਿਚ ਨਹੀਂ।

ਗੁਰੂ ਸਾਹਿਬ ਜ਼ਿੰਦਗੀ ਵਿਚ ਵੀ ਅਤੇ ਆਪਣੀ ਰੱਬੀ ਬਾਣੀ ਵਿਚ ਵੀ ਸੱਚ ਦੀ ਇਕ ਦਾਰਸ਼ਨਿਕ ਸੁੰਦਰਤਾ ਸਾਜ ਕੇ ਤੂਰ ਦੇ ਜਲਵੇ ਵਾਂਗ ਕਿਸੇ ਸਰੂਰ ਦੀ ਹਨੇਰੀ ਝੁਲਾਉਂਦੇ ਹਨ, ਜਿਸ ਦੇ ਪਿਤਾ-ਬਿੰਬ ਸਾਹਮਣੇ ਹਰ ਕਮਜ਼ੋਰੀ ਸ਼ਰਮਸ਼ਾਰ ਹੋ ਜਾਂਦੀ ਹੈ। ਜਪੁਜੀ ਸਾਹਿਬ ਤੋਂ ਜ਼ਫਰਨਾਮਾ (ਜਾਪੁ ਸਾਹਿਬ ਜਾਂ ਸਵੱਯੇ-ਪਾਤਸ਼ਾਹੀ 10) ਦਾ ਪੰਧ ਸਿਖਰ ਦੁਪਹਿਰ ਵਲ ਵੱਧਦੇ ਸੂਰਜ ਵਾਂਗ ਕਿਸੇ ਅਜਿਹੇ ਕਹਿਰ ਦੀ ਦਾਸਤਾਨ ਹੀ ਹੈ, ਜਿਸ ਵਿਚ ਸੱਚ ਅਤੇ ਸੱਚ ਤੋਂ ਅਗਲੇ 'ਆਚਾਰੁ' ਦੀ ਆਭਾ ਤੋਂ ਮੁਨਕਰ ਹਉਮੈਂ ਦੇ ਨਿਰਾਕਾਰ ਤਿਮਰ ਦੀਆਂ ਤਫਸੀਲਾਂ ਬੰਨ੍ਹ ਕੇ ਸਮਕਾਲੀ ਪਾਤਸ਼ਾਹਾਂ ਦੇ ਸਿਰ ਉੱਤੇ ਕਟਕਦੇ ਰੋਹ ਦਾ ਇਲਹਾਮ ਉਤਰਦਾ ਹੈ।

ਮਹਾਤਮਾ ਗਾਂਧੀ (Young India, 1925, ਵਿਚ) ਪੰਡਤ ਨਹਿਰੂ (Discovery of India ਵਿਚ) ਅਤੇ ਸੁਆਮੀ ਵਿਵੇਕਾਨੰਦ (Collected Works ਵਿਚ) ਗੁਰੂ ਸਾਹਿਬ ਨੂੰ ਜਦ ਹਿੰਦੂ ਧਰਮ ਦੀ ਇਕ ਸ਼ਾਖ ਹੀ ਮਿੱਥਦੇ ਹਨ ਤਾਂ ਉਹ ਇਹ ਨਹੀਂ ਸਮਝਦੇ ਕਿ ;

(ੳ) ਗੁਰੂ ਸਾਹਿਬ ਦੇ ਪੈਗੰਬਰੀ ਦ੍ਰਿਸ਼ ਵਿਚ ਅਸੰਖਾਂ ਸਾਲਾਂ ਦੀ ਉਮਰ ਦੇ ਪੌਰਾਣਿਕ ਸੰਕਲਪ, ਚੱਕਰਵਰਤੀ ਸ਼ਹਿਨਸ਼ਾਹਾਂ ਦੇ ਘੁਮੰਡ, ਗਿਆਨ-ਧਿਆਨ ਦੇ ਉੱਚੇ ਦਾਅਵੇ ਅਤੇ ਯੋਗ ਮਤ ਦੇ ਕਠਿਨ ਪੈਂਡੇ ਅਕਾਲ ਸਾਹਮਣੇ ਤੁੱਛ ਖੇਡਾਂ ਤੋਂ ਬਿਨਾਂ ਕੁਝ ਵੀ ਨਹੀਂ। ਜੇ ਇਹਨਾਂ ਨੂੰ ਸਿਮਰ ਕੇ ਮਨੁੱਖ ਦੇ ਮਨ ਵਿਚ ਕਿਸੇ ਵੀ ਪ੍ਰਕਾਰ ਦੀ ਹਉਮੈਂ, ਅਭਿਮਾਨ ਜਾਂ ਓਪਰੇ ਸੁਆਦ ਉਪਜਦੇ ਹਨ ਤਾਂ ਪੈਗੰਬਰੀ ਹਾਸਾ ਕਿਸੇ ਵੰਗਾਰ, ਹੁਕਮ ਅਤੇ ਸਰਬੋਤਮ ਆਵੇਸ਼ ਵਾਂਗ ਗਰਜਦਾ ਹੈ :

"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।।"
"ਜੇ ਤਿਸੁ ਨਦਿਰ ਨ ਆਵਈ
ਤਾ ਵਾਤ ਨ ਪੁਛੈ ਕੇ।"

(ਅ) ਵੱਡੀ ਤੋਂ ਵੱਡੀ ਦੌਲਤ ਸ਼ੁਹਰਤ ਅਤੇ ਗਿਆਨ ਦੀ ਹਉਮੈਂ ਸੀਮਾ ਵਿਚ ਆਇਆ ਵਿਅਕਤੀ ਜਿੱਥੇ ਗੁਰੂ ਸਾਹਿਬ ਲਈ ਕੀਟ ਹੈ, ਉੱਥੇ ਉਸ ਦਾ ਦੂਜਾ ਸਚ ਖੰਡ ਰੂਪ ਵਿਜੈ ਅਤੇ ਮਿਹਰ ਦਾ ਸਾਕਾਰ ਚਿੱਤਰ ਵੀ ਹੈ। ਭਗਤੀ ਲਹਿਰ ਦੇ ਵੈਰਾਗ ਵਿਚ ਵਿਜੈ ਦੀ ਉਹ ਸੀਮਾ ਨਹੀਂ ਸੀ ਆਈ, ਜਦੋਂ ਕਿ ਮਿਹਰ ਦੀ ਤਾਕਤ ਆਉਂਦੀ ਹੈ। ਭਗਤੀ ਲਹਿਰ ਪੌਰਾਣਿਕ ਨਾਇਕ-ਲੜੀ ਅਤੇ ਪ੍ਰਾਚੀਨ ਚਿੰਤਨ ਸੁਰਾਂ ਵਿਚੋਂ ਹੀ ਕਿਸੇ ਸੱਚ ਦਾ ਨਿਤਾਰਾ ਕਰਦੀ ਹੈ, ਪਰ ਗੁਰੂ ਸਾਹਿਬ ਮਨੁੱਖੀ ਚੇਤਨਾ ਨੂੰ ਨਿਰਭੈ-ਪਦ ਉੱਤੇ ਸੁਸ਼ੋਭਿਤ ਕਰਦੇ ਹਨ। ਉਹ ਆਪਣੇ ਨਿਰਭੈ ਅਲਾਪ ਨੂੰ ਐਸੀ ਵਿਰਾਟ ਲੈ ਵਿਚ ਬੰਨ੍ਹਦੇ ਹਨ ਕਿ ਪਰਾਚੀਨ ਦਾ ਸਨਮਾਨ ਤਾਂ ਕਾਇਮ ਰਹਿੰਦਾ ਹੈ, ਪਰ ਉਸ ਦੀਆਂ ਬਲਵਾਨ ਆਵਾਜ਼ਾਂ ਇਸ ਨਿਰਭੈ ਅਲਾਪ ਹੇਠ ਨਿੱਕੀਆਂ ਨਿੱਕੀਆਂ ਲਹਿਰਾਂ ਬਣ ਕੇ ਖਿੰਡ ਜਾਂਦੀਆਂ ਹਨ।

(ੲ) ਰਿਗਵੇਦ ਵਿਚ ਰਸ-ਸੰਘਣਤਾ ਸੀ, ਪਰ ਦਰਸ਼ਨ ਦੀ ਮਨੁੱਖ ਦੇ ਲਹੂ ਨਾਲ ਜੁੜੀ ਤਸਵੀਰ ਨਹੀਂ ਸੀ; ਉਪਨਿਸ਼ਦਾਂ ਅਤੇ ਵੇਦਾਂਤ ਵਿਚ ਪਾਰਦਰਸ਼ੀ ਦ੍ਰਿਸ਼ ਦੀ ਸਿਰਜਣਾ ਗਣਿਤ-ਵਿਧੀ ਨਾਲ ਹੋਈ ਸੀ। ਇਹ ਗੁਰੂ ਨਾਨਕ ਸਾਹਿਬ ਹੀ ਸਨ, ਜਿਹਨਾਂ ਪਾਰਦਰਸ਼ੀ ਦ੍ਰਿਸ਼ ਦੇ ਅਨੰਤ ਦਰਵਾਜ਼ੇ ਵੀ ਵਿਖਾਏ, ਪਰ ਨਾਲ ਹੀ ਮਨੁੱਖੀ ਚੇਤਨਾ ਨੂੰ ਇਹਨਾਂ ਦਾ ਸੰਗੀ ਬਣਾ ਕੇ ਪੈਗੰਬਰੀ ਈਮਾਨ ਨੂੰ ਪੈਦਾ ਕੀਤਾ। ਇਹੋ ਕਾਰਨ ਹੈ ਡਾਕਟਰ ਇਕਬਾਲ ਬੁੱਧ ਜੀ ਪਿੱਛੋਂ "ਬਾਰਿਸ਼-ਰਹਿਮਤ" ਕਰਨ ਵਾਲੇ ਅਤੇ "ਤੌਹੀਦ" ਦਾ ਪੈਗਾਮ ਦੇਣ ਵਾਲੇ ਸਿਰਫ ਗੁਰੂ ਨਾਨਕ ਸਾਹਿਬ ਨੂੰ ਹੀ ਮੰਨਦੇ ਹਨ।

ਭਾਈ ਗੁਰਦਾਸ ਪਹਿਲੀ ਵਾਰ ਵਿਚ ਜਦ ਗੁਰੂ ਸਾਹਿਬ ਦੀ ਕਲਪਨਾ "ਸੂਰਜ" ਅਤੇ ਸ਼ੇਰ ਦੇ ਬਿੰਬਾਂ ਵਿਚ ਕਰਦੇ ਹਨ ਤਾਂ ਇਸ ਦੇ ਪਿੱਛੇ ਇਕ ਸਦੀ ਦੇ ਪ੍ਰਭਾਵਾਂ ਦੇ ਸਮੂਹ ਦਾ ਜ਼ੋਰ ਸੀ, ਜਿਹਨਾਂ ਦਾ ਕਾਵਿਮਈ ਵਿਸਤਾਰ ਪੁਰਾਤਨ ਜਨਮ ਸਾਖੀ ਅਤੇ ਹੋਰ ਜਨਮ ਸਾਖੀਆਂ ਵਿਚ ਹੋਇਆ। ਗੁਰੂ ਸਾਹਿਬ ਦੀ ਰੂਹਾਨੀ ਚੜ੍ਹਤਲ ਲੋਕਾਂ ਲਈ ਇਕ ਕ੍ਰਿਸ਼ਮਾ ਸੀ, ਜਿਸ ਦੀ ਕਾਵਿ-ਤਾਸੀਰ ਕਿਸੇ ਜਿੱਤ ਦਾ ਅਵਤਾਰ ਧਾਰ ਕੇ ਭਾਈ ਗੁਰਦਾਸ ਦੀ ਵਾਰ ਵਿਚ ਉੱਭਰਦੀ ਹੈ। ਗੁਰੂ ਸਾਹਿਬ ਦੇ ਵਿਜੈ-ਚਿੱਤਰ ਵਿਚ ਐਨੀ ਗਰਮੀ ਅਤੇ ਕਹਿਰ ਹੈ; ਆਪ ਦੀ ਚਾਲ ਵਿਚ ਐਸੀ ਧਮਕ ਹੈ ਅਤੇ ਆਪ ਦੇ ਅੰਦਾਜ਼ ਵਿਚ ਐਸਾ ਮਘਦਾ ਸੱਚ ਹੈ ਕਿ ਸੂਰਜ ਅਤੇ ਸ਼ੇਰ ਪਰੰਪਰਾਗਤ ਨਹੀਂ ਰਹੇ, ਸਗੋਂ ਇਹਨਾਂ ਬਿੰਬਾਂ ਦੁਆਲੇ ਲਿਪਟਿਆਂ ਜ਼ਿੰਦਗੀ ਦਾ ਖਰਵਾ ਪਰ ਉਪਜਾਊ ਕਿਸਾਨੀ ਰੂਪ ਵੇਦ ਪੁਰਾਣਾਂ ਦੀ ਗਿਆਨ-ਅਸਚਰਜਤਾ, ਸ਼ਾਸਤਰਾਂ ਦਾ ਕਠਨ ਨਿਆਏ, ਸਿੱਧਾ-ਜੋਗੀਆਂ ਦੀ ਸ਼ਕਤੀ ਪਕੜ ਅਤੇ ਵੰਗਾਰ ਦਾ ਹੱਠ ਸਮੇਂ ਦੇ ਪਾਤਿਸ਼ਾਹਾਂ ਦੇ ਅਭਿਮਾਨ ਅਤੇ ਤ੍ਰੈ-ਗੁਣੀ ਸੰਸਾਰ ਦੇ ਦੰਭਾਂ ਸਮੇਤ ਚਹੁੰ ਯੁਗਾਂ ਦੇ ਰਥਵਾਨ ਦੀ ਆਮਦ ਨੂੰ ਅਗਿਆਨ-ਹਨੇਰ ਦੇ ਵੱਡ-ਕੋਟ ਖਲੋਤਾ ਉਡੀਕ ਰਿਹਾ ਹੈ।

ਭਾਈ ਗੁਰਦਾਸ ਦੀ ਪ੍ਰਿਥਮ ਵਾਰ ਵਿਚ ਕਾਵਿ-ਅਤਿ ਕਥਨੀ ਦਾ ਮਾਮੂਲੀ ਅਣਸੁਖਾਵਾਂ ਰੰਗ ਵੀ ਨਹੀਂ, ਸਗੋਂ ਇਹ ਵਾਰ ਇਕ ਸਦੀ ਦੇ ਲੋਕ-ਮਨ ਦਾ ਬਿਬੇਕ ਦੀ ਤੀਬਰ ਸਿਖਰ ਤੋਂ ਉਚਾਰਿਆ ਇਕ ਐਸਾ ਆਵੇਸ਼ ਹੈ, ਜਿਸ ਦੀ ਗਰਜ ਨੂੰ ਕਲਾ ਦੇ ਵੱਡੇ ਸੰਕੋਚ ਨੇ ਹੋਰ ਵੀ ਪ੍ਰਚੰਡ ਅਤੇ ਤੀਖਣ ਕਰ ਦਿੱਤਾ ਹੈ।

'ਸਚੁ' ਦੇ ਅਚੰਭਿਤ ਜਲਵਿਆਂ ਨੂੰ ਤੱਕ ਕੇ ਉੱਠੀ ਚੇਤਨਾ ਦੀ ਸਾਮੂਹਿਕ ਪ੍ਰਤੀਧੁਨੀ ਡੇਢ ਸਦੀ ਤੱਕ ਸੰਘਣੀ, ਗੰਭੀਰ ਅਤੇ ਭਰਪੂਰ ਹੁੰਦੀ ਰਹੀ, ਕਿਸੇ ਵੀ ਉਚੇਚ ਨੇ ਇਸ ਨੂੰ ਵਲੂੰਧਰਿਆ ਨਹੀਂ। ਬੇਸ਼ਕ ਜਨਮ ਸਾਖੀਆਂ ਵਿਚ ਹੋਰਨਾਂ ਧਰਮਾਂ ਦੀਆਂ ਉੱਪਰ-ਪਰਾਸਰੀਰਕ ਰੰਗ ਵਾਲੀਆਂ ਕਥਾਵਾਂ ਵੀ ਹਨ, ਪਰ ਇਹ ਕਿਸੇ ਆਦਤ ਤੁਅਸੁਬ ਅਤੇ ਲਾਲਚ ਦੀ ਪ੍ਰੇਰਣਾ ਅਧੀਨ ਸੰਗ੍ਰਹਿਤ ਨਹੀਂ ਕੀਤੀਆਂ ਗਈਆਂ, ਸਗੋਂ ਇਹ ਗੁਰੂ ਨਾਨਕ ਸਾਹਿਬ ਤੋਂ ਉਪਜੇ ਉਜਾਲੇ ਦੇ ਆਕਰਸ਼ਣ ਦਾ ਸਿੱਟਾ ਹਨ। ਗੁਰੂ ਸਾਹਿਬ ਦੇ ਪੈਗੰਬਰੀ ਜਲਵੇ ਨੂੰ ਬੰਨ੍ਹਣ ਦੀ ਹੁੱਬ ਲੈ ਕੇ ਇਹਨਾਂ ਜਨਮ ਸਾਖੀਆਂ ਵਿਚ ਲੋਕ-ਪ੍ਰਤਿਭਾ ਨੇ ਕੋਈ ਟਿਕਵਾਂ, ਸੰਘਣਾ ਅਤੇ ਇਕਾਗਰ ਉਛਾਲਾ ਮਾਰਿਆ ਹੈ, ਜਾਂ ਇਉਂ ਆਖੋ ਅਤੀਤ ਦੇ ਪਰਦੇ ਪਿੱਛੇ ਖਲੋਤੀਆਂ ਹਜ਼ਾਰਾਂ ਅਦ੍ਰਿਸ਼ਟ ਅਤੇ ਗੁਮਨਾਮ ਰੂਹਾਂ ਨੇ ਗੁਰੂ ਸਾਹਿਬ ਨੂੰ ਰੱਬੀ ਗਜ਼ਬ, ਰੱਬੀ ਯਕੀਨ ਅਤੇ ਰੱਬੀ ਰਹਿਮ ਦੀ ਸਾਂਝੀ ਅੱਗ ਨਾਲ ਲਿਸ਼ਕ ਰਿਹਾ ਸਿਜਦਾ ਕਿਸੇ ਵੱਡੇ ਸਹਿਜ ਵਿਚ ਕੀਤਾ।

**ਰੱਬੀ ਗਜ਼ਬ**

ਭਾਈ ਗੁਰਦਾਸ ਨੇ ਕਿਸਾਨ ਦੀ ਭਰਪੂਰ ਸਾਦਗੀ ਦੇ ਦ੍ਰਿਸ਼ ਵਿਚ ਚਹੁੰ ਯੁਗਾਂ ਦੇ ਰਥਵਾਨ ਨੂੰ ਪੇਸ਼ ਕੀਤਾ। "ਸੂਰਜ" ਅਤੇ "ਸਿੰਘ" ਦੇ ਬਿੰਬਾਂ ਦੇ ਉਹਲੇ ਇਕ ਮਹਾਂ ਗਰਜ ਉਠ ਰਹੀ ਹੈ, ਜਿਸ ਦੀ ਅੰਤਰੀਵ ਅਤੇ ਪ੍ਰਤਿਨਿਧ ਸ਼ਕਤੀ ਗੁਰੂ ਸਾਹਿਬ ਦੀਆਂ ਅਜਿਹੀਆਂ ਅਨੇਕ ਤੁਕਾਂ ਦੇ ਅਜਿੱਤ ਤਾਣ ਨਾਲ ਇਕਸੁਰ ਹੈ : "ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।" ਬਾਬਰ ਦੀ ਸਾਖੀ ਗੁਰੂ ਸਾਹਿਬ ਦੀ ਵਿਜੈ ਦੇ ਅਨੇਕ ਪੱਖਾਂ ਦੀ ਕੋਈ ਕੇਂਦਰੀ ਪਛਾਣ ਹੈ, ਜਿਸ ਦੇ ਯਕੀਨ ਚਮਤਕਾਰ ਨੂੰ ਜੇ ਇਕੱਠਾ ਕਰ ਦੇਈਏ ਤਾਂ ਕਿਸੇ ਰੂਹਾਨੀ ਹੁਕਮ ਦੀ ਸਿਰਜਣਾ ਹੁੰਦੀ ਹੈ। ਇਹ ਰੂਹਾਨੀ ਹੁਕਮ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਂਦਰ ਤੋਂ ਬਿਬੇਕ ਦੀ ਕੋਈ ਬਲਵਾਨ ਰੁਮਕ ਚੁਫੇਰੇ ਸੁੱਟ ਰਿਹਾ ਹੈ। ਕਲਯੁਗ, ਕਉਡਾ ਰਾਖਸ਼, ਸੱਜਨ ਠੱਗ, ਨੂਰ ਸ਼ਾਹ ਅਤੇ ਮੱਕਾ ਫੇਰਨ ਦੀਆਂ ਸਾਖੀਆਂ ਕਿਸੇ ਰੱਬੀ ਗਜ਼ਬ ਦੀ ਦਾਸਤਾਨ ਹੀ ਹਨ, ਜਿਹਨਾਂ ਪਿੱਛੇ ਪਹਾੜ ਵਾਂਗ ਅਡੋਲ-ਟਿਕਿਆ, ਬਾਬਰ ਅਤੇ ਵਲੀ ਕੰਧਾਰੀ ਨੂੰ ਵੰਗਾਰਦਾ, ਮੁਕਤੀ ਦੀ ਖੁਮਾਰੀ ਵਿਚ ਅਨੰਦਿਤ, ਸੁਤੰਤਰ, ਨਿਰਲੇਪਤਾ ਦੇ ਜਲੌ ਨਾਲ ਭਰਪੂਰ ਅਤੇ ਜਿੱਤ ਦੇ ਸੁਆਦ ਵਿਚ ਡੁੱਬਿਆ ਕੋਈ ਦੈਵੀ ਰੋਹ ਸਾਗਰ ਵਾਂਗ ਫੈਲਿਆ ਹੋਇਆ ਹੈ। ਗੁਰੂ ਸਾਹਿਬ ਦੇ ਗਜ਼ਬ ਵਿਚ ਧਰਤੀ ਜਿਹਾ ਸਬਰ ਅਤੇ ਸੂਰਜ ਜਿਹਾ ਤਪ ਉਪਜਣ ਪਿੱਛੋਂ ਹੀ ਰਹਿਮ ਉਪਜਦਾ ਹੈ। ਸੋ ਬੁੱਧ ਜੀ ਵਾਂਗ ਨਾਗ ਉਹਨਾਂ ਦੇ ਸਿਰ ਉੱਤੇ ਵੀ ਛਾਵਾਂ ਕਰ ਸਕਦੇ ਹਨ, ਇਹ ਲੋਕ-ਪ੍ਰਤਿਭਾ ਦਾ ਵਹਿਮ ਨਹੀਂ, ਸਾਂਝੇ ਈਮਾਨ ਦੀ ਸ਼ਕਤੀ ਵਿਚੋਂ ਉਪਜੀ ਬਹੁਤ ਹੀ ਸੱਚੀ ਅਤੇ ਸਹੀ ਗਵਾਹੀ ਹੈ।

ਇਹ ਰੱਬੀ ਗਜ਼ਬ ਆਪਣੇ ਟਿਕਾ, ਮਾਸੂਮੀ, ਯਕੀਨ ਦੀ ਚੜ੍ਹਤਲ ਅਤੇ ਬਿਨ-ਮੰਗੀ ਮਿਹਰ ਨਾਲ ਜਦੋਂ ਕਪਟ ਦੀ ਕਿਸੇ ਸਾਮਾਜਿਕ, ਰਾਜਸੀ ਜਾਂ ਧਾਰਮਿਕ ਸ਼ਕਲ ਨੂੰ ਵੇਖਦਾ ਹੈ, ਤਾਂ ਉਸ ਸ਼ਕਲ ਵਿਚ ਚੇਤਨਾ ਦੀ ਹਿਲਜੁੱਲ ਕਰਨ ਕਈ ਪ੍ਰਕਾਰ ਦੀਆਂ ਤਰੇੜਾਂ ਪੈਦਾ ਹੋ ਜਾਂਦੀਆਂ ਹਨ। ਅਗਲੀਆਂ ਸਦੀਆਂ ਵਿਚ ਇਹ ਰੱਬੀ ਗ਼ਜ਼ਬ ਜਦ ਸ਼ਹੀਦੀ ਦੇ ਅਨੇਕ ਵੇਸਾਂ ਵਿਚ ਪ੍ਰਗਟ ਹੋਇਆ ਤਾਂ ਕਪਟ ਦੀਆਂ ਸ਼ਕਤੀਆਂ ਨੂੰ ਜ਼ਮੀਰ ਦਾ ਇਕ ਨਵਾਂ ਸਬਕ ਮਿਲਿਆ। ਬਾਬਰ ਦੇ ਕੁਹਰਾਮ ਨੂੰ ਤੱਕ ਕੇ ਗੁਰੂ ਸਾਹਿਬ ਦੇ ਸੀਨੇ ਵਿਚ ਜਿਹੜਾ ਰੋਸ ਉਪਜਿਆ ਸੀ, ਉਹ ਸਿੱਖਾਂ ਦੀ ਦੂਸਰੀ ਜੰਗ ਦੇ ਸਮੇਂ ਤੱਕ ਕਾਇਮ ਰਿਹਾ।

**ਰੱਬੀ ਯਕੀਨ**

"ਸਿਧ ਗੋਸਟਿ" ਰੱਬੀ ਯਕੀਨ ਦਾ ਸਾਕਾਰ ਚਿੱਤਰ ਹੀ ਹੈ। ਯਕੀਨ ਵਿਚ ਗਜ਼ਬ ਵਾਂਗ ਹੁੰਦਾ ਤਾਂ ਇਕ ਪ੍ਰਬਲ ਟਿਕਾ ਹੀ ਹੈ, ਪਰ ਇਸ ਟਿਕਾ ਦੇ ਸਕੂਨ ਵਿਚੋਂ ਜੋ ਜੋਰ ਉਪਜਦਾ ਹੈ, ਉਹ "ਸਚਿ ਖੰਡ" ਅਤੇ "ਹੁਕਮ" ਦੀਆਂ ਇਲਾਹੀ ਹਰਕਤਾਂ ਨਾਲੋਂ ਵੱਖਰੀ ਕਿਸਮ ਦਾ ਹੁੰਦਾ ਹੈ। ਯਕੀਨ ਦੀ ਗਤੀ ਦਾ ਕਹਿਰ ਮਨੁੱਖੀ ਚੇਤਨਾ ਨੂੰ ਤੂਰ ਵਾਂਗ ਚੰਧਿਆਉਂਦਾ ਨਹੀਂ, ਨਾਂਹ ਹੱਠ ਦੇ ਬੁੱਤ ਨੂੰ ਚਕਨਾ ਚੂਰ ਕਰਦਾ ਹੈ, ਸਗੋਂ ਦਲੀਲ ਦੀ ਬੱਜਰ ਚੁੱਪ ਵਿਚ ਜਿੱਤ ਦੀ ਥਰਥਰਾਹਟ ਦਾ ਕੋਈ ਝੱਖੜ ਝੁਲਾ ਦਿੰਦਾ ਹੈ। "ਸਚਿ ਖੰਡ" ਵਾਂਗ ਇਹ ਥਰਥਰਾਹਟ ਅ-ਚਿਹਨ ਦ੍ਰਿਸ਼ ਵਿਚ ਨਹੀਂ ਉਤਰਦੀ, ਸਗੋਂ ਇਸ ਦੇ ਖੇਤਰ ਦੀ ਸੀਮਾ ਦ੍ਰਿਸ਼ਟਮਾਨ ਕੁਦਰਤ, ਮਨੁੱਖੀ ਸਰੀਰ ਅਤੇ ਉਸ ਦੀ ਸਾਮਾਜਿਕ ਚੇਤਨਾ ਤਕ ਹੀ ਮਹਦੂਦ ਹੁੰਦੀ ਹੈ। "ਜਨਮ ਸਾਖੀਆਂ" ਵਿਚ ਸਿੱਧ ਗੋਸ਼ਟਾਂ ਦੇ ਜਿੰਨੇ ਵੀ ਕਥਾ-ਰੂਪ ਪ੍ਰਚਲਿਤ ਹਨ, ਉਹਨਾਂ ਦਾ ਵਜੂਦ ਨਿਰੋਲ ਇਨਸਾਨੀ ਹੈ, ਅਤੇ ਇਸ ਵਜੂਦ ਦੀ ਵੱਖਰੀ ਹਰ ਪਾਸਿਓਂ ਮਨੁੱਖੀ ਜਿਸਮ ਦੀ ਛੋਹ ਵਿਚ ਡੁੱਬੀ ਹੋਈ ਅਤੇ ਯੋਗ-ਮੱਤ ਦੀ ਤੁੰਦ-ਪਥਰੀਲੀ ਪੁਸ਼ਾਕ ਵਿਚ ਲਿਪਟੀ ਹੋਈ ਪ੍ਰਾਣ-ਸ਼ਕਤੀ ਦੇ ਕਿਸੇ ਸੁਆਸ ਵਿਚ ਅਧਿਆਤਮਕ ਜਗਤ ਦਾ ਰਹੱਸ ਵੀ ਹੈ।

ਸਿੱਧਾਂ ਨਾਲ ਕੀਤੇ ਯੁੱਧ, ਦੌਲਤ ਖਾਨ ਲੋਧੀ ਨਾਲ ਹੋਈ ਵਾਰਤਾ ਅਤੇ ਮਲਕ ਭਾਗੋ ਦੇ ਪੂੜੇ ਵਿਚੋਂ ਲਹੂ ਕੱਢਣ ਦੇ ਸਮਾਚਾਰ ਇਕ ਐਸੇ ਰੱਬੀ ਯਕੀਨ ਦੀ ਤਸਵੀਰ ਹਨ, ਜਿਸ ਨੂੰ ਹੱਠ, ਸੀਨਾ-ਜ਼ੋਰੀ ਅਤੇ ਹੁਕਮ ਦੇਣ ਦੀ ਆਦਤ ਨਹੀਂ; ਸਗੋਂ ਜਿਹੜਾ ਜ਼ਿੰਦਗੀ ਦੀ ਕੁੜੱਤਣ ਅਤੇ ਸ਼ੀਰੀਨੀ, ਧਰਤੀ ਦੇ ਖਰ੍ਹਵੇ ਅਤੇ ਮੁਲਾਇਮ ਅੰਗਾਂ, ਵਿਸ਼ਾਦ ਅਤੇ ਖੇੜੇ, ਅਧਿਆਤਮਕ ਅਤੇ ਮਨੁੱਖੀ ਪ੍ਰਸ਼ਨਾਂ ਨੂੰ ਸੰਜੋਗ-ਵਿਜੋਗ ਤੋਂ ਕਿਸੇ ਉਤਲੀ ਘੜੀ ਵਿਚ ਕਿਸੇ ਸੁਆਦ ਅਤੇ ਵਜਦ ਨਾਲ ਘੁੱਟ ਰਿਹਾ ਹੈ। ਇਹ ਰੱਬੀ ਯਕੀਨ ਵਜਦ, ਵੈਰਾਗ ਅਤੇ ਰੋਸ ਦੀਆਂ ਤਿੰਨ ਸ਼ਕਲਾਂ ਸਮੇਂ ਸਮੇਂ ਸਿਰ ਧਾਰਨ ਕਰਦਾ ਹੈ। ਬਾਬੇ ਦਾ ਬੀਬੀ ਨਾਨਕੀ ਦੀ ਯਾਦ ਕਰਨ ਉੱਤੇ ਵਾਰ-ਵਾਰ ਸੁਲਤਾਨਪੁਰ ਪੁੱਜਣਾ, ਮਰਦਾਨੇ ਦਾ ਓਦਰ ਕੇ ਤਲਵੰਡੀ ਨੂੰ ਵਾਰ-ਵਾਰ ਨੱਸਣਾ ਪਰ ਫਿਰ ਵਾਪਸ ਆ ਜਾਣਾ, ਗੁਰੂ ਸਾਹਿਬ ਦਾ ਬਜ਼ੁਰਗ ਰਾਇ ਬੁਲਾਰ ਨੂੰ ਆਖਰੀ ਦਰਸ਼ਨ ਦੇਣ ਜਾਣਾ ਅਤੇ ਮਰਦਾਨੇ ਦੀ ਆਖ਼ਰੀ ਖਾਹਿਸ਼ ਵੈਰਾਗ ਅਤੇ ਯਕੀਨ ਨਾਲ ਭਰੇ ਹੋਏ ਕੁੱਝ ਐਸੇ ਦੈਵੀ ਨਜ਼ਾਰੇ ਹਨ, ਜਿਹੜੇ ਖਾਲਸਾ ਇਤਿਹਾਸ ਵਿਚ ਵੱਖ-ਵੱਖ ਰੂਪਾਂ ਵਿਚ ਮੁੜ-ਮੁੜ ਦੁਹਰਾਏ ਗਏ ਹਨ। ਬਾਬਰ ਦੇ ਜ਼ੁਲਮ ਸੰਬੰਧੀ ਗੁਰੂ ਨਾਨਕ ਬਾਣੀ ਵਿਚ ਕੀਤਾ ਰੋਸ ਰੱਬੀ ਯਕੀਨ ਦਾ ਉਹ ਪਾਸਾ ਹੈ, ਜਿਹੜਾ ਕਪਟ ਦੇ ਸੀਨੇ ਵਿਚ ਬਲਵਾਨ ਸਰਾਪ ਦੀ ਅਦ੍ਰਿਸ਼ਟ ਚੋਭ ਲਾਉਂਦਾ ਹੈ।

**(ਚਲਦਾ, ਬਾਕੀ ਅਗਲੇ ਅੰਕ 'ਚ)**

# ਤਿੱਥ, ਤਾਰੀਖ ਅਤੇ ਪ੍ਰਵਿਸ਼ਟਾ

**ਸਰਵਜੀਤ ਸਿੰਘ ਸੈਕਰਾਮੈਂਟੋ**

ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਵਿੱਚ, ਕੈਲੰਡਰ ਕਮੇਟੀ ਵੱਲੋਂ ਵੱਖ-ਵੱਖ ਜਥੇਬੰਦੀਆਂ ਅਤੇ ਵਿਦਵਾਨਾਂ ਦੀ ਰਾਏ ਜਾਨਣ ਤੋਂ ਪਿੱਛੋਂ, ਬਣਾਏ ਗਏ ਵਿਧੀ ਵਿਧਾਨ ਦਾ ਵੇਰਵਾ (13 ਨੁਕਤੇ) ਦਰਜ ਹੈ। ਇਨ੍ਹਾਂ ਵਿਚ ਸਾਲ ਦੀ ਲੰਬਾਈ, ਮਹੀਨੇ ਦੇ ਦਿਨ, ਦਿਨ ਦਾ ਆਰੰਭ, ਕੈਲੰਡਰ ਆਰੰਭ ਕਰਨ ਦੀ ਤਾਰੀਖ ਅਤੇ ਸਭ ਤੋਂ ਮਹੱਤਵ ਪੂਰਨ ਨੁਕਤਾ, ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖ਼ਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰਖਿਆ ਜਾਵੇਗਾ, ਦਰਜ ਹੈ।

ਤਿੱਥ:- ਚੰਦ ਧਰਤੀ ਦੇ ਦੁਵਾਲੇ ਚੱਕਰ ਲਾਉਂਦਾ ਹੈ। ਇਹ ਚੱਕਰ, ਜਿਸ ਨੂੰ ਚੰਦ ਦਾ ਮਹੀਨਾ ਮੰਨਿਆ ਜਾਂਦਾ ਹੈ, 29.53 ਸੂਰਜੀ ਦਿਨਾਂ ਵਿਚ ਪੂਰਾ ਹੁੰਦਾ ਹੈ। ਇਸ ਸਮੇਂ ਦੌਰਾਨ ਚੰਦ ਦੀਆਂ 30 ਤਿੱਥਾਂ ਹੁੰਦੀਆਂ ਹਨ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਇੱਕ ਤਿੱਥ 12 ਦੇ ਬਰਾਬਰ ਹੁੰਦੀ ਹੈ। ਚੰਦ ਦੀ ਧਰਤੀ ਤੋਂ ਦੂਰੀ ਵੱਧਦੀ-ਘੱਟਦੀ ਰਹਿੰਦੀ ਹੈ, ਇਸ ਕਾਰਨ ਚੰਦ ਨੂੰ 12 ਦਾ ਸਫਰ ਤਹਿ ਕਰਨ ਦਾ ਸਮਾਂ ਵੀ ਵੱਧਦਾ ਘੱਟਦਾ ਰਹਿੰਦਾ ਹੈ। ਇਹ 20.5 ਤੋਂ 26.5 ਘੰਟੇ (ਲੱਗ ਭੱਗ) ਦੇ ਦਰਮਿਆਨ ਹੁੰਦਾ ਹੈ। ਸੂਰਜ ਚੜਨ ਵੇਲੇ ਦੀ ਤਿੱਥ, ਉਸ ਦਿਨ ਦੀ ਤਿੱਥ ਗਿਣੀ ਜਾਂਦੀ ਹੈ। ਇਹ ਹੀ ਕਾਰਨ ਹੈ ਇਕ ਸੂਰਜੀ ਦਿਨ ਵਿੱਚ ਦੋ ਤਿੱਥਾਂ ਜਾਂ ਦੋ ਸੂਰਜੀ ਦਿਨਾਂ ਵਿਚ ਚੰਦ ਦੀ ਇਕ ਤਿੱਥ, ਅਕਸਰ ਹੀ ਆ ਜਾਂਦੀਆਂ ਹਨ। ਸਿੱਖ ਇਤਿਹਾਸ ਦੇ ਕਈ ਦਿਹਾੜੇ ਇਸ ਅਨੁਸਾਰ ਦਰਜ ਹਨ ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7

ਤਾਰੀਖ:- ਅੰਗਰੇਜੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਤਾਰੀਖ਼ਾਂ ਵਿੱਚ ਕੀਤੀ ਜਾਂਦੀ ਹੈ। ਅੰਗਰੇਜਾਂ ਦੇ ਆਉਣ ਤੋਂ ਪਿਛੋਂ, ਤਿੱਥਾਂ ਨੂੰ ਅੰਗਰੇਜੀ ਤਾਰੀਖ਼ਾਂ ਵਿੱਚ ਲਿਖਣ ਦਾ ਰਿਵਾਜ ਚੱਲ ਪਿਆ ਸੀ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 22 ਦਸੰਬਰ

ਪ੍ਰਵਿਸ਼ਟਾ:- ਸੂਰਜੀ ਬਿਕ੍ਰਮੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਪ੍ਰਵਿਸ਼ਟਿਆਂ ਵਿੱਚ ਕੀਤੀ ਜਾਂਦੀ ਹੈ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹ

ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7, 23 ਪੋਹ 22 ਦਸੰਬਰ, ਇਹ ਤਿੰਨੇ ਤਰ੍ਹਾਂ ਹੀ ਲਿਖਿਆ ਮਿਲਦਾ ਹੈ। ਕੈਲੰਡਰ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ, ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਵੇਲੇ ਅੰਗਰੇਜੀ ਤਾਰੀਖ਼ਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰਖਿਆ ਜਾਵੇਗਾ, 23 ਪੋਹ ਨੂੰ ਮੁੱਖ ਰੱਖਿਆ ਗਿਆ ਹੈ। 22 ਦਸੰਬਰ ਜੂਲੀਅਨ ਕੈਲੰਡਰ ਦੀ ਤਾਰੀਖ ਹੈ। ਇਹ ਕੈਲੰਡਰ ਕਦੇ ਵੀ ਆਪਣੇ ਖ਼ਿੱਤੇ ਵਿੱਚ ਲਾਗੂ ਨਹੀ ਹੋਇਆ। ਅੰਗਰੇਜਾਂ ਨੇ ਸਿੱਖ ਇਤਿਹਾਸ ਨੂੰ ਸਮਝਣ ਲਈ ਸਤੰਬਰ 1752 ਈ: ਤੋਂ ਪਹਿਲੀਆਂ ਤਿੱਥਾਂ ਅਤੇ ਪ੍ਰਵਿਸ਼ਟਿਆਂ ਨੂੰ ਜੂਲੀਅਨ ਅਤੇ ਇਸ ਤੋਂ ਪਿਛੋਂ ਦੀਆਂ ਤਿੱਥਾਂ ਅਤੇ ਪ੍ਰਵਿਸ਼ਟਿਆਂ ਨੂੰ ਗਰੈਗੋਰੀਅਨ ਕੈਲੰਡਰ ਵਿੱਚ ਬਦਲੀ ਕਰ ਜਾਂ ਕਰਵਾ ਲਿਆ। ਤਿੱਥ, ਜਿਵੇ ਕਿ ਉੱਪਰ ਦੱਸਿਆ ਜਾ ਚੁੱਕਾ ਹੈ, ਇਹ ਚੰਦ ਦੇ ਕੈਲੰਡਰ ਦੀ ਹੈ। ਇਸ ਦੀ ਲੰਬਾਈ ਵੱਧਦੀ-ਘੱਟਦੀ ਰਹਿੰਦੀ ਹੈ। ਚੰਦ ਦੇ ਸਾਲ ਦੇ 354 ਦਿਨ ਹੁੰਦੇ ਹਨ, ਜੋ ਸੂਰਜੀ ਸਾਲ ਤੋਂ 11 ਦਿਨ ਘੱਟ ਹਨ। ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਤੀਜੇ ਚੌਥੇ ਸਾਲ ਇਸ ਵਿੱਚ ਇਕ ਹੋਰ ਮਹੀਨਾ, ਜਿਸ ਨੂੰ ਮਲ ਮਾਸ ਕਹਿੰਦੇ ਹਨ, ਜੋੜ ਦਿੱਤਾ ਜਾਂਦਾ ਹੈ। ਉਸ ਸਾਲ ਇਸ ਦੇ 384-85 ਦਿਨ ਹੋ ਜਾਂਦੇ ਹਨ। ਪ੍ਰਵਿਸ਼ਟਾ, ਇਹ ਸੂਰਜੀ ਕੈਲੰਡਰ ਦੀ ਤਾਰੀਖ ਹੈ। ਸੂਰਜੀ ਸਾਲ ਦੇ 365 ਦਿਨ ਹੁੰਦੇ ਹਨ। ਇਸ ਧਰਤੀ ਤੇ ਰੁੱਤਾਂ ਵੀ ਸੂਰਜੀ ਸਾਲ ਮੁਤਾਬਕ ਹੀ ਬਣਦੀਆਂ/ਬਦਲਦੀਆਂ ਹਨ। ਹਰ ਇਤਿਹਾਸਕ ਦਿਹਾੜਾ, ਹਰ ਸਾਲ ਮੁੜ ਉਸੇ ਪ੍ਰਵਿਸ਼ਟੇ ਨੂੰ ਹੀ ਆਉਂਦਾ ਹੈ। ਜਿਵੇਂ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ। ਇਸ ਲਈ ਹੀ ਕੈਲੰਡਰ ਕਮੇਟੀ ਨੇ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਹੈ।

ਇਸ ਤੋਂ ਪਹਿਲਾ ਕਿ ਇਤਿਹਾਸਿਕ ਤਾਰੀਖ਼ਾਂ ਦੀ ਪੜਤਾਲ ਕੀਤੀ ਜਾਵੇ, ਸੂਰਜੀ ਕੈਲੰਡਰ ਦੇ ਸਾਲ ਦੀ ਲੰਬਾਈ ਬਾਰੇ ਵਿਚਾਰ ਕਰਨੀ ਵੀ ਬਹੁਤ ਜਰੂਰੀ ਹੈ। ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ ਪੂਰਾ ਕਰਨ ਨੂੰ ਸਾਲ ਕਹਿੰਦੇ ਹਨ। ਇਸ ਮੁਤਾਬਕ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ। ਇਸ ਧਰਤੀ ਤੇ ਰੁੱਤਾਂ ਇਸੇ ਮੁਤਾਬਕ ਬਣਦੀਆਂ ਹਨ। ਇਸ ਨੂੰ ਰੁੱਤੀ ਸਾਲ (Tropical Year) ਕਹਿੰਦੇ ਹਨ। ਕੈਲੰਡਰ ਦੇ ਸਾਲ ਦੀ ਲੰਬਾਈ ਜੇ ਇਸ ਅਨੁਸਾਰ ਹੋਵੇਗੀ ਤਾਂ ਰੁੱਤਾਂ ਦਾ ਸਬੰਧ ਮਹੀਨਿਆਂ ਨਾਲ ਸਥਿਰ ਰਹੇਗਾ। ਜੇ ਸਾਲ ਦੀ ਲੰਬਾਈ ਰੁੱਤੀ ਸਾਲ ਤੋਂ ਵੱਧ ਹੋਵੇਗੀ ਤਾਂ ਰੁੱਤਾਂ ਦਾ ਸਬੰਧ ਮਹੀਨਿਆਂ ਨਾਲ ਸਥਿਰ ਨਹੀਂ ਰਹੇਗਾ। ਦੁਨੀਆਂ ਵਿੱਚ ਵਰਤੇ ਜਾਣ ਵਾਲੇ ਸਾਂਝੇ ਕੈਲੰਡਰ, ਜਿਸ ਨੂੰ ਗਰੈਗੋਰੀਅਨ ਜਾਂ ਸੀ ਈ: ਕੈਲੰਡਰ ਕਹਿੰਦੇ ਹਨ ਦੀ ਲੰਬਾਈ 365.2425 ਦਿਨ, ਰੁੱਤੀ ਸਾਲ ਦੇ ਬਹੁਤ ਹੀ ਨੇੜੇ ਹੈ। ਗੁਰੂ ਕਾਲ ਵੇਲੇ ਵਰਤੇ ਜਾਂਦੇ ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਦੇ ਸਾਲ ਦੀ ਲੰਬਾਈ 365.2587 ਦਿਨ ਸੀ। ਜੋ ਸਾਲ ਦੀ ਅਸਲ ਲੰਬਾਈ ਤੋਂ 24 ਮਿੰਟ (ਲੱਗ ਭੱਗ) ਵੱਧ ਸੀ। ਇਸ ਕਾਰਨ (1440/24=60) 60 ਸਾਲ ਪਿਛੋਂ 1 ਦਿਨ ਦਾ ਫਰਕ ਪੈ ਜਾਂਦਾ ਸੀ। 1964 ਈ: ਵਿੱਚ ਵਿਦਵਾਨਾਂ ਵੱਲੋਂ ਇਸ ਵਿੱਚ ਸੋਧ ਕੀਤੀ ਗਈ ਸੀ, ਹੁਣ ਇਸ ਦੀ ਲੰਬਾਈ 365.2563 ਦਿਨ ਹੈ (ਦ੍ਰਿਕਗਿਣਤ ਸਿਧਾਂਤ) ਇਹ ਵੀ ਲੱਗ ਭੱਗ 20 ਮਿੰਟ ਵੱਧ ਹੋਣ ਕਾਰਨ ਹੁਣ 72 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਰਿਹਾ ਹੈ। ਰੁੱਤਾਂ ਨੂੰ ਸਥਿਰ ਰੱਖਣ ਲਈ ਸਾਲ ਦੀ ਲੰਬਾਈ ਦਾ ਰੁੱਤੀ ਸਾਲ ਦੇ ਬਰਾਬਰ ਕਰਨਾ ਬਹੁਤ ਜਰੂਰੀ ਹੈ। ਜੂਲੀਅਨ ਕੈਲੰਡਰ, ਜਿਸ ਦੇ ਸਾਲ ਦੀ ਲੰਬਾਈ 365.25 ਦਿਨ ਸੀ, ਅਕਤੂਬਰ 1582 ਈ: ਵਿਚ 10 ਤਾਰੀਖ਼ਾਂ ਦੀ ਸੋਧ ਕਰਕੇ ਰੁੱਤੀ ਸਾਲ ਦੇ ਬਰਾਬਰ ਕਰ ਲਿਆ ਗਿਆ ਸੀ। ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਵਿੱਚ ਮਾਨਤਾ ਦਿੱਤੀ ਸੀ। ਉਸ ਵੇਲੇ 11 ਤਾਰੀਖ਼ਾਂ ਦੀ ਸੋਧ ਲਾਈ ਗਈ ਸੀ।




ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਸੂਰਜ ਦਾ ਰੱਥ (ਵੱਡੇ ਤੋਂ ਵੱਡਾ ਦਿਨ) 16 ਹਾੜ ਨੂੰ ਫਿਰਿਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੇਲੇ 13 ਹਾੜ ਅਤੇ ਅੱਜ ਕੱਲ 7 ਹਾੜ ਨੂੰ ਫਿਰਦਾ ਹੈ। ਜੇ ਸਾਲ ਦੀ ਲੰਬਾਈ ਵਿੱਚ ਸੋਧ ਨਾ ਕੀਤੀ ਗਈ ਤਾਂ 500 ਸਾਲ ਪਿਛੋਂ ਇਹ ਜੇਠ ਵਿੱਚ ਚਲੇ ਜਾਵੇਗਾ। ਇਸੇ ਲਈ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ ਰੁੱਤੀ ਸਾਲ ਦੇ ਬਰਾਬਰ (365.2425 ਦਿਨ) ਰੱਖੀ ਗਈ ਹੈ। ਇਸ ਦੇ ਦੋ ਫਾਇਦੇ ਹਨ। ਇਕ ਤਾਂ ਮਹੀਨਿਆਂ ਅਤੇ ਰੁੱਤਾਂ ਦਾ ਸਬੰਧ ਜਿਸ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੁਣ ਤਾਈ 9 ਦਿਨ ਦਾ ਫਰਕ ਪੈ ਚੁੱਕਾ ਹੈ, ਹੋਰ ਨਹੀ ਵੱਧੇਗਾ। ਦੂਜਾ ਪ੍ਰਵਿਸ਼ਟਾ ਅਤੇ ਸਾਂਝੇ ਸਾਲ ਦੀ ਤਾਰੀਖ, ਸਦਾ ਵਾਸਤੇ ਇਕੋ ਹੀ ਰਹੇਗੀ। ਜਿਸ ਦਿਨ ਨਾਨਕਸ਼ਾਹੀ ਕੈਲੰਡਰ ਦੇ ਸਾਲ ਦਾ ਆਰੰਭ ਭਾਵ ਚੇਤ ਦਾ ਪਹਿਲਾ ਪ੍ਰਵਿਸ਼ਟਾ ਹੋਵੇਗਾ, ਹਰ ਸਾਲ ਉਸ ਦਿਨ 14 ਮਾਰਚ ਹੀ ਹੋਇਆ ਕਰੇਗੀ।

ਆਓ ਹੁਣ ਇਤਿਹਾਸਿਕ ਤਾਰੀਖ਼ਾਂ ਦੀ ਪੜਤਾਲ ਕਰੀਏ;

ਅਨੁਰਾਗ ਸਿੰਘ, ਜੋ ਪਿਛਲੇ ਦੋ ਦਹਾਕਿਆਂ ਤੋਂ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਨਾਨਕਸ਼ਾਹੀ ਕੈਲੰਡਰ ਦੀਆਂ ਸਾਰੀਆਂ ਤਾਰੀਖ਼ਾਂ ਹੀ ਗਲਤ ਹਨ। ਉਹ ਤਾਂ ਇਹ ਵੀ ਲਿਖਦਾ ਹੈ ਕਿ 23 ਮਾਰਚ 2003 ਈ: ਨੂੰ ਮੇਰੇ ਘਰ ਬੈਠ ਕੇ ਜੋ ਸਹੀ ਤਾਰੀਖ਼ਾਂ ਨਿਸ਼ਚਿਤ ਕੀਤੀਆਂ ਗਈਆਂ ਸਨ, ਉਹ ਪਿਛੋਂ ਬਦਲ ਦਿੱਤੀਆਂ ਗਈਆਂ। ਇਹ ਉਹੀ ਤਿਥਾਂ ਸਨ ਜੋ ਕੈਲੰਡਰ ਕਮੇਟੀ ਨੇ ਮੇਰੇ ਘੱਰ ਬੈਠ ਕੇ ੨੩.੩.੨੦੦੩ ਨੂੰ ਪਾਲ ਸਿੰਘ ਪੂਰੇਵਾਲ ਨੂੰ ਦਿੱਤੀਆਂ ਪਰ ਮੈਂ ਰੁਝੇਵਿਆਂ ਕਾਰਨ ੨੮.੩.੨੦੦੩ (ਬੈਂਕ ਦੀ Closing) ਨਹੀਂ ਜਾ ਸਕਿਆ ਅਤੇ ਪਾਲ ਸਿੰਘ ਪੂਰੇਵਾਲ ਨੂੰ ਮੋਕਾਂ ਮਿੱਲ ਗਿਆ ਤਾਰੀਖ਼ਾਂ ਬੱਦਲਨ ਦਾ।(28/11/2019) ਸਵਾਲ ਪੈਦਾ ਹੁੰਦਾ ਹੈ ਕਿ ਉਸ ਦੇ ਘਰ ਬੈਠ ਕੇ ਨਿਰਧਾਰਤ ਕੀਤੀਆਂ ਤਾਰੀਖ਼ਾਂ, ਜੇ ਬਦਲ ਦਿੱਤੀਆਂ ਗਈਆਂ ਸਨ ਤਾਂ ਉਸ ਨੇ ਕੋਠੇ ਚੜ ਕੇ ਰੌਲਾ ਕਿਉ ਨਹੀਂ ਪਾਇਆ ?

ਪਿਛਲੇ ਢਾਈ ਸਾਲ ਤੋਂ ਤਾਂ ਮੈਂ ਲਿਖਤੀ ਬੇਨਤੀਆਂ ਕਰ ਰਿਹਾ ਹਾਂ ਕੇ, ਉਹ ਸੂਚੀ, ਜੋ ਤੁਹਾਡੇ ਘਰ ਬੈਠ ਕੇ ਬਣਾਈ ਗਈ ਸੀ ਅਤੇ ਤੁਹਾਡੇ ਲਿਖਣ ਮੁਤਾਬਕ ਪਿਛੋਂ ਬਦਲ ਦਿੱਤੀ ਗਈ ਸੀ, ਨੂੰ ਜੰਤਕ ਕਰੋ ਤਾਂ ਜੋ ਸਾਰੀਆਂ ਇਤਿਹਾਸਿਕ ਤਰੀਖਾਂ ਤੇ ਵਿਚਾਰ ਕਰਕੇ ਕਿਸੇ ਨਤੀਜੇ ਤੇ ਪੁੱਜਿਆ ਜਾ ਸਕੇ। ਪਰ ਉਸ ਨੇ ਕੋਈ ਹੁੰਗਾਰਾ ਨਹੀਂ ਭਰਿਆ। ਮੈਂ ਆਪਣੇ ਪਿਛਲੇ ਪੱਤਰ ਵਿੱਚ ਵੀ ਲਿਖਿਆ ਸੀ ਕਿ ਜੇ ਅਨੁਰਾਗ ਸਿੰਘ ਨੇ ਸਾਰੀਆਂ ਤਾਰੀਖ਼ਾਂ ਦੀ ਸੂਚੀ ਨਾ ਭੇਜੀ ਤਾਂ ਉਸ ਵੱਲੋਂ ਜੋਤੀ ਜੋਤ ਸਮਾਉਣ ਦੀਆਂ ਤਾਰੀਖ਼ਾਂ ਦੀ ਭੇਜੀ ਸੂਚੀ ਤੇ ਹੀ ਵਿਚਾਰ ਕਰਕੇ ਉਸ ਦੇ ਝੂਠ ਨੂੰ ਨੰਗਾ ਕਰ ਦਿੱਤਾ ਜਾਵੇਗਾ।

ਅਨੁਰਾਗ ਸਿੰਘ ਵੱਲੋਂ ਗਈ ਬਣਾਈ ਗਈ ਸੂਚੀ ਵਿਚ ਸਾਰੇ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਤਾਰੀਖ਼ਾਂ, ਵਦੀ-ਸੁਦੀ ਵਿੱਚ ਦਰਜ ਹਨ। ਆਓ ਹੁਣ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਸਮਾਉਣ ਦੀ ਤਾਰੀਖ ਤੇ ਵਿਚਾਰ ਕਰਦੇ ਹਾਂ।

ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਸੰਮਤ 1596 ਬਿਕ੍ਰਮੀ ਹੈ। ਇਸ ਤੇ ਕੋਈ ਮੱਤ ਭੇਦ



Actual Dates Of Death(Joti-Jot) Of Guru Sahibans And Fictional Dates Of Purewal with Difference Of 13-18 Days.

ਨਹੀਂ ਹੈ। ਅੰਗਰੇਜਾਂ ਦੇ ਆਉਣ ਤੋਂ ਪਿਛੋਂ ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ 7 ਸਤੰਬਰ 1539 ਈ: (ਜੂਲੀਅਨ) ਲਿਖੀ ਗਈ। ਜੇ ਕਿਸੇ ਇਤਿਹਾਸਕਾਰ ਨੇ ਇਸ ਤਾਰੀਖ ਨੂੰ ਹਿਜਰੀ ਕੈਲੰਡਰ ਵਿੱਚ ਲਿਖਿਆ ਹੋਵੇ ਤਾਂ ਉਸ ਨੇ 23 ਰਬੀ ਉਲ ਸਾਨੀ ਲਿਖੀ ਹੋਵੇਗੀ। ਇਹ ਸਾਰੀਆਂ ਤਾਰੀਖ਼ਾ ਇਕ ਦਿਨ ਦੀਆਂ ਹੀ ਹਨ ਭਾਵ ਇਸ ਦਿਨ ਐਤਵਾਰ ਸੀ। ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਦੀਆਂ ਸਮੱਸਿਆਵਾਂ ਬਾਰੇ ਪਾਠਕ ਪੜ੍ਹ ਚੁੱਕੇ ਹਨ। ਜੂਲੀਅਨ ਕੈਲੰਡਰ (7 ਸਤੰਬਰ) ਸਾਡੇ ਖ਼ਿੱਤੇ ਵਿਚ ਕਦੇ ਲਾਗੂ ਹੀ ਨਹੀਂ ਹੋਇਆ। ਇਸ ਲਈ ਕੈਲੰਡਰ ਕਮੇਟੀ ਵੱਲੋਂ ਕੀਤੇ ਫੈਸਲੇ ਮੁਤਾਬਕ ਇਸ ਦਿਨ ਦੇ ਪ੍ਰਵਿਸ਼ਟੇ ਨੂੰ ਮੁੱਖ ਰੱਖਿਆ ਗਿਆ ਹੈ ਜੋ 8 ਅੱਸੂ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ 8 ਅੱਸੂ ਦਰਜ ਹੈ। ਇਸੇ ਤਰ੍ਹਾਂ ਹੀ ਸੂਚੀ ਵਿਚ ਦਰਜ ਬਾਕੀ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਜਾਂ ਸ਼ਹੀਦੀ ਦਿਹਾੜੇ ਦੇ ਪ੍ਰਵਿਸ਼ਟੇ, ਸਾਰੇ ਸਹੀ ਹਨ। ਅਨੁਰਾਗ ਸਿੰਘ ਨੂੰ ਮੇਰਾ ਸੱਦਾ ਹੈ ਕਿ ਜੇ ਤੇਰੇ ਵਿੱਚ ਸਮਰੱਥਾ ਹੈ ਤਾਂ ਇਨ੍ਹਾਂ ਵਿੱਚੋਂ ਕਿਸੇ ਪ੍ਰਵਿਸ਼ਟੇ ਨੂੰ ਗਲਤ ਸਾਬਿਤ ਕਰਕੇ ਵਿਖਾ। ਇਹ ਬਹੁਤ ਹੀ ਸਧਾਰਨ ਨੁਕਤਾ, ਉਸ ਹਰ ਵਿਅਕਤੀ ਨੂੰ ਸਮਝ ਆਇਆ ਹੈ ਜਿਸ ਨੇ ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਨੂੰ ਧਿਆਨ ਨਾਲ ਪੜਿਆ ਹੈ। ਪਰ ਅਨੁਰਾਗ ਸਿੰਘ ਨੂੰ ਇਹ ਗੱਲ ਪਿਛਲੇ ਦੋ ਦਹਾਕਿਆਂ ਵਿਚ ਵੀ ਸਮਝ ਨਹੀ ਆਈ। ਆਪਣੇ ਆਪ ਨੂੰ ਕਦੇ ਡਾ, ਕਦੇ ਪ੍ਰੋ: ਲਿਖਣ ਵਾਲਾ, ਪੰਜਾਬ ਐਂਡ ਸਿੰਧ ਬੈਂਕ ਦਾ ਸਾਬਕਾ ਮੁਲਾਜ਼ਮ ਅਨਪੜ੍ਹ ਤਾਂ ਹੋ ਨਹੀ ਸਕਦਾ। ਹੁਣ ਇਸ ਨੂੰ ਕੀ ਕਿਹਾ ਜਾਵੇ ?

**ਆਓ ਹੁਣ ਅਗਲੇ ਨੁਕਤੇ ਤੇ ਵਿਚਾਰ ਕਰੀਏ;**

ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਦਾ ਦੂਜਾ ਇਤਰਾਜ਼ ਇਹ ਹੈ ਕੇ ਨਾਨਕਸ਼ਾਹੀ ਕੈਲੰਡਰ ਦੀ ਦਰਜ ਅੰਗਰੇਜੀ ਤਾਰੀਖਾਂ ਵਿੱਚ 4-7 ਦਿਨਾਂ ਦੀ ਗਲਤੀ ਹੈ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ 5 ਜਨਵਰੀ ਨਹੀਂ 1 ਜਨਵਰੀ ਬਣਦੀ ਹੈ। ਕਰਨਲ ਸੁਰਜੀਤ ਸਿੰਘ ਨਿਸ਼ਾਨ ਤੋਂ ਸੁਣ ਕੇ ਅਨੁਰਾਗ ਸਿੰਘ ਸਮੇਤ ਹੋਰ ਵੀ ਕਈਆਂ ਨੇ ਇਹ ਦਲੀਲ ਪੇਸ਼ ਕੀਤੀ ਹੈ। ਕੈਲੰਡਰ ਵਿਰੋਧੀਆਂ ਨਾਲ ਤਾਂ ਇਸ ਬਾਰੇ ਕਈ ਵਾਰ ਵਿਚਾਰ ਹੋ ਚੁੱਕੀ ਹੈ ਪਰ ਇਹ ਮੰਨਣ/ਸਮਝਣ ਨੂੰ ਤਿਆਰ ਨਹੀਂ ਹਨ। ਅੱਜ ਪਾਠਕਾਂ ਨਾਲ ਇਹ ਵਿਚਾਰ ਸਾਂਝੀ ਕਰਦੇ ਹਾਂ।

ਕੈਲੰਡਰ ਵਿਰੋਧੀ ਧੜੇ ਦਾ ਮੰਨਣਾ ਹੈ ਕਿ ਜੇ ਅਸੀਂ 22 ਦਸੰਬਰ ਜੂਲੀਅਨ ਨੂੰ ਗਰੈਗੋਰੀਅਨ ਕੈਲੰਡਰ ਵਿਚ ਬਦਲੀ ਕਰੀਏ ਤਾਂ ਇਹ 1 ਜਨਵਰੀ ਬਣਦੀ ਹੈ। ਇਸੇ ਤਰ੍ਹਾਂ ਹੀ ਇਹ ਬਾਕੀ ਤਾਰੀਖਾਂ ਨੂੰ ਜੂਲੀਅਨ ਤੋਂ ਗਰੈਗੋਰੀਅਨ ਵਿਚ ਬਦਲੀ ਕਰਕੇ ਨਾਨਕਸ਼ਾਹੀ ਕੈਲੰਡਰ ਦੀਆਂ ਕਈ ਤਾਰੀਖਾਂ ਨੂੰ 4-7 ਦਿਨਾਂ ਦੇ ਫਰਕ ਨਾਲ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕਰਕੇ, ਸੰਗਤਾਂ ਨੂੰ ਗੁੰਮਰਾਹ ਕਰਨ ਦਾ ਅਸਫਲ ਯਤਨ ਕਰ ਰਹੇ ਹਨ। ਪਰ ਮੇਰੇ ਇਕ ਸਵਾਲ, ਜੋ ਮੈਂ ਕਈ ਵਾਰ ਪੁੱਛ ਚੁੱਕਾ ਹਾਂ, ਦਾ ਜਵਾਬ ਦੇਣ ਦੀ ਹਿੰਮਤ ਕਿਸੇ ਨੇ ਨਹੀਂ ਕੀਤੀ ਕਿ, ਜਿਸ ਫਾਰਮੂਲੇ ਨਾਲ ਤੁਸੀਂ 1 ਜਨਵਰੀ ਦੀ ਤਾਰੀਖ ਕੱਢਦੇ ਹੋ ਉਸੇ ਫਾਰਮੂਲੇ ਨਾਲ ਵੈਸਾਖੀ ਦੀ ਤਾਰੀਖ ਵੀ ਦੱਸੋ ਕਿ ਕਿੰਨੀ ਬਣਦੀ ਹੈ ? ਪਾਠਕਾਂ ਦੀ ਜਾਣਕਾਰੀ ਲਈ ਬੇਨਤੀ ਹੈ ਕਿ ਜੇ 29 ਮਾਰਚ 1699 ਜੂਲੀਅਨ ਨੂੰ , ਗਰੈਗੋਰੀਅਨ ਵਿੱਚ ਬਦਲੀ ਕਰੀਏ ਤਾਂ 8 ਅਪ੍ਰੈਲ ਬਣਦੀ ਹੈ। ਨਾਨਕਸ਼ਾਹੀ ਕੈਲੰਡਰ ਵਿੱਚ 1 ਵੈਸਾਖ-14 ਅਪ੍ਰੈਲ ਦਰਜ ਹੈ। ਫੇਰ ਤਾਂ ਇਹ ਤਾਰੀਖ ਵੀ 6 ਦਿਨਾਂ ਦੇ ਫਰਕ ਨਾਲ ਗਲਤ ਹੋਈ। ਪਰ ਇਨ੍ਹਾਂ ਨੇ ਇਸ ਸਵਾਲ ਦਾ ਜਵਾਬ ਦੇਣ ਦਾ ਹੌਸਲਾ ਨਹੀਂ ਕੀਤਾ। ਆਓ ਇਸ ਤਕਨੀਕੀ ਘੁੰਡੀ ਨੂੰ ਸਮਝੀਏ।

ਕੈਲੰਡਰ ਕਮੇਟੀ ਵੱਲੋਂ ਬਣਾਏ ਗਏ ਮਾਪਦੰਡ ਮੁਤਾਬਕ, ਕੈਲੰਡਰ ਦਾ ਅਧਾਰ 1 ਵੈਸਾਖ (14 ਅਪ੍ਰੈਲ) ਹੈ। ਪਹਿਲੇ 5 ਮਹੀਨਿਆਂ ਦੇ ਦਿਨ 31-31 ਹਨ ਅਤੇ ਪਿਛਲੇ 7 ਮਹੀਨਿਆਂ ਦੇ 30-30 ਦਿਨ ਹਨ। ਗੁਰਬਾਣੀ ਵਿੱਚ ਦਰਜ ਬਾਰਾ-ਮਾਂਹ ਮੁਤਾਬਕ ਚੇਤ ਪਹਿਲਾ ਮਹੀਨਾ ਹੈ ਅਤੇ ਫੱਗਣ ਆਖਰੀ। ਚੇਤ ਮਹੀਨੇ ਦੇ 31 ਦਿਨ ਪੂਰੇ ਕਰਨ ਲਈ ਇਸ ਦਾ ਆਰੰਭ 14 ਮਾਰਚ ਨੂੰ ਕੀਤਾ ਗਿਆ ਹੈ। ਚੇਤ ਦੇ 31 ਦਿਨ 13 ਅਪ੍ਰੈਲ ਨੂੰ ਪੂਰੇ ਹੋ ਜਾਂਦੇ ਹਨ ਅਤੇ 1 ਵੈਸਾਖ 14 ਅਪ੍ਰੈਲ ਤੋਂ ਆਰੰਭ ਹੁੰਦਾ ਹੈ, ਇਸ ਦੇ 31 ਦਿਨ 14 ਮਈ ਨੂੰ ਪੂਰੇ ਹੁੰਦੇ ਹਨ। 1 ਜੇਠ 15 ਮਈ, 1 ਹਾੜ 15 ਜੂਨ, 1 ਸਾਵਣ 16 ਜੁਲਾਈ, 1 ਭਾਦੋਂ 16 ਅਗਸਤ, 1 ਅੱਸੂ 15 ਸਤੰਬਰ, 1 ਕੱਤਕ 15 ਅਕਤੂਬਰ, 1 ਮੱਘਰ 14 ਨਵੰਬਰ, 1 ਪੋਹ 14 ਦਸੰਬਰ, 1 ਮਾਘ 13 ਜਨਵਰੀ ਅਤੇ 1 ਫੱਗਣ 12 ਫਰਵਰੀ ਨੂੰ ਆਰੰਭ ਹੁੰਦਾ ਹੈ। ਫੱਗਣ ਦੇ 30 ਦਿਨ 13 ਮਾਰਚ ਨੂੰ ਪੂਰੇ ਜੋ ਜਾਂਦੇ ਹਨ ਅਤੇ ਨਵਾਂ ਸਾਲ ਭਾਵ 1 ਚੇਤ, ਮੁੜ 14 ਮਾਰਚ ਨੂੰ ਆਰੰਭ ਹੋ ਜਾਂਦਾ ਹੈ। ਜਦੋਂ ਸਾਨੂੰ ਪਤਾ ਹੈ ਕਿ ਹਰ ਸਾਲ ਪੋਹ ਦੇ ਮਹੀਨੇ ਦਾ ਆਰੰਭ ਭਾਵ 1 ਪੋਹ 14 ਦਸੰਬਰ ਨੂੰ ਹੋਵੇਗਾ ਤਾਂ 23 ਪੋਹ ਨੂੰ ਹਰ ਸਾਲ 5 ਜਨਵਰੀ ਹੀ ਆਵੇਗੀ। ਮੈਂ ਪਹਿਲਾਂ ਵੀ ਇਹ ਵਿਸਥਾਰ ਨਾਲ ਲਿਖ ਚੁੱਕਾ ਹਾਂ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਪ੍ਰਵਿਸ਼ਟਿਆਂ ਦੀਆਂ ਅੰਗਰੇਜੀ ਤਾਰੀਖਾਂ, ਜੂਲੀਅਨ ਅਤੇ ਗਰੈਗੋਰੀਅਨ ਦੇ ਆਪਸੀ ਅੰਤਰ ਮੁਤਾਬਕ 10-11 ਦਿਨਾਂ ਨੂੰ ਦੀ ਜੋੜ ਕੇ ਨਹੀਂ ਕੱਢੀਆਂ ਗਈਆਂ। ਮੈਂ ਇਹ ਸਾਰੀ ਜਾਣਕਾਰੀ ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਦੇ ਹਵਾਲੇ ਨਾਲ ਸਾਂਝੀ ਕਰ ਰਿਹਾ ਹਾਂ। ਕੀ 1 ਜਨਵਰੀ ਦੱਸ ਕੇ ਸੰਗਤਾਂ ਨੂੰ ਗੁੰਮਰਾਹ ਕਰਨ ਵਾਲਿਆਂ ਨੇ, ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਨਹੀਂ ਪੜ੍ਹੀ ? ਨਹੀਂ ! ਇਹ ਅਨਪੜ੍ਹ ਨਹੀਂ ਹਨ। ਇਹ ਪੜ੍ਹੇ ਲਿਖੇ ਹਨ। ਇਹ ਸਭ ਕੁਝ ਜਾਣਦੇ-ਬੁਝਦੇ ਹੋਏ ਹੀ ਕਰ ਰਹੇ ਹਨ। ਇਹ ਸਧਾਰਨ ਵਿਅਕਤੀ ਨਹੀਂ ਹਨ। ਇਹ ਬੇਈਮਾਨ ਅਤੇ ਮਕਾਰ ਹਨ।

ਅਨੁਰਾਗ ਸਿੰਘ ਦੀ ਮਕਾਰੀ ਦੀ ਸਪੱਸ਼ਟ ਉਦਾਹਰਣ;

ਜੂਲੀਅਨ ਕੈਲੰਡਰ ਨੂੰ ਅਕਤੂਬਰ 1582 ਈ: ਵਿੱਚ ਸੋਧ ਕੇ ਗਰੈਗੋਰੀਅਨ ਬਣਾ ਦਿੱਤਾ ਗਿਆ ਸੀ। ਕੈਲੰਡਰ ਨੂੰ ਧਿਆਨ ਨਾਲ ਵੇਖੋ, ਹਫ਼ਤੇ ਦੇ 7 ਦਿਨਾਂ ਦੀ ਤਰਤੀਬ ਵਿੱਚ ਤਾਂ ਕੋਈ ਫਰਕ ਨਹੀਂ ਪਿਆ। ਵੀਰਵਾਰ ਤੋਂ ਪਿਛੋਂ ਸ਼ੁੱਕਰਵਾਰ ਹੀ ਹੈ। ਇਸੇ ਤਰ੍ਹਾਂ ਹੀ ਜਦੋਂ ਇੰਗਲੈਂਡ ਨੇ ਸਤੰਬਰ 1752 ਈ: ਵਿੱਚ ਆਪਣਾ ਕੈਲੰਡਰ ਬਦਲੀ ਕੀਤਾ ਤਾਂ ਵੀ ਬੁੱਧਵਾਰ ਤੋਂ ਪਿਛੋਂ ਵੀਰਵਾਰ ਹੀ ਹੈ।

ਅਨੁਰਾਗ ਸਿੰਘ ਲਿਖਦਾ ਹੈ, '(੨) ਆਪਣੀ ਜੰਤਰੀ JANTRI 500 YEARS ਵਿੱਚ ਗਰੈਗੋਰੀਅਨ ਕੈਲੰਡਰ ਦੀ ਸ਼ੋਧ ੧੭੫੨ ਵਿੱਚ ਲਗਾਈ ,ਕਾਪੀ ਨੱਥੀ ਹੈ। ਦੇਖ ਲਵੋਂ ਕਿ ੨ ਸਤੰਬਰ,੧੭੫੨ ਬੁੱਧਵਾਰ ਹੈ। ਇਸ ਵਿੱਚ ੧੩ ਦਿਨ ਦੀ ਸੋਧ ਲਗਾ ਕੇ ੧੪ ਸਤੰਬਰ, ੧੭੫੨ ਈ: ਵੀਰਵਾਰ ਦਿਖਾਇਆ ਹੈ। ਹੁਣ ਧਿਆਨ ਨਾਲ ਗਿਣੋ ਅਤੇ ਦੱਸੋ ਕਿ ੧੪ ਸਤੰਬਰ, ੧੭੫੨ ਸੋਮਵਾਰ ਹੋਣਾ ਚਾਹੀਦਾ ਸੀ ਕਿ ਵੀਰਵਾਰ (੩ ਦਿਨ) ਦਾ ਫਰਕ ਕਿਵੇਂ ਰਿਹਾ ? (ਪਾਲ ਸਿੰਘ ਪੁਰੇਵਾਲ, ਸਤਪਾਲ ਸਿੰਘ ਪੂਰੇਵਾਲ ਅਤੇ ਉਨ੍ਹਾਂ ਦੇ ਮਿਸ਼ਨਰੀ ਜੁੰਡਲ਼ੀ ਨੂੰ ਸਵਾਲਾਂ ਦੀ ਕਿਸ਼ਤ.੪, ੨੭.੧੧.੨੦੧੯)





ਉਪਰਲੀ ਫ਼ੋਟੋ ਨੂੰ ਧਿਆਨ ਨਾਲ ਵੇਖੋ। 2 ਸਤੰਬਰ ਬੁੱਧਵਾਰ ਨੂੰ ਭਾਦੋਂ ਸੁਦੀ 6, 2 ਅੱਸੂ, 4 ਜ਼ੁਲਕਿਦਾਹ ਹੈ। ਅਤੇ ਵੀਰਵਾਰ ਨੂੰ ਭਾਦੋਂ ਸੁਦੀ 7, 2 ਅੱਸੂ, 5 ਜ਼ੁਲਕਿਦਾਹ ਹੈ। ਬੁੱਧਵਾਰ ਨੂੰ 2 ਸਤੰਬਰ 1752 ਈ: ਜੂਲੀਅਨ ਹੈ। ਕਿਉਂਕਿ ਸਾਲ ਦੀ ਲੰਬਾਈ ਵੱਧ (11.25 ਮਿੰਟ) ਹੋਣ ਕਾਰਨ ਗੋਰਿਆਂ ਦੇ ਦਿਨ-ਤਿਉਹਾਰਾਂ ਦਾ ਸਬੰਧ ਮੌਸਮ ਨਾਲੋਂ ਟੁੱਟ ਚੁੱਕਾ ਸੀ। ਇਸ ਲਈ ਉਨ੍ਹਾਂ ਨੇ ਵੀਰਵਾਰ ਨੂੰ 3 ਸਤੰਬਰ ਕਰਨ ਦੀ ਥਾਂ 14 ਸਤੰਬਰ ਕਰ ਲਈ, ਅਤੇ ਅੱਗੋਂ ਤੋਂ ਰੁੱਤਾਂ ਨੂੰ ਮਹੀਨਿਆਂ ਵਿੱਚ ਸਥਿਰ ਕਰ ਲਿਆ। ਅਖੌਤੀ ਵਿਦਵਾਨ, ਜਿਸ ਨੂੰ ਕੰਧ ਤੇ ਟੰਗਿਆ ਕੈਲੰਡਰ ਵੇਖਣਾ ਨਹੀਂ ਆਉਂਦਾ, ਉਹ ਕਹਿੰਦਾ 14 ਸਤੰਬਰ ਨੂੰ ਵੀਰਵਾਰ ਗਲਤ ਹੈ, ਸੋਮਵਾਰ ਚਾਹੀਦਾ ਸੀ।।

ਇਹ ਸੋਧ ਤਾਂ ਦੂਜੀਆਂ ਕੌਮਾਂ ਨੇ ਆਪਣੇ ਕੈਲੰਡਰ ਵਿੱਚ ਕੀਤੀ ਹੈ। ਆਪਣੇ ਖਿੱਤੇ ਵਿੱਚ ਪ੍ਰਚੱਲਤ ਕੈਲੰਡਰਾਂ ਦਾ ਤਾਂ ਇਸ ਸੋਧ ਨਾਲ ਦੂਰ ਦਾ ਵੀ ਸਬੰਧ ਨਹੀ ਹੈ। ਤੁਸੀਂ, ਸ. ਪਾਲ ਸਿੰਘ ਪੁਰੇਵਾਲ ਵੱਲੋਂ ਬਣਾਈ ਗਈ 500 ਸਾਲਾਂ ਜੰਤਰੀ ਦੇ ਪੰਨਾ ਨੰਬਰ 284 ਦੀ ਫ਼ੋਟੋ ਨੱਥੀ ਕੀਤੀ ਹੈ ਉਸ ਵਿਚ ਵੀ ਬੁੱਧਵਾਰ ਤੋਂ ਪਿਛੋਂ ਵੀਰਵਾਰ ਹੀ ਦਰਜ ਹੈ। ਤੁਸੀਂ ਉਸ ਵਿੱਚ ਹੱਥ ਨਾਲ ਲਿਖ ਕੇ ਜੋ ਸੋਮਵਾਰ ਬਣਾਇਆ ਹੈ, ਦੱਸੋ ਇਸ ਦਾ ਕੀ ਅਧਾਰ ਹੈ ? ਜੂਲੀਅਨ ਕੈਲੰਡਰ ਦੀ ਸੋਧ ਦਾ ਦੂਜਿਆਂ ਕੈਲੰਡਰਾਂ ਨਾਲ ਕੀ ਸਬੰਧ ਹੈ ? ਇਹ ਨੁਕਤਾ ਮੈਂ ਆਪਣੇ 12/10/2017 ਦੇ ਪੱਤਰ ਵਿਚ ਵੀ ਸਪੱਸ਼ਟ ਕੀਤਾ ਸੀ। ਪਰ ! ਗੱਲ ਨੂੰ ਸਮਝੇ ਜਾਂ ਮੰਨੇ ਤਾਂ ਉਹ ਜਿਹੜਾ ਇਮਾਨਦਾਰ ਹੋਵੇ। ਵਿਕਾਊ ਕਲਮਾਂ ਨੂੰ ਦਲੀਲਾਂ ਨਾਲ ਕੋਈ ਫਰਕ ਨਹੀਂ ਪੈਂਦਾ।

ਅਨੁਰਾਗ ਸਿੰਘ ਦੇ ਬਚਨ, ਪਾਲ ਸਿੰਘ ਪੁਰੇਵਾਲ ਸਿਰਫ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ ਇਸ ਵਿਗਿਆਨਿਕ ਢੰਗ ਨਾਲ ਕੱਢ ਕੇ ਦਿਖਾਵੇ ਅਤੇ ਜੇ ਇਹ ੫ ਜਨਵਰੀ ਨਿਕਲਿਆ ਤਾਂ ਮੈਂ ਲਿੱਖਣਾ ਛੱਡ ਦੇਵਾਂਗਾ ਨਹੀ ਤਾਂ ਉਹ ਆਪਣੀ ਭਜਨ ਮੰਡਲੀ ਨਾਲ ਨਾਨਕਸ਼ਾਹੀ ਜੰਤਰੀ ਦਾ ਰਾਗ ਗਾਉਣਾ ਬੰਦ ਕਰ ਦੇਣਗੇ। ( 29/11/2019)

ਅਨੁਰਾਗ ਸਿੰਘ, ਮੈਂ 23 ਪੋਹ (5 ਜਨਵਰੀ) ਨੂੰ ਸਹੀ ਸਾਬਿਤ ਕਰ ਦਿੱਤਾ ਹੈ। ਕੀ ਹੁਣ ਆਪਣੇ ਲਿਖੇ ਮੈਂ ਲਿੱਖਣਾ ਛੱਡ ਦੇਵਾਂਗਾ ਤੇ ਅਮਲ ਕਰੋਗੇਗਾਂ ? ਹੁਣ ਕਰੋ ਮੇਰਾ ਸੱਦਾ ਪ੍ਰਵਾਨ। 14 ਸਤੰਬਰ 1752 ਈ: ਨੂੰ ਵੀਰਵਾਰ ਸੀ। ਜੇ ਤੁਸੀਂ ਇਸ ਨੂੰ ਸੋਮਵਾਰ ਸਾਬਿਤ ਕਰ ਦਿਓ ਤਾਂ ਵਦੀ-ਸੁਦੀ, ਤਾਰੀਖਾਂ ਅਤੇ ਪ੍ਰਵਿਸ਼ਟਿਆਂ ਭਾਵ ਕੈਲੰਡਰ ਬਾਰੇ, ਇਹ ਮੇਰਾ ਆਖਰੀ ਲੇਖ ਹੋਵੇਗਾ। ਜੇ ਨਾ ਕਰ ਸਕੇ ਤਾਂ ਤੁਹਾਨੂੰ ਆਪਣੇ ਲਿਖੇ, ਮੈਂ ਲਿੱਖਣਾ ਛੱਡ ਦੇਵਾਂਗਾ ਅਮਲ ਕਰਨਾ ਪਵੇਗਾ।


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW




# ਪਾਠਕਾਂ ਦਾ ਨਜ਼ਰੀਆ

## ਕਿਤਾਬ 'ਬਲਾਤਕਾਰੀ ਪੁਲਿਸ ਫੋਰਸਾਂ'

ਸੰਘਰਸ਼ਸ਼ੀਲ ਕੌਮਾਂ ਦੀਆਂ ਔਰਤਾਂ ਨਾਲ ਬਲਾਤਕਾਰ ਦੀ ਹਕੂਮਤੀ ਨੀਤੀ ਦਾ ਖੌਫਨਾਕ ਸੱਚ/ ਹਿੰਦੂਤਵੀ ਆਰਐੱਸਐੱਸ ਜਮਾਤ ਦੇ ਵਿਚਾਰਕ 'ਵਿਨਾਇਕ ਦਾਮੋਦਰ ਸਾਵਰਕਰ' ਦਾ ਸੱਚ

ਅੱਜ ਜਦੋਂ ਕਸ਼ਮੀਰ ਤੋਂ ਲੈ ਕੇ ਕੰਨਿਆ- ਕੁਮਾਰੀ ਤੱਕ ਘੱਟ ਗਿਣਤੀਆਂ ਅਤੇ ਸੰਘਰਸ਼ਸ਼ੀਲ ਕੌਮਾਂ ਦੀਆਂ ਧੀਆਂ ਭੈਣਾਂ ਨਾਲ ਜਬਰ- ਜਨਾਹ ਹੋ ਰਹੇ ਹਨ ਜਾਂ ਦੇਸ਼ ਦੇ ਭਗਵੇਂਕਰਨ ਦੇ ਧਾਰਨੀ ਅਖੌਤੀ ਨੇਤਾ ਕਸ਼ਮੀਰੀ ਔਰਤਾਂ ਨੂੰ 'ਭੋਗਣ ਵਾਲੀ ਵਸਤੂ' ਤੱਕ ਦੱਸ ਰਹੇ ਹਨ, ਅਜਿਹੇ ਸਮੇਂ ਕਿਤਾਬ 'ਬਲਾਤਕਾਰੀ ਪੁਲਿਸ ਫੋਰਸਾਂ' ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਕਿਤਾਬ ਦੀ ਭੂਮਿਕਾ 'ਬਲਾਤਕਾਰ ਇਕ ਜੰਗੀ ਹਥਿਆਰ' ਨਿਕੋਲਸ ਡੀ ਕ੍ਰਿਸਟੋਫ ਦੀ ਲਿਖੀ ਹੋਈ ਹੈ, ਜੋ ਲਵਲੀਨ ਜੌਲੀ ਨੇ ਅਨੁਵਾਦ ਕਰਕੇ ਪੇਸ਼ ਕੀਤੀ ਹੈ ਕਿ ਕਿਵੇਂ ਦੁਨੀਆਂ ਭਰ ਵਿੱਚ ਬਲਾਤਕਾਰ ਨੂੰ 'ਜੰਗੀ ਹਥਿਆਰ' ਵਜੋਂ ਵਰਤਿਆ ਗਿਆ ਹੈ। ਕਿਤਾਬ ਦੇ ਮੁੱਢਲੇ ਸ਼ਬਦਾਂ ਵਿੱਚ ਬਲਜੀਤ ਸਿੰਘ ਖਾਲਸਾ ਬਲਾਤਕਾਰ ਦੀ ਨੀਤੀ ਬਾਰੇ ਹਿੰਦੂਤਵੀ ਆਰਐੱਸਐੱਸ ਜਮਾਤ ਦੇ ਵਿਚਾਰਕ 'ਵਿਨਾਇਕ ਦਾਮੋਦਰ ਸਾਵਰਕਰ' ਦੀ ਕਿਤਾਬ 'ਭਾਰਤੀ ਇਤਿਹਾਸ ਦੇ ਛੇ ਭਾਵਸ਼ਾਲੀ ਯੁੱਗ' ਦੇ ਚੈਪਟਰ 8 ਦੇ ਪੈਰਾ 442-443 ਵਿੱਚ ਲਿਖਦੇ ਹਨ ਕਿ ਕਿਵੇਂ ਘੱਟ ਗਿਣਤੀ ਖਾਸਕਰ ਮੁਸਲਿਮ ਔਰਤਾਂ ਨਾਲ ਬਲਾਤਕਾਰ ਕਰਨ ਤੋਂ ਝਕਣਾ ਨਹੀਂ ਚਾਹੀਦਾ।

'ਵਿਨਾਇਕ ਦਾਮੋਦਰ ਸਾਵਰਕਰ' ਦਾ ਤਰਕ ਹੈ ਕਿ ਯੁੱਧ ਵਿੱਚ ਦੁਸ਼ਮਣ ਦੇ ਨਾਲ ਕਿਸੇ ਵੀ ਤਰਾਂ ਦੀ ਰਿਆਇਤ ਆਤਮ- ਹੱਤਿਆ ਹੈ ਤੇ ਦੁਸ਼ਮਣ ਨੂੰ ਹਰਾਉਣ ਲਈ ਉਸ ਦੀਆਂ ਧੀਆਂ- ਭੈਣਾਂ ਨਾਲ ਜਬਰ- ਜ਼ਨਾਹ ਵੀ ਜੰਗ ਦਾ ਇੱਕ ਹਥਿਆਰ ਹੈ। 268 ਪੰਨਿਆਂ ਦੀ ਇਸ ਕਿਤਾਬ ਵਿੱਚ ਪੰਜਾਬ, ਕਸ਼ਮੀਰ, ਛੱਤੀਸਗੜ੍ਹ ਮਣੀਪੁਰ, ਉਡੀਸ਼ਾ, ਆਸਾਮ, ਉੱਤਰ ਪ੍ਰਦੇਸ਼ ਆਦਿ ਵੱਖ -ਵੱਖ ਸਟੇਟਾਂ ਵਿੱਚ ਭਾਰਤੀ ਪੁਲੀਸ ਅਤੇ ਹਥਿਆਰਬੰਦ ਬਲਾਂ ਵੱਲੋਂ ਨਿਰਦੋਸ਼ ਅਤੇ ਬੇਵੱਸ -ਲਾਚਾਰ ਔਰਤਾਂ ਨਾਲ ਕੀਤੀ ਜਬਰ ਜਨਾਹ ਦੀ ਕਹਾਣੀ ਦਰਜ ਹੈ।

ਪੰਜਾਬ ਪੁਲੀਸ ਦੇ ਮੁਖੀ ਰਹੇ ਬੁਚੜ ਪੁਲਸੀਏ ਅਤੇ ਸਰਕਾਰੀ-ਦਰਬਾਰੀ ਲੇਖਕਾਂ ਦੇ ਸ਼ਬਦ ਵਿੱਚ 'ਟੌਪ ਕੌਪ' ਕੇ ਪੀ ਐਸ ਗਿੱਲ ਤੋਂ ਲੈ ਕੇ ਭਾਰਤੀ ਫੌਜ ਤੇ ਸੀ ਆਰ ਪੀ ਐੱਫ ਦੇ ਬਲਾਂ ਦੇ ਆਗੂਆਂ ਦੇ, ਰੌਂਗਟੇ ਖੜ੍ਹੇ ਕਰਨ ਵਾਲੇ ਬਲਾਤਕਾਰੀ ਢੰਗ- ਤਰੀਕਿਆਂ ਨੂੰ ਲੇਖਕ ਨੇ ਸੋਨੀ ਸੋਰੀ ਸਮੇਤ ਅਨੇਕਾਂ ਪੀੜਤ ਔਰਤਾਂ ਨਾਲ ਹੋਈ ਧੱਕੇਸ਼ਾਹੀ ਦੇ ਰੂਪ ਵਿੱਚ ਬਿਆਨ ਕੀਤਾ ਹੈ।ਇੱਕ ਪਾਸੇ ਅੱਜ ਦੇ 'ਸੜਕਛਾਪ' ਲੇਖ਼ਕ ਇਤਿਹਾਸ ਦੇ ਮਹਾਨ ਨਾਇਕਾਂ ਨੂੰ ਬੁਰੀ ਤਰ੍ਹਾਂ ਬਦਨਾਮ ਕਰ ਕਰਕੇ ਪੱਚੀ- ਪੱਚੀ ਹਜ਼ਾਰ ਦੇ ਇਨਾਮ ਲੈਣ ਵਾਸਤੇ ਘਟੀਆ ਚਾਲਾਂ ਚੱਲ ਰਹੇ ਹਨ, ਦੂਜੇ ਪਾਸੇ ਸੰਘਰਸ਼ਸ਼ੀਲ ਕੌਮਾਂ ਦੀਆਂ ਔਰਤਾਂ ਨਾਲ, ਬਲਾਤਕਾਰ ਦੀ ਹਕੂਮਤੀ ਨੀਤੀ ਦਾ ਖੌਫਨਾਕ ਸੱਚ ਪੇਸ਼ ਕਰਨ ਲਈ, ਬਲਜੀਤ ਸਿੰਘ ਖਾਲਸਾ ਅਜਿਹੀ ਰੌਂਗਟੇ ਖੜ੍ਹੇ ਕਰਨ ਵਾਲੀ ਕਿਤਾਬ ਪਾਠਕਾਂ ਦੇ ਹੱਥੀਂ ਸੌਂਪ ਰਹੇ ਹਨ।

ਜੇਕਰ ਹੈਦਰਾਬਾਦ ਜਬਰ-ਜਨਾਹ ਦੇ ਦੋਸ਼ੀਆਂ ਨੂੰ ਅੰਜਾਮ ਇਸੇ ਤਰ੍ਹਾਂ ਹੀ ਸ਼ਰੇ- ਬਾਜ਼ਾਰ ਮਾਰ ਕੇ ਦਿੱਤਾ ਜਾ ਸਕਦਾ ਹੈ, ਤਾਂ ਕੀ ਜਿਨ੍ਹਾਂ ਫੌਜੀਆਂ ਨੇ ਮਾਸੂਮ ਔਰਤਾਂ ਦੇ ਸਮੂਹਿਕ ਬਲਾਤਕਾਰ ਕੀਤੇ, ਕੀ ਉਨ੍ਹਾਂ ਨੂੰ ਵੀ ਗੋਲੀਆਂ ਨੂੰ ਉਡਾਇਆ ਜਾਵੇਗਾ ? 'ਬਲਾਤਕਾਰੀ ਪੁਲਿਸ ਫੋਰਸਾਂ' ਕਿਤਾਬ ਨੇ ਸੈਂਕੜੇ ਹੀ ਅਜਿਹੀਆਂ ਉਦਾਹਰਨਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਪੁਲੀਸ ਤੇ ਫ਼ੌਜ ਨੇ ਥਾਂ -ਥਾਂ ਬਲਾਤਕਾਰ ਕੀਤੇ। ਕੀ ਉਨ੍ਹਾਂ ਨੂੰ ਵੀ ਉਹੀ ਸਜ਼ਾ ਮਿਲੇਗੀ ? ਸੱਚ ਤਾਂ ਇਹ ਹੈ ਕਿ ਉਨ੍ਹਾਂ ਵਿੱਚੋਂ ਬਹੁਤੇ ਤਾਂ ਜੇਲਾਂ ਦੀਆਂ ਸਲਾਖਾਂ ਪਿੱਛੇ ਵੀ ਨਹੀਂ ਗਏ। ਦੁਖਾਂਤ ਇਸ ਗੱਲ ਦਾ ਹੈ ਕਿ ਦੇਸ਼- ਵਿਦੇਸ਼ ਦੀਆਂ ਸਾਹਿਤ ਸਭਾਵਾਂ ਦੇ ਬਹੁਤ ਸਾਰੇ ਲੇਖਕ ਵੀ ਚੰਨ- ਚਾਨਣੀ ਰਾਤ ਦੀਆਂ ਰੋਮਾਂਟਿਕ ਗੱਲਾਂ ਜਾਂ ਸੱਚ ਤੋਂ ਮੁਨਕਰ ਹੋ ਕੇ ਆਸ਼ਕੀ ਦੀਆਂ ਕਹਾਣੀਆਂ ਲਿਖਣ ਵਿੱਚ ਖੱਚਤ ਹਨ, ਜਿਸ ਕਾਰਨ ਉਨ੍ਹਾਂ ਨੂੰ ਹਕੂਮਤਾਂ ਦਾ ਸੇਕ ਝੱਲਣ ਦੀ ਥਾਂ ਇਨਾਮ ਮਿਲਦੇ ਹਨ, ਜਦਕਿ ਜ਼ੁਲਮ ਦੀ ਦਾਸਤਾਨ ਬਿਆਨ ਕਰਨ ਵਾਲੀਆਂ ਕਿਤਾਬਾਂ ਲਿਖਣਾ ਅੱਜ ਸਮੇਂ ਦੀ ਮੰਗ ਹੈ। ਇਹ ਕਿਤਾਬ ਅੱਜ ਦੇ ਸਮੇਂ, ਕਸ਼ਮੀਰ ਦੀਆਂ ਧੀਆਂ ਭੈਣਾਂ ਪ੍ਰਤੀ ਆ ਰਹੇ ਬਿਆਨਾਂ ਦੀ ਅਸਲੀਅਤ ਜਾਨਣ ਅਤੇ ਗੰਦੀ ਮਨੂੰਵਾਦੀ ਮਾਨਸਿਕਤਾ ਨੂੰ ਸਮਝਣ ਲਈ ਮਹੱਤਵਪੂਰਨ ਹੈ ਅਤੇ ਸਭ ਨੂੰ ਪੜ੍ਹਨੀ ਚਾਹੀਦੀ ਹੈ।

**-ਡਾ. ਗੁਰਵਿੰਦਰ ਸਿੰਘ ਕੈਨੇਡਾ**

## ਜਾਬਰਾਂ ਦਾ ਪੱਖ ਕਿਉਂ ਪੂਰ ਰਹੇ ਹਨ ਡਾ. ਮਨਮੋਹਨ ਸਿੰਘ

ਰਾਜਨੀਤੀ ਚੰਗੇ ਭਲੇ ਸ਼ਰੀਫ, ਇਮਾਨਦਾਰ ਲੋਕਾਂ ਨੂੰ ਵੀ ਅਕਸਰ ਬੇਈਮਾਨਾਂ ਅਤੇ ਜਾਬਰਾਂ ਦਾ ਪਖ ਪੂਰਨ ਲਈ ਮਜਬੂਰ ਕਰ ਦਿੰਦੀ ਹੈ ।

ਇਹ ਸਚਾਈ ਡਾ ਮਨਮੋਹਨ ਸਿੰਘ ਉਤੇ ਪੂਰੀ ਤਰਾਂ ਢੁਕਦੀ ਹੈ ।1984 ਦੇ ਸਿਖ ਕਤਲੇ ਆਮ ਦੇ ਅਸਲ ਦੋਸ਼ੀ ਰਾਜੀਵ ਗਾਂਧੀ ਦਾ ਬਚਾਅ ਕਰਦਿਆਂ ਮਨਮੋਹਨ ਸਿੰਘ ਨੇ ਦੋ ਦਿਨ ਪਹਿਲਾਂ ਦਿਤੇ ਇਕ ਬਿਆਨ ਰਾਹੀਂ ਕਿਹਾ ਕਿ ਉਸ ਵੇਲੇ ਦੇ ਗ੍ਰਹਿ ਮੰਤਰੀ ਨਰਸਿਮਹਾ ਰਾਉ ਜੇ ਇੰਦਰ ਕੁਮਾਰ ਗੁਜਰਾਲ ਦੀ ਸਲਾਹ ਮੰਨ ਕੇ ਫੌਜ ਨੂੰ ਤਲਬ ਕਰ ਲੈਂਦੇ ਤਾਂ ਸਿਖਾਂ ਦਾ ਖੂਨ ਖਰਾਬਾ ਰੋਕਿਆ ਜਾ ਸਕਦਾ ਸੀ ।

ਸਚਾਈ ਇਹ ਹੈ ਕਿ ਫੌਜ ਕਾਰਵਾਈ ਲਈ ਤਿਆਰ ਬੈਠੀ ਸੀ ਅਤੇ ਸਿਰਫ ਸਰਕਾਰ ਦਾ ਹੁਕਮ ਉਡੀਕ ਰਹੀ ਸੀ ਪਰ ਸਬੰਧਤ ਅਧਿਕਾਰੀਆਂ ਤੋਂ ਅਜਿਹਾ ਹੁਕਮ ਆਇਆ ਹੀ ਨਹੀਂ ।ਇਹ ਹੁਕਮ ਪਰਧਾਨ ਮੰਤਰੀ ਹਾਊਸ ਤੋਂ ਆਉਣਾ ਸੀ, ਰਾਉ ਤੋਂ ਨਹੀਂ ।ਇਸ ਦਾ ਕਾਰਨ ਇਹ ਸੀ ਕਿ ਪਰਧਾਨ ਮੰਤਰੀ ਹਾਊਸ ਨੇ ਰਾਉ ਨੂੰ ਪਹਿਲਾਂ ਹੀ ਕੋਈ ਵੀ ਕਾਰਵਾਈ ਕਰਨ ਤੋਂ ਇਸ ਬਿਨਾਅ ਤੇ ਰੋਕ ਦਿਤਾ ਸੀ ਕਿ ਪਰਧਾਨ ਮੰਤਰੀ ਹਾਊਸ ਆਪ ਸਾਰੇ ਇੰਤਜ਼ਾਮ ਕਰ ਰਿਹਾ ਹੈ ।

ਇਕ ਅਹਿਮ ਅਤੇ ਢੁਕਦਾ ਤਥ ਜਿਸ ਵਲ ਵਧੇਰੇ ਲੋਕਾਂ ਦਾ ਧਿਆਨ ਨਹੀਂ ਗਿਆ ਉਹ ਇਹ ਸੀ ਕਿ ਜਿਸ ਵੇਲੇ ਪਰਧਾਨ ਮੰਤਰੀ ਹਾਊਸ ਨੇ ਦਿਲੀ ਵਿਚ ਫੌਜ ਨੂੰ ਹੁਕਮ ਦੇਣੋ ਘੇਸਲ ਵਟੀ ਰਖੀ, ਐਨ ਉਸੇ ਵੇਲੇ ਪੰਜਾਬ ਵਿਚ ਤਾਇਨਾਤ ਫੌਜੀ ਇਕਾਈਆਂ ਨੂੰ ਹਦਾਇਤਾਂ ਭੇਜ ਦਿਤੀਆਂ ਗਈਆਂ ਸਨ ਕਿ ਉਹ ਇਸ ਦੇ ਸ਼ਹਿਰਾਂ ਪਿੰਡਾਂ ਵਿਚ ਗਸ਼ਤ ਸ਼ੁਰੂ ਕਰ ਦੇਵੇ ।ਖਦਸ਼ਾ ਸੀ ਕਿ ਕਿਤੇ ਦਿਲੀ ਦੀਆਂ ਸੰਭਾਵਤ ਵਾਰਦਾਤਾਂ ਦੇ ਪ੍ਰਤੀਕਰਮ ਵਜੋਂ ਪੰਜਾਬ ਵਿਚ ਸਿਖ ਹਿੰਦੂਆਂ ਨੂੰ ਕਤਲ ਕਰਨਾ ਸ਼ੁਰੂ ਨਾ ਕਰ ਦੇਣ ।

ਤਸਲੀ ਵਾਲੀ ਗਲ ਹੈ ਕਿ ਨਰਸਿਮਹਾ ਰਾਉ ਦੇ ਪੋਤਰੇ ਐਨ.ਵੀ. ਸੁਭਾਸ਼ ਰਾਉ ਅਤੇ ਕੇਂਦਰੀ ਮੰਤਰੀ ਜਾਵਡੇਕਰ ਨੇ ਵਖ ਵਖ ਬਿਆਨਾਂ ਰਾਹੀਂ ਮਚਲੇ ਮਨਮੋਹਨ ਸਿੰਘ ਨੂੰ ਵਧੀਆ ਸੁਣਾਈਆਂ ਹਨ ਅਤੇ ਦਿਲੀ ਦੀ ਉਹ ਇਤਹਾਸਕ ਅਸਲੀਅਤ ਇਕ ਵਾਰ ਫਿਰ ਸੰਸਾਰ ਦੇ ਸਾਹਮਣੇ ਲਿਆਂਦੀ ਹੈ ।

**-ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

## ਭਾਰਤੀ ਹਾਕਮਾਂ ਦਾ ਰਵਈਆ ਸਿੱਖਾਂ ਨੂੰ ਹੱਕ ਦੇਣ ਵਾਲਾ ਕਦੇ ਨਹੀਂ ਰਿਹਾ

ਜਿਸ ਨੂੰ ਦੁਸ਼ਮਣ ਮੰਨੀਏਂ, ਉਸੀ ਤੋਂ ਮੇਹਰਬਾਨੀ ਦੀ ਆਸ ਵੀ ਰੱਖੀਏ, ਇਹ ਨਹੀਂ ਬਣਦਾ ।

ਸੋਸ਼ਲ ਮੀਡੀਆ ਉਤੇ ਖਬਰ ਚੱਲ ਰਹੀ ਹੈ ਕਿ ਭਾਰਤ ਸਰਕਾਰ ਨੇ ਜੋ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾਏ ਮੌਤ 'ਮੁਆਫ' ਕਰਨ ਦਾ ਐਲਾਨ ਕੀਤਾ ਸੀ, ਉਸ ਤੋਂ ਪਿੱਛੇ ਹੱਟ ਗਈ ਹੈ ।

ਅਫਸੋਸ ਦੀ ਗੱਲ ਇਹ ਹੈ ਕਿ ਅਸੀਂ ਭਾਰਤੀ ਹਾਕਮਾਂ ਵੱਲੋਂ ਬਾਰ ਬਾਰ ਵਿਸਵਾਸ਼ਹਘਾਤ ਦਾ ਸ਼ਿਕਾਰ ਹੋਣ ਦੇ ਬਾਵਜੂਦ ਮੁੜ ਮੁੜ ਉਹਨਾਂ ਉਤੇ ਵਿਸਵਾਸ਼ ਕਰਨ ਦੀ ਗਲਤੀ ਕਰਦੇ ਆ ਰਹੇ ਹਾਂ ।

ਭਾਰਤੀ ਹਾਕਮਾਂ ਨੂੰ ਵਾਅਦੇ ਕਰਨ ਤੇ ਵਾਅਦਿਆਂ ਤੋਂ ਮੁਨਕਰ ਹੋਣ ਦਾ ਕਾਫੀ ਲੰਮਾ ਤਜਰਬਾ ਹੈ । ਫਿਰ ਰਿਹਾਈਆਂ ਤੇ ਮਾਫੀਆਂ ਦਾ ਐਲਾਨ ਕੋਈ ਵਾਅਦਾ ਵੀ ਨਹੀਂ ਸੀ, ਇਹ ਤਾਂ ਉਹਨਾਂ ਦੀ 'ਮੇਹਰਬਾਨੀ' ਸੀ, (ਵੈਸੇ ਖੈਰਾਤ ਵੀ ਕਿਹਾ ਜਾ ਸਕਦਾ ਹੈ), ਉਹ ਚਾਹੁਣ ਮੇਹਰਬਾਨੀ ਕਰਨ, ਨਾ ਚਾਹੁਣ ਨਾ ਕਰਨ ।

ਹੱਕ ਦੇਣ ਤੇ ਮੁਆਫੀ ਦੇਣ ਵਿੱਚ, ਲੈਣ ਵਾਲੇ ਲਈ, ਜ਼ਿੰਦਗੀ ਤੇ ਮੌਤ ਵਰਗਾ ਫਰਕ ਹੁੰਦਾ ਹੈ, । ਪਰ ਸਮਝਣ ਵਾਲੇ ਲਈ । ਭਾਰਤੀ ਹਾਕਮਾਂ ਦਾ ਰਵਈਆ ਸਿੱਖਾਂ ਨੂੰ ਹੱਕ ਦੇਣ ਵਾਲਾ ਕਦੇ ਨਹੀਂ ਰਿਹਾ, ਹਾਂ ਮੁਆਫੀ ਦੇਣ ਵਿੱਚ ਉਹ ਆਪਣੀ ਜਿੱਤ ਸਮਝਦੇ ਹਨ ।

ਲੜਾਈ ਕਾਨੂੰਨੀ ਹੋਵੇ, ਸਿਆਸੀ ਹੋਵੇ, ਤੇ ਜਾਂ ਫਿਰ ਮੈਦਾਨ-ਏ-ਜੰਗ ਦੀ, ਸਮੇਂ ਸਥਾਨ ਦੀ ਚੋਣ ਮੁਤਾਬਕ ਲੜਨੀ ਚਾਹੀਦੀ ਹੈ । ਪਰ ਜਿਸ ਨੂੰ ਦੁਸ਼ਮਣ ਮੰਨੀਏਂ, ਉਸੀ ਤੋਂ ਮੇਹਰਬਾਨੀ ਦੀ ਆਸ ਵੀ ਰੱਖੀਏ, ਇਹ ਨਹੀਂ ਬਣਦਾ ।

**-ਗਜਿੰਦਰ ਸਿੰਘ, ਦਲ ਖਾਲਸਾ**

---

# ਭਾਰਤ ਮਾਤਾ ਦੇ 'ਹਵਸੀ ਕੁੱਤੇ'

**ਡਾ. ਹਰਸ਼ਿੰਦਰ ਕੌਰ, ਐਮ.ਡੀ.,**
ਫੋਨ ਨੰ: 0175-2216783

ਗੁਰੂ ਨਾਨਕ ਸਾਹਿਬ ਨੇ ਜਦੋਂ "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨਾ ਆਇਆ" ਉਚਾਰਿਆ ਸੀ ਤਾਂ ਲੋਕਾਂ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਗ਼ਰੀਬ ਲਾਚਾਰ ਬੇਕਸੂਰ ਔਰਤਾਂ ਦਾ ਬਲਾਤਕਾਰ ਕਰ ਕੇ, ਵੱਢ ਟੁੱਕ ਕੇ, ਨਿਰਵਸਤਰ ਕਰ ਕੇ ਸੁੱਟਣਾ ਸੰਗੀਨ ਜੁਰਮ ਹੈ। ਏਸੇ ਲਈ ਔਰਤ ਨੂੰ ਉਚੇਰਾ ਦਰਜਾ ਦੇਣ ਦੀ ਗੱਲ ਵੀ ਕੀਤੀ। ਲੋਕਾਂ ਨੂੰ ਸਹੀ ਰਾਹ ਦਿਖਾਉਣ ਲਈ ਜਿੰਨੀ ਦੂਰ ਤੱਕ ਪਹੁੰਚ ਸਕਦੇ ਸਨ, ਪਹੁੰਚੇ।

ਸਵਾਲ ਇਹ ਹੈ ਕਿ ਕੀ ਉਨ੍ਹਾਂ ਸਿੱਖਿਆਵਾਂ ਵਿੱਚੋਂ ਅੱਜ ਦੇ ਦਿਨ ਭਾਰਤ ਅੰਦਰ ਕੋਈ ਪੂਰੀ ਤਰ੍ਹਾਂ ਖਰਾ ਉਤਰ ਰਿਹਾ ਹੈ ? ਕੀ ਹਵਾ, ਪਾਣੀ, ਧਰਤੀ ਅੱਜ ਪਲੀਤ ਨਹੀਂ ਹੋ ਰਹੇ ? ਕੀ ਲੁੱਟ ਖਸੁੱਟ ਬੰਦ ਹੋ ਚੁੱਕੀ ਹੈ ? ਕੀ ਧਾਰਮਿਕ ਪਾਖੰਡਾਂ ਰਾਹੀਂ ਲੋਕਾਂ ਨੂੰ ਬੇਵਕੂਫ਼ ਨਹੀਂ ਬਣਾਇਆ ਜਾ ਰਿਹਾ ? ਕੀ ਗੁੰਡਾਗਰਦੀ ਮੁੱਕ ਚੁੱਕੀ ਹੈ ? ਕੀ ਹੁਣ 'ਰਾਜੇ ਸੀਹ ਮੁਕਦਮ ਕੁਤੇ' ਨਹੀਂ ਰਹੇ ? ਕੀ ਲੋਕ ਹੁਣ ਰਾਜ ਕਰਨ ਵਾਲਿਆਂ ਹੱਥੋਂ ਨਪੀੜੇ ਨਹੀਂ ਜਾ ਰਹੇ ? ਕੀ ਲੋਕ ਬਹਿ ਕੇ ਆਪਣੀ ਕਿਸਮਤ ਉੱਤੇ ਝੁਰਦੇ ਸਭ ਕੁੱਝ ਸਹਿਨ ਤਾਂ ਨਹੀਂ ਕਰ ਰਹੇ ? ਜੇ ਸਭ ਕੁੱਝ ਉਸੇ ਤਰ੍ਹਾਂ ਹੈ ਤੇ ਮਲਕ ਭਾਗੋਆਂ ਦੀ ਪੂਰੀ ਚੜ੍ਹਤ ਹੈ, ਤਾਂ ਫੇਰ ਔਰਤ ਨਾਲ ਹੋ ਰਹੇ ਜੁਰਮਾਂ ਵਿਚ ਘਾਟਾ ਕਿਵੇਂ ਹੋ ਸਕਦਾ ਹੈ ?

ਏਨੇ ਸਾਲਾਂ ਵਿਚ ਫ਼ਰਕ ਸਿਰਫ਼ ਇਹ ਪਿਆ ਹੈ ਕਿ ਬਾਕੀ ਗੱਲਾਂ ਵਿਚ ਤਾਂ ਅਸੀਂ ਢੀਠ ਬਣ ਕੇ ਓਨੀ ਹੀ ਧੁੰਧ ਵਿਚ ਗਰਕੇ ਪਏ ਹਾਂ ਪਰ ਜਿੱਥੋਂ ਤੱਕ ਔਰਤਾਂ ਪ੍ਰਤੀ ਹੁੰਦਾ ਜੁਰਮ ਸੀ, ਉਸ ਵਿਚ ਅਸੀਂ ਵੱਡਾ ਮਾਅਰਕਾ ਮਾਰਿਆ ਹੈ। ਉਹ ਸਿਖਰਾਂ ਛੂਹੀਆਂ ਹਨ ਕਿ ਪੂਰੀ ਦੁਨੀਆ ਨੂੰ ਮਾਤ ਪਾ ਦਿੱਤੀ ਹੈ। ਕੁੱਖੋਂ ਜੰਮਿਆ ਮਾਸ ਦਾ ਲੋਥੜਾ ਕਿੰਜ ਉਸੇ ਕੁੱਖ ਨੂੰ ਨੋਚ ਕੇ, ਕੱਟ ਵੱਢ ਕੇ ਚੀਥੜੇ ਉਡਾ ਰਿਹਾ ਹੈ, ਇਹ ਤਾਂ ਸਪਸ਼ਟ ਹੋ ਗਿਆ ਕਿ ਭਾਰਤ ਮਾਤਾ ਦੇ ਹਵਸੀ ਕੁੱਤਿਆਂ ਨੇ ਹੈਵਾਨਾਂ ਨੂੰ ਵੀ ਸ਼ਰਮਸਾਰ ਕਰ ਦਿੱਤਾ ਹੈ।

ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਭਾਰਤ ਮਾਤਾ ਆਪਣੇ ਅੰਦਰ 33 ਕਰੋੜ ਦੇਵੀ ਦੇਵਤੇ ਸਮੋਈ ਬੈਠੀ ਹੈ। ਏਥੇ ਧਾਰਮਿਕ ਥਾਵਾਂ ਸਕੂਲਾਂ ਕਾਲਜਾਂ ਤੋਂ ਵੱਧ ਹਨ। ਵਿਦਿਆ ਏਨੀ ਮਹਿੰਗੀ ਕਿ ਵੱਡੀ ਗਿਣਤੀ ਅਨਪੜ੍ਹ ਤੇ ਬੇਰੁਜ਼ਗਾਰ ਤਿਆਰ ਹੋ ਰਹੇ ਹਨ। ਕਾਨੂੰਨ ਵਿਚਲੀ ਢਿੱਲ ਤੇ ਰਾਜਨੀਤਕ ਸ਼ੈਅ ਹੇਠ ਤਿਆਰ ਹੋ ਰਹੇ ਗੁੰਡਾ ਅਨਸਰਾਂ ਦੀ ਗਿਣਤੀ ਦੁਗਣੀ ਚੌਗੁਣੀ ਹੋ ਚੁੱਕੀ ਹੈ। ਸਕੂਲਾਂ ਦੇ ਅੰਦਰ ਦੀ ਪੜ੍ਹਾਈ ਦਾ ਹਾਲ ਇਹ ਹੈ ਕਿ ਸਿਰਫ਼ ਇਨਸਾਨ ਬਣਨ ਤੋਂ ਬਗ਼ੈਰ ਬੱਚੇ ਹੋਰ ਸਭ ਕੁੱਝ ਹਾਸਲ ਕਰ ਲੈਂਦੇ ਹਨ।

ਅੱਠਵੀਂ ਜਮਾਤ ਵਿਚ ਪੜ੍ਹ ਰਿਹਾ ਮੁੰਡਾ ਸਭ ਜਾਣਦਾ ਹੈ ਕਿ ਕਿਵੇਂ ਉਸ ਨੇ ਦੂਜੀ ਜਾਂ ਛੇਵੀਂ ਜਮਾਤ ਵਿਚ ਪੜ੍ਹ ਰਹੀ ਬੱਚੀ ਦਾ ਬਲਾਤਕਾਰ ਕਰਨਾ ਹੈ। ਦੂਜੇ ਪਾਸੇ, ਕੀ ਮਾਪੇ ਤੇ ਕੀ ਅਧਿਆਪਕ, ਕੋਈ ਵੀ ਬੇਟੀਆਂ ਨੂੰ 'ਚੰਗੀ ਛੋਹ-ਮਾੜੀ ਛੋਹ' ਤੱਕ ਦੱਸਣ ਤੋਂ ਇਨਕਾਰੀ ਹਨ। ਸਰੀਰਕ ਵਿਗਿਆਨ ਬਾਰੇ ਗੱਲ ਕਰਨੀ ਤਾਂ ਦੂਰ ਦੀ ਗੱਲ ਹੈ।

ਇਸੇ ਲਈ ਘਰਾਂ ਵਿਚ ਬੈਠੀਆਂ ਨਿੱਕੀਆਂ ਬਾਲੜੀਆਂ ਵੀ ਘਰ ਅੰਦਰਲੇ ਰਿਸ਼ਤੇਦਾਰਾਂ ਹੱਥੋਂ ਸੌਖੀਆਂ ਹੀ ਜਬਰਜ਼ਨਾਹ ਦਾ ਸ਼ਿਕਾਰ ਹੋ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਸਿੱਖਿਆ ਸਿਰਫ਼ ਮਰਦ ਦੀ ਅਧੀਨਗੀ ਦੀ ਹੀ ਦਿੱਤੀ ਜਾਂਦੀ ਹੈ।

ਖ਼ਾਨਦਾਨ ਦੀ ਅਖੌਤੀ ਇਜ਼ਤ ਦਾ ਹਵਾਲਾ ਦੇ ਕੇ ਹਰ ਬਾਲੜੀ ਉੱਤੇ ਦੜ ਵੱਟ ਕੇ ਜ਼ੁਲਮ ਸਹਿਣ, ਕਦੇ ਆਵਾਜ਼ ਨਾ ਚੁੱਕਣ ਤੇ ਨਾ ਹੀ ਆਪਣੀ ਮਰਜ਼ੀ ਕਰਨ ਦਾ ਹੱਕ ਦਿੱਤਾ ਜਾਂਦਾ ਹੈ।

ਨਤੀਜਾ ਸਾਡੇ ਸਾਹਮਣੇ ਹੈ। ਪਹਿਲਾਂ ਮੰਦਰਾਂ ਵਿਚ ਦੇਵਦਾਸੀਆਂ ਬਣਾ ਕੇ ਅਤਿ ਦਾ ਨਰਕ ਭੋਗਦੀਆਂ ਅਣਗਿਣਤ ਬਾਲੜੀਆਂ ਹਵਸ ਦੇ ਲੋਭੀਆਂ ਹੱਥੋਂ ਗਰਭ ਠਹਿਰ ਜਾਣ ਬਾਅਦ ਉਨ੍ਹਾਂ ਹੀ ਪੁਜਾਰੀਆਂ ਦੀਆਂ ਲੱਤਾਂ ਦੇ ਠੇਡੇ ਢਿੱਡਾਂ ਉੱਤੇ ਝੱਲਦੀਆਂ ਬੱਚੇਦਾਨੀ ਫਟ ਜਾਣ ਕਾਰਨ ਮੌਤ ਦੇ ਮੂੰਹ ਵਿਚ ਜਾਂਦੀਆਂ ਰਹੀਆਂ ਸਨ। ਅੱਜ ਵੀ ਸਹਾਰਾ ਘਰਾਂ ਵਿਚ ਬਥੇਰੀਆਂ ਅਜਿਹਾ ਨਰਕ ਭੋਗ ਰਹੀਆਂ ਹਨ।

ਵਿਧਵਾਵਾਂ ਦਾ ਜੋ ਹਾਲ ਕੀਤਾ ਜਾਂਦਾ ਰਿਹਾ ਹੈ ਜਾਂ ਹੁਣ ਤੱਕ ਵੀ ਹੋ ਰਿਹਾ ਹੈ, ਉਹ ਵੀ ਕਿਸੇ ਕੋਲੋਂ ਲੁਕਿਆ ਨਹੀਂ। ਅਣਖ ਨਾਲ ਆਪਣੀ ਰੋਜ਼ੀ ਰੋਟੀ ਕਮਾਉਂਦੀ ਇਕੱਲੀ ਔਰਤ ਭਾਰਤ ਮਾਤਾ ਦੀ ਧਰਤੀ ਉੱਪਰ ਗੁਣਾਹ ਮੰਨ ਲਿਆ ਗਿਆ ਹੈ।

ਡਾ. ਪ੍ਰਿਅੰਕਾ ਰੈਡੀ ਇਸ ਸੋਚ ਦੀ ਤਾਜ਼ਾ ਸ਼ਿਕਾਰ ਬਣ ਗਈ ਹੈ। ਇਕ ਖੁੱਦਦਾਰ 26 ਸਾਲਾ ਡਾਕਟਰ ਤੇਲੰਗਾਨਾ ਵਿਚ ਡਿਊਟੀ ਉੱਤੇ ਜਾਣ ਲਈ ਆਪਣੀ ਸਕੂਟੀ ਉੱਤੇ ਜੇ ਸ਼ਾਮ ਵੇਲੇ ਜਾਵੇ ਤਾਂ ਔਰਤ ਨੂੰ ਸਿਰਫ਼ ਸਰੀਰ ਮੰਨਣ ਵਾਲੇ ਹਬਸ਼ੀ ਉਸ ਦੇ ਸਰੀਰ ਉੱਤੇ ਕਬਜ਼ਾ ਕਰ ਕੇ, ਹੈਵਾਨੀਅਤ ਦਾ ਨੰਗਾ ਨਾਚ ਕਰਦੇ ਹਨ, ਗਲਾ ਘੋਟਦੇ ਹਨ ਤੇ ਆਪਣੇ ਕੁਕਰਮ ਨੂੰ ਲੁਕਾਉਣ ਲਈ ਉਸ ਦੇ ਜਿਸਮ ਨੂੰ ਸਾੜ ਵੀ ਦਿੰਦੇ ਹਨ।



ਇਹ ਇਕ ਆਮ ਘਟਨਾ ਮੰਨ ਕੇ ਉਸੇ ਦਿਨ ਅਨੇਕ ਹੋਰ ਵੀ ਹਲਕੇ ਕੁੱਤਿਆਂ ਨੇ ਆਪਣਾ ਰੂਪ ਜਗ ਜ਼ਾਹਿਰ ਕੀਤਾ ਸੀ। ਇਨ੍ਹਾਂ ਵਿੱਚੋਂ ਕੁੱਝ ਹਨ :-

1. ਟਰਾਈਬਲ ਕਾਨੂੰਨ ਦੀ ਪੜ੍ਹਾਈ ਕਰਦੀ 25 ਸਾਲਾ ਵਿਦਿਆਰਥਣ ਨੂੰ ਰਾਂਚੀ ਦੇ "ਵੀ.ਈ.ਪੀ." ਇਲਾਕੇ ਵਿਚ ਪਿਸਤੌਲ ਵਿਖਾ ਕੇ ਚੁੱਕ ਲਿਆ ਗਿਆ ਤੇ 12 ਜਣਿਆਂ ਨੇ ਰਲ ਕੇ ਇੱਟਾਂ ਦੇ ਭੱਠੇ ਅੰਦਰ ਕੈਦ ਕਰ ਕੇ ਉਸ ਦਾ ਬਲਾਤਕਾਰ ਕੀਤਾ।
2. ਦਲਿਤ ਬੱਚੀ ਰੋਜ਼ਾ ਜੋ 20 ਸਾਲ ਦੀ ਸੀ, ਦਾ ਬਲਾਤਕਾਰ ਕਰ ਕੇ ਹਵਸੀਆਂ ਨੇ ਉਸ ਨੂੰ ਦਰਖਤ ਨਾਲ ਟੰਗ ਕੇ ਕਾਂਚੀਪੁਰਮ (ਤਾਮਿਲ ਨਾਡੂ) ਵਿਚ ਆਪਣੀ "ਬਹਾਦਰੀ" ਵਿਖਾਈ।
3. ਬੱਤੀ ਸਾਲਾ ਔਰਤ ਕੁੱਡਾਲੋਰ (ਤਾਮਿਲ ਨਾਡੂ) ਵਿਖੇ ਆਪਣੇ ਰਿਸ਼ਤੇਦਾਰ ਨਾਲ ਸਕੂਟਰ 'ਤੇ ਘਰ ਮੁੜਦੀ ਨੂੰ 5 ਵੀਹ-ਵੀਹ ਸਾਲਾਂ ਦੇ ਬਲਾਤਕਾਰੀਆਂ ਨੇ ਇਹ ਸਜ਼ਾ ਸੁਣਾ ਕੇ ਚੂੰਢਿਆ ਕਿ ਘਰੋਂ ਬਾਹਰ ਪੈਰ ਧਰਨਾ ਔਰਤ ਲਈ ਭਾਰਤ ਮਾਤਾ ਦੀ ਧਰਤੀ ਉੱਤੇ ਗੁਣਾਹ ਹੈ।
4. ਵਦੋਦਰਾ (ਗੁਜਰਾਤ) ਵਿਖੇ ਵੀ 14 ਸਾਲਾ ਬੱਚੀ ਦਾ ਦੋ ਮੁਸ਼ਟੰਡਿਆਂ ਨੇ ਉਸੇ ਹੀ ਦਿਨ ਬਲਾਤਕਾਰ ਕੀਤਾ।
5. 88 ਸਾਲਾ ਔਰਤ ਦਾ ਬਲਾਤਕਾਰ ਉਸੇ ਦੇ ਘਰ ਟੂਟੀ ਠੀਕ ਕਰਨ ਆਏ ਵਹਿਸ਼ੀ ਨੇ ਕੀਤਾ।
6. ਚੰਡੀਗੜ੍ਹ ਦਾ ਆਟੋ ਡਰਾਈਵਰ 11 ਸਾਲਾ ਬੱਚੀ ਨੂੰ ਤਿੰਨ ਦਿਨ ਘਰ ਅੰਦਰ ਡੱਕ ਕੇ ਲਗਾਤਾਰ ਬਲਾਤਕਾਰ ਕਰਦਾ ਰਿਹਾ।
7. ਜੈਪੁਰ ਦੇ ਹਵਸੀ ਕੁੱਤੇ ਨੇ ਨਵਾਂ ਰਿਕਾਰਡ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਪਹਿਲੀ ਜਮਾਤ ਵਿਚ ਪੜ੍ਹਦੀ 6 ਸਾਲਾ ਬੱਚੀ ਨੂੰ ਟੋਂਕ (ਰਾਜਸਥਾਨ) ਵਿਚ ਸਕੂਲ ਅੰਦਰਲੇ ਫੰਕਸ਼ਨ ਤੋਂ ਤਿੰਨ ਵਜੇ ਬਾਹਰ ਨਿਕਲਣ ਲੱਗਿਆਂ ਉਸੇ ਥਾਂ ਦਬੋਚ ਲਿਆ ਤੇ ਬਲਾਤਕਾਰ ਕਰ ਕੇ ਉਸੇ ਦੀ ਸਕੂਲ ਦੀ ਬੈਲਟ ਨਾਲ ਉਸ ਦਾ ਗਲਾ ਘੁੱਟ ਕੇ ਮਾਰ ਦਿੱਤਾ। ਫਿਰ ਉਸ ਦੀ ਲਾਸ਼ ਨੂੰ ਪਿੰਡ ਦੀਆਂ ਝਾੜੀਆਂ ਵਿਚ ਸੁੱਟ ਦਿੱਤਾ ਤੇ ਮੁੱਛਾਂ ਨੂੰ ਤਾਅ ਦਿੰਦਾ ਉੱਥੋਂ ਤੁਰ ਗਿਆ।

ਬਾਕੀ ਸਫ਼ਾ 28 'ਤੇ

ਜਨਮ ਦਿਨ 'ਤੇ ਵਿਸ਼ੇਸ਼

# ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ

**ਡਾ. ਧਰਮ ਸਿੰਘ**

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਭਾਈ ਵੀਰ ਸਿੰਘ ਨੂੰ ਯੁੱਗ ਲੇਖਕ ਮੰਨਿਆ ਗਿਆ ਹੈ। ਉਨ੍ਹਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਦਾ ਵੀ ਮਾਣ ਮਿਲਿਆ ਹੈ। ਇਨ੍ਹਾਂ ਸਾਰੀਆਂ ਧਾਰਨਾਵਾਂ ਦਾ ਆਧਾਰ ਇਹ ਹੈ ਕਿ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਪਰੰਪਰਾਵਾਦੀ ਲੀਹਾਂ ਵਿਚੋਂ ਕੱਢ ਕੇ ਆਧੁਨਿਕਤਾ ਦਾ ਜਾਮਾ ਪਹਿਨਾਇਆ। ਭਾਈ ਵੀਰ ਸਿੰਘ ਮਹਾਂਕਾਵਿਕਾਰ, ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ, ਨਾਵਲਕਾਰ, ਨਾਟਕਕਾਰ, ਕੋਸ਼ਕਾਰ, ਟੀਕਾਕਾਰ, ਸੰਪਾਦਕ, ਪੱਤਰਕਾਰ, ਅਨੁਵਾਦਕ, ਖੋਜਕਾਰ ਅਤੇ ਹੋਰ ਕਈ ਕੁੱਝ ਹੈ। ਜੇ ਅੱਜ ਦੇ ਪੰਜਾਬੀ ਸਾਹਿਤ ਦੀਆਂ ਆਧੁਨਿਕ ਧਾਰਾਵਾਂ ਵੱਧ ਫੁੱਲ ਰਹੀਆਂ ਹਨ ਤਾਂ ਇਨ੍ਹਾਂ ਦੀ ਬੁਨਿਆਦ ਨਿਸ਼ਚਿਤ ਰੂਪ ਵਿਚ ਭਾਈ ਵੀਰ ਸਿੰਘ ਨੇ ਹੀ ਰੱਖੀ ਸੀ। ਉਹ ਅਜਿਹਾ ਕੱਦਾਵਰ ਲੇਖਕ ਹੈ ਜਿਸ ਦੇ ਪ੍ਰਭਾਵ ਤੋਂ ਉਸ ਦਾ ਸਮਕਾਲੀ ਕੋਈ ਵਿਰਲਾ ਟਾਵਾਂ ਸਾਹਿਤਕਾਰ ਹੀ ਬੱਚ ਸਕਿਆ ਹੈ।

ਦੋ ਕੁ ਸਾਲ ਪਹਿਲਾਂ ਫ਼ਰੈਂਕਫਰਟ (ਜਰਮਨੀ) ਵਿਚ ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ ਵਲੋਂ ਕਰਵਾਏ ਗਏ ਪੁਸਤਕ ਮੇਲੇ ਵਿਚ ਭਾਰਤੀ ਸਾਹਿਤਕਾਰਾਂ ਦੀ ਪ੍ਰਤੀਨਿਧਤਾ ਕਰਦਾ ਭਾਈ ਵੀਰ ਸਿੰਘ ਦਾ ਬੁੱਤ ਸਥਾਪਿਤ ਕੀਤਾ ਗਿਆ ਸੀ। ਅੱਜ ਦੀ ਸਿੱਖ ਅਰਦਾਸ ਵਿਚ, 'ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰੇ ਗੁਰਧਾਮਾਂ ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਦੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਆਪਣੇ ਪਿਆਰੇ ਖਾਲਸਾ ਜੀ ਨੂੰ ਬਖਸ਼ੋ।' ਅਸਲ ਵਿਚ ਉਸ ਚਿੱਠੀ ਦੇ ਸ਼ਬਦ ਹਨ, ਜੋ ਦੇਸ਼ ਵੰਡ ਤੋਂ ਬਾਅਦ, ਭਾਈ ਵੀਰ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਲਿਖੀ ਸੀ। ਜਥੇਦਾਰ ਨੂੰ ਇਨ੍ਹਾਂ ਸ਼ਬਦਾਂ ਨੇ ਏਨਾ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਨੇ ਇਨ੍ਹਾਂ ਪੰਕਤੀਆਂ ਨੂੰ ਹਮੇਸ਼ਾ ਲਈ ਸਿੱਖ ਅਰਦਾਸ ਦਾ ਹਿੱਸਾ ਬਣਾਉਣਾ ਉਚਿਤ ਸਮਝਿਆ। ਭਾਈ ਵੀਰ ਸਿੰਘ ਦੀ ਖੋਜ-ਪੜਚੋਲ ਵੱਲ ਵੀ ਅਜੋਕੇ ਖੋਜਕਾਰਾਂ ਦਾ ਧਿਆਨ ਗਿਆ ਹੈ ਅਤੇ ਇਨ੍ਹਾਂ ਬਾਰੇ ਘੱਟੋ-ਘੱਟ ਦਸ ਪੀਐੱਚਡੀ ਖੋਜ ਪ੍ਰਬੰਧ ਲਿਖੇ ਅਤੇ ਸਵੀਕਾਰੇ ਗਏ ਮਿਲਦੇ ਹਨ।

ਹਰ ਵੱਡੇ ਲੇਖਕ ਦਾ ਉਸ ਦੇ ਸਮਕਾਲ ਜਾਂ ਪਿੱਛੋਂ ਪ੍ਰਭਾਵ ਜ਼ਰੂਰ ਪੈਂਦਾ ਹੈ ਕਿਉਂਕਿ ਇਹ ਇਕ ਕੁਦਰਤੀ ਵਰਤਾਰਾ ਹੈ। ਇਹ ਵਰਤਾਰਾ ਸਾਨੂੰ ਭਾਈ ਵੀਰ ਸਿੰਘ ਦੇ ਸੰਦਰਭ ਵਿਚ ਵੀ ਦੇਖਣ ਨੂੰ ਮਿਲਦਾ ਹੈ। ਭਾਈ ਵੀਰ ਸਿੰਘ ਦੇ ਸਮਕਾਲੀਆਂ ਵਿਚ ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ, ਸਰਦਾਰ ਨਾਨਕ ਸਿੰਘ, ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਡਾ. ਬਲਬੀਰ ਸਿੰਘ ਹਨ, ਜਦਕਿ ਨਿਕਟ ਸਮਕਾਲੀਆਂ ਵਿਚ ਪ੍ਰੀਤਮ ਸਿੰਘ ਸਫੀਰ, ਪ੍ਰੋ. ਮੋਹਨ ਸਿੰਘ, ਜਗਜੀਤ ਸਿੰਘ ਗੁਲਾਰੀਆ ਆਦਿ ਲੇਖਕ ਹਨ, ਜਿਨ੍ਹਾਂ 'ਤੇ ਭਾਈ ਵੀਰ ਸਿੰਘ ਦਾ ਸਾਹਿਤਕ ਪ੍ਰਭਾਵ ਨਜ਼ਰੀਂ ਪੈਂਦਾ ਹੈ।

ਪ੍ਰੋ. ਪੂਰਨ ਸਿੰਘ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਜਜ਼ਬਾਤੀ ਅਤੇ ਮਨ ਦੀਆਂ ਤਰੰਗਾਂ ਵਿਚ ਵਹਿ ਜਾਣ ਵਾਲੇ ਵਿਅਕਤੀ ਸਨ। ਕਈ ਤਰ੍ਹਾਂ ਦੇ ਰੰਗ ਰੂਪ ਵਟਾ ਕੇ ਜਦ ਉਹ ਭਾਈ ਵੀਰ ਸਿੰਘ ਦੀ ਸੰਗਤ ਵਿਚ ਆਏ ਤਾਂ ਨਾ ਕੇਵਲ ਉਨ੍ਹਾਂ ਦਾ ਅੰਦਰਲਾ ਸਾਹਿਤਕਾਰ ਹੀ ਫੁੱਟ ਨਿਕਲਿਆ, ਸਗੋਂ ਉਨ੍ਹਾਂ ਨੂੰ ਆਪਣੇ ਵਿਰਸੇ, ਖਾਸ ਕਰਕੇ ਪੰਜਾਬ ਅਤੇ ਪੰਜਾਬੀਅਤ 'ਤੇ ਮਾਣ ਵੀ ਹੋਣ ਲੱਗ ਪਿਆ।



ਉਨ੍ਹਾਂ ਦੀ ਸਮੁੱਚੀ ਕਾਵਿ ਰਚਨਾ ਵਿਚ ਜੋ ਪੰਜਾਬ ਅਤੇ ਪੰਜਾਬੀਅਤ ਦੇ ਝਲਕਾਰੇ ਥਾਂ-ਥਾਂ ਮਿਲਦੇ ਹਨ ਤਾਂ ਇਸ ਦਾ ਕਾਰਨ ਸ਼ਾਇਦ ਇਹ ਹੀ ਹੈ। ਗਿਆਨੀ ਮਹਾਂ ਸਿੰਘ ਦੀ ਪੁਸਤਕ ਗੁਰਮੁਖ ਜੀਵਨ ਵਿਚ ਇਕ ਗਰੁੱਪ ਫੋਟੋ ਹੈ, ਜਿਸ ਵਿਚ ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ ਦੇ ਕਦਮਾਂ ਵਿਚ ਬੈਠੇ ਹਨ।

ਦੂਜੀ ਗੁਆਹੀ ਭਾਈ ਵੀਰ ਸਿੰਘ ਦੇ ਸਮਕਾਲੀ ਵਾਰਤਕਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਹੈ। ਆਪਣੇ ਲੇਖ ਵਿਚ ਉਨ੍ਹਾਂ ਲਿਖਿਆ ਹੈ ਕਿ ਦੱਸਵੀਂ ਪਾਸ ਕਰਨ ਤੋਂ ਬਾਅਦ ਉਹ ਰੁੜਕੀ ਵਿਚ ਇੰਜਨੀਅਰਿੰਗ ਦੇ ਦਾਖਲੇ ਲਈ ਤਿਆਰੀ ਕਰ ਰਹੇ ਸਨ ਤਾਂ ਉਹ ਆਪਣੇ ਚਾਚਾ ਜੀ ਕੋਲ ਮੁਲਤਾਨ ਜ਼ਿਲ੍ਹੇ ਦੇ ਸਿੱਧਨਈ ਹੈੱਡਵਰਕਸ 'ਤੇ ਗਏ ਹੋਏ ਸਨ। ਉਨ੍ਹਾਂ ਨੇ ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਭਾਈ ਵੀਰ ਸਿੰਘ ਦੀਆਂ ਦੋ ਪੁਸਤਕਾਂ ਸੁੰਦਰੀ ਅਤੇ ਬਿਜੈ ਸਿੰਘ ਪੜ੍ਹਨ ਲਈ ਦਿੱਤੀਆਂ। ਪੰਜਾਬੀ ਸਾਹਿਤ ਨਾਲ ਗੁਰਬਖਸ਼ ਸਿੰਘ ਦਾ ਪਰਿਚਯ ਇਨ੍ਹਾਂ ਨਾਲ ਹੀ ਹੋਇਆ। ਸੁੰਦਰੀ ਅਤੇ ਬਿਜੈ ਸਿੰਘ ਪੜ੍ਹ ਕੇ ਗੁਰਬਖਸ਼ ਸਿੰਘ 'ਤੇ ਜੋ ਪ੍ਰਭਾਵ ਪਿਆ, ਉਸ ਬਾਰੇ ਉਨ੍ਹਾਂ ਦਾ ਸਵੈ ਕਥਨ ਹੈ। 'ਇਨ੍ਹਾਂ ਰਚਨਾਵਾਂ ਨੂੰ ਪੜ੍ਹਨ ਤੋਂ ਬਾਅਦ ਮੇਰੇ ਅੰਦਰਲੇ ਖਾਮੋਸ਼ ਸੁਪਨੇ ਪ੍ਰਗਟਾਵੇ ਲਈ ਉਤਾਵਲੇ ਹੋਣ ਲੱਗ ਪਏ ਤੇ ਮੈਂ ਇਕ ਨਾਵਲ ਪ੍ਰਤਿਮਾ ਲਿਖਿਆ। ਇਹ ਮੇਰਾ ਪਹਿਲਾ ਸਾਹਿਤਕ ਯਤਨ ਸੀ ਤੇ ਇਸ ਦੇ ਪ੍ਰੇਰਕ ਭਾਈ ਵੀਰ ਸਿੰਘ ਜੀ ਸਨ।' ਇਸ ਤੋਂ ਮਗਰੋਂ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਕੀਤੀਆਂ, ਜੋ ਉਸ ਨੂੰ ਇਕ ਅਸਲੋਂ ਨਵਾਂ ਤਜਰਬਾ ਲੱਗਾ। ਨਵੇਂ ਰੰਗ ਰੂਪ ਦੀ ਛੋਟੀ ਕਵਿਤਾ ਉਸ ਵੇਲੇ ਲਿਖੇ ਜਾ ਰਹੇ ਕਿੱਸਿਆਂ ਅਤੇ ਪ੍ਰਸੰਗਾਂ ਨਾਲੋਂ ਵੱਖਰੀ ਸੀ, ਜਿਸ ਨੇ ਗੁਰਬਖਸ਼ ਸਿੰਘ ਦਾ ਧਿਆਨ ਖਿਚਿਆ। ਭਾਈ ਸਾਹਿਬ ਦੀ ਇਕ ਪ੍ਰਸਿੱਧ ਰਚਨਾ ਰਾਣਾ ਸੂਰਤ ਸਿੰਘ ਹੈ, ਉਨ੍ਹਾਂ 'ਤੇ ਇਸ ਦੇ ਪ੍ਰਭਾਵ ਬਾਰੇ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਸਵੈ ਕਥਨ ਹੈ, 'ਕਈ ਪੁਸਤਕਾਂ ਪੜ੍ਹਨ ਤੋਂ ਬਾਅਦ ਰਾਣਾ ਸੂਰਤ ਸਿੰਘ ਦਾ ਪਲਾਟ ਭਾਵੇਂ ਮੈਨੂੰ ਹੋਣਹਾਰ ਤਾਂ ਨਾ ਲੱਗਾ ਪਰ ਉਸ ਦੀ ਜ਼ੁਬਾਨ ਤੇ ਕਰੁਣਾ ਭਰੇ ਪ੍ਰਭਾਵ ਨੇ ਮੇਰੇ 'ਤੇ ਭਾਈ ਸਹਿਬ ਦੀ ਪ੍ਰਤਿਭਾ ਦਾ ਡੂੰਘਾ ਅਸਰ ਪਾਇਆ।'

ਸਤੰਬਰ 1933 ਵਿਚ ਜਦ 'ਪ੍ਰੀਤਲੜੀ' ਸ਼ੁਰੂ ਹੋਈ ਤਾਂ ਗੁਰਬਖਸ਼ ਸਿੰਘ ਹੋਰਾਂ ਨੇ ਇਸ ਦਾ ਪਹਿਲਾ ਅੰਕ ਭਾਈ ਵੀਰ ਸਿੰਘ ਨੂੰ ਵੀ ਭੇਜਿਆ। ਭਾਈ ਸਾਹਿਬ ਨੇ ਉਹ ਅੰਕ ਪੜ੍ਹਿਆ ਤੇ ਆਪਣੇ ਭਾਵ ਇਕ ਚਿੱਠੀ ਵਿਚ ਲਿਖ ਕੇ ਭੇਜੇ। ਇਹੋ ਚਿੱਠੀ ਭਾਈ ਵੀਰ ਸਿੰਘ ਤੇ ਭਾਈ ਗੁਰਬਖਸ਼ ਸਿੰਘ ਵਿਚਕਾਰ ਸਾਂਝ ਦਾ ਸਬੱਬ ਬਣੀ। ਰਸਾਲਾ 'ਪ੍ਰੀਤਲੜੀ' ਵਿਚਲੀਆਂ ਲਿਖਤਾਂ ਅਤੇ ਗੁਰਬਖਸ਼ ਸਿੰਘ ਦੀਆਂ ਹੋਰ ਪੁਸਤਕਾਂ ਨਿੰਦੀਆਂ ਜਾਣ ਲੱਗੀਆਂ। ਬੇਸ਼ਕ ਖਾਲਸਾ ਸਮਾਚਾਰ ਵਿਚ ਵੀ ਕਈ ਸੱਜਣਾਂ ਨੇ ਸਖ਼ਤ ਕਿਸਮ ਦੀਆਂ ਟਿੱਪਣੀਆਂ ਕੀਤੀਆਂ ਪਰ ਭਾਈ ਵੀਰ ਸਿੰਘ ਨੇ ਆਪ ਆਪਣੀ ਕਲਮ ਤੋਂ ਇਕ ਵੀ ਸ਼ਬਦ ਗੁਰਬਖਸ਼ ਸਿੰਘ ਖ਼ਿਲਾਫ਼ ਨਾ ਲਿਖਿਆ। ਮੁਮਕਿਨ ਸੀ ਕਿ ਜੇਕਰ ਭਾਈ ਸਾਹਿਬ ਉਨ੍ਹਾਂ ਖਿਲਾਫ ਕੁਝ ਲਿਖ ਦਿੰਦੇ ਤਾਂ ਸ਼ਾਇਦ ਪੰਜਾਬੀ ਸਾਹਿਤ ਗੁਰਬਖਸ਼ ਸਿੰਘ ਵਰਗੇ ਲੇਖਕ ਤੋਂ ਵਾਂਝਾ ਹੋ ਜਾਂਦਾ। ਗੁਰਬਖਸ਼ ਸਿੰਘ ਨੇ ਆਪ ਇਹ ਤੱਥ ਮੰਨਦਿਆਂ ਲਿਖਿਆ ਹੈ,"ਖਾਲਸਾ ਸਮਾਚਾਰ ਵਿਚ ਕਈ ਸੱਜਣਾਂ ਨੇ ਮੇਰੀ ਬੜੀ ਸਖ਼ਤ ਨੁਕਤਾਚੀਨੀ ਕੀਤੀ ਹੈ ਪਰ ਮੈਂ ਬੜਾ ਕ੍ਰਿਤੱਗ ਹਾਂ ਕਿ ਭਾਈ ਵੀਰ ਸਿੰਘ ਨੇ ਮੇਰੇ ਖ਼ਿਲਾਫ਼ ਇਕ ਵੀ ਸ਼ਬਦ ਨਾ ਲਿਖਿਆ। ਉਸ ਵੇਲੇ ਮੇਰਾ ਜਿਹੋ ਜਿਆ ਰੌਂਅ ਸੀ, ਉਸ ਵਿਚ ਸ਼ਾਇਦ ਇਸ ਮਹਾਨ ਲੇਖਕ ਜਿਹੜਾ ਮੇਰੀ ਜਵਾਨੀ ਦਾ ਪਹਿਲਾ ਸਾਹਿਤਕ ਪਿਆਰਾ ਸੀ, ਵੱਲੋਂ ਇਕ ਵੀ ਨੁਕਤਾਚੀਨੀ ਦਾ ਸ਼ਬਦ ਮੇਰਾ ਦਿਲ ਤੋੜ ਜਾਂਦਾ।"

ਭਾਈ ਵੀਰ ਸਿੰਘ ਦੇ ਸਾਹਿਤਕ ਪ੍ਰਭਾਵ ਦੀ ਇਕ ਹੋਰ ਉਦਾਹਰਣ ਗਿਆਨੀ ਕ੍ਰਿਪਾਲ ਸਿੰਘ ਵਲੋਂ ਸੰਪਾਦਤ ਗੁਰੂ ਪੰਥ ਪ੍ਰਕਾਸ਼ ਦੀ ਸੰਪਾਦਨਾ ਵਿਚੋਂ ਵੇਖੀ ਜਾ ਸਕਦੀ ਹੈ। ਭਾਈ ਸਾਹਿਬ ਨੇ 1926 ਵਿਚ ਗੁਰ ਸੂਰਜ ਪ੍ਰਤਾਪ ਗ੍ਰੰਥ ਦੀ ਸੰਪਾਦਨਾ ਕਰਕੇ ਇਕ ਫਾਰਮੈਟ ਤਿਆਰ ਕਰ ਦਿੱਤਾ ਸੀ। ਗਿਆਨੀ ਕ੍ਰਿਪਾਲ ਸਿੰਘ ਨੇ ਉਸੇ ਹੀ ਫਾਰਮੈਟ ਵਿਚ ਗਿਆਨੀ ਗਿਆਨ ਸਿੰਘ ਦੇ ਉਕਤ ਗ੍ਰੰਥ ਦੀ ਸੰਪਾਦਨਾ ਕੀਤੀ। ਭਾਈ ਵੀਰ ਸਿੰਘ ਦੀ ਤਰ੍ਹਾਂ ਗਿਆਨੀ ਕ੍ਰਿਪਾਲ ਸਿੰਘ ਨੇ ਵੀ ਪ੍ਰਸਤਾਵਨਾ ਦੀ ਇਕ ਜਿਲਦ ਵੱਖਰੀ ਤਿਆਰ ਕੀਤੀ ਅਤੇ ਗ੍ਰੰਥ ਦੇ ਮੂਲ ਪਾਠ ਨੂੰ ਬਾਕੀ ਜਿਲਦਾਂ ਵਿਚ ਸੰਪਾਦਿਤ ਕੀਤਾ। ਫੁੱਟਨੋਟ ਦੇਣ ਅਤੇ ਅਰਥਾਵਲੀ ਦਾ ਪੈਟਰਨ ਵੀ ਭਾਈ ਵੀਰ ਸਿੰਘ ਵਾਲਾ ਹੀ ਰੱਖਿਆ ਹੈ। ਕਹਿਣ ਦੀ ਲੋੜ ਨਹੀਂ ਕਿ ਜੇਕਰ ਇਸ ਵਿਸ਼ੇ ਬਾਰੇ ਅਗਲੇਰੀ ਖੋਜ ਕੀਤੀ ਜਾਵੇ ਤਾਂ ਬਹੁਤ ਕੁਝ ਅਣਗੌਲਿਆ ਤੇ ਅਣਫਰੋਲਿਆ ਸਾਹਮਣੇ ਆਵੇਗਾ।

ਪਿੰਜਰੇ ਪਿਆ ਪੰਛੀ
ਪਿੰਜਰੇ ਦੀ ਸਲਾਹੁਤ ਕਰਨ ਵਾਲੇ ਨੂੰ
ਜ਼ਾਲਮ ਖੜਾ ਹਵਾ ਖੁੱਲ੍ਹੀ ਵਿਚ
ਆਖੇ, 'ਪਿੰਜਰਾ ਸੁਹਣਾ',-
ਵਿਚ ਆ ਜਾਵੇਂ ਫਿਰ ਮੈਂ ਪੁੱਛਾਂ:
'ਕਿੰਨਾ ਹੈ ਮਨ-ਮੁਹਣਾ '
ਪਰ ਤੋਂ ਹੀਨ, ਧਰਾ ਦੇ ਕੈਦੀ
ਓ ਮੂਰਖ ਦਿਲ ਕਰੜੇ !
ਉੱਡਣਹਾਰੇ ਪੰਛੀ ਨੂੰ ਇਹ
ਸੁਹਣਾ ਹੈ ਜਿੰਦ ਕੁਹਣਾ ।
ਜ਼ਾਲਮ ਨੂੰ ਰੰਗ ਸੁਹਣਾ ਲੱਗਾ,
ਮਿੱਠੀ ਲੱਗੀ ਬਾਣੀ,-
ਵਾਹ ਵਾ ਕਦਰ ਗੁਣਾਂ ਦੀ ਪਾਈ !
ਛਹਕੇ ਜਾਲੀ ਤਾਣੀ,
ਪਕੜ ਪਿੰਜਰੇ ਪਾਇ ਵਿਛੋੜਿਆ
ਸਾਕ ਸਨੇਹੀਆਂ ਨਾਲੋਂ,
ਭੱਠ ਪਵੇ ਇਹ ਕਦਰ ਤੁਹਾਡੀ
ਖੇਹ ਇਸ ਯਾਰੀ ਲਾਣੀ

**-ਭਾਈ ਵੀਰ ਸਿੰਘ**

---

# ਸੱਟੇ ਵਾਲਾ ਸਾਧ



**ਸਤਪਾਲ ਸਿੰਘ ਦਿਉਲ**

ਜੂਏ ਸੱਟੇ ਦਾ ਜੁਰਮ ਸਾਡੇ ਸਮਾਜ ਵਿੱਚ ਬਹੁਤ ਦੇਰ ਤੋਂ ਫੈਲਿਆ ਹੋਇਆ ਹੈ। ਇਸ ਜੁਰਮ ਦੀਆਂ ਜੜ੍ਹਾਂ ਅਜਾਦੀ ਤੋਂ ਪਹਿਲਾਂ ਦੀਆਂ ਸਾਡੇ ਦੇਸ਼ ਵਿੱਚ ਫੈਲੀਆਂ ਹਨ। ਦਰਅਸਲ ਇਹ ਇੱਕ ਨੰਬਰਾਂ ਦੀ ਖੇਡ ਹੈ ਜੋ ਸ਼ਾਤਿਰ ਬੰਦੇ ਚਲਾਉਂਦੇ ਹਨ। ਪਹਿਲਾਂ ਇਹ ਵੱਡੇ ਸੱਟਾ ਮਾਫੀਆਂ ਵੱਲੋਂ ਵੱਡੇ ਪੱਧਰ 'ਤੇ ਚਲਾਇਆ ਜਾਂਦਾ ਸੀ ਪਰ ਹੁਣ ਹੇਠਲੇ ਪੱਧਰ ਉੱਤੇ ਪੂਰੇ ਦੇਸ਼ ਵਿੱਚ ਫੈਲਿਆ ਹੋਇਆ ਹੈ। ਨਿਗੂਣੀ ਸਜ਼ਾ ਹੋਣ ਕਰਕੇ ਅਪਰਾਧੀ ਵਾਰ ਵਾਰ ਇਸ ਜੁਰਮ ਨੂੰ ਦੁਹਰਾਉਂਦੇ ਹਨ। ਲੋਕਾਂ ਦੀ ਦੰਦ ਕਥਾ ਅਨੁਸਾਰ ਇੱਕ ਨੰਬਰ ਤੋਂ ਸੌ ਨੰਬਰ ਤੱਕ ਦੇ ਅੰਕਾਂ ਵਿੱਚੋਂ ਇੱਕ ਨੰਬਰ ਹਰ ਰੋਜ਼ ਘੋਸ਼ਿਤ ਕੀਤਾ ਜਾਂਦਾ ਹੈ। ਨੰਬਰ ਆਉਣ 'ਤੇ ਇੱਕ ਰੁਪਏ ਬਦਲੇ ਸੌ ਰੁਪਇਆ ਦੇਣ ਦਾ ਇਕਰਾਰ ਕੀਤਾ ਜਾਂਦਾ ਹੈ। ਇਹ ਸਭ ਤੋਂ ਪਹਿਲਾਂ ਬੰਬੇ ਸ਼ਹਿਰ ਤੋਂ ਸ਼ੁਰੂ ਹੋਇਆ ਸੀ, ਜਿੱਥੇ ਇੱਕ ਵਿਅਕਤੀ ਜਿਸ ਨੂੰ ਮਟਕਾ ਕਿੰਗ ਕਿਹਾ ਜਾਂਦਾ ਸੀ, ਇੱਕ ਨੰਬਰ ਤੋਂ ਸੌ ਨੰਬਰ ਤੱਕ ਮਟਕੇ ਵਿੱਚ ਰਲਾ ਕੇ ਇੱਕ ਨੰਬਰ ਕੱਢਦਾ ਸੀ। ਹੇਠਲੇ ਸੱਟਾ ਲਵਾਉਣ ਵਾਲੇ ਵਿਅਕਤੀ, ਜਿਨ੍ਹਾਂ ਨੂੰ ਖਾਈਵਾਲ ਕਿਹਾ ਜਾਂਦਾ ਹੈ, ਉਹ ਆਪਣਾ ਕਮਿਸ਼ਨ ਕੱਟ ਕੇ ਲੋਕਾਂ ਨੂੰ ਅਦਾਇਗੀ ਕਰਦੇ ਸਨ। ਉਸ ਵਕਤ ਸੰਚਾਰ ਦੇ ਸਾਧਨ ਨਹੀਂ ਹੁੰਦੇ ਸਨ। ਇਹਨਾਂ ਨੰਬਰਾਂ ਨੂੰ ਰੇਲਗੱਡੀ ਦੇ ਅਖੀਰਲੇ ਡੱਬੇ ਉੱਤੇ ਲਿਖ ਦਿੱਤਾ ਜਾਂਦਾ ਸੀ, ਜਿੱਥੋਂ ਪੂਰੇ ਦੇਸ਼ ਵਿੱਚ ਨੰਬਰ ਪਤਾ ਲੱਗਦਾ ਸੀ। ਪਰ ਲੱਗਦਾ ਨਹੀਂ ਇਸ ਵਿੱਚ ਕੋਈ ਸੱਚਾਈ ਹੋਵੇਗੀ। ਇੰਝ ਜਾਪਦਾ ਹੈ ਕਿ ਸੱਟੇ ਦਾ ਕਾਰੋਬਾਰ ਕਰਨ ਵਾਲਿਆਂ ਨੇ ਸਿਰਫ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਇਹ ਅਫਵਾਹ ਫੈਲਾ ਰੱਖੀ ਹੋਵੇਗੀ। ਕੋਈ ਵੀ ਵਿਅਕਤੀ ਇਸ ਕੁਕਰਮ ਤੋਂ ਸ਼ਾਹ ਹੁੰਦਾ ਅੱਜ ਤੱਕ ਨਹੀਂ ਦੇਖਿਆ ਪਰ ਉੱਜੜਦੇ ਬਹੁਤ ਵੇਖੇ ਹਨ। ਇਸ ਜੁਰਮ ਨੇ ਵੀ ਕਈ ਘਰ ਪੱਟੇ ਹਨ ਅਤੇ ਕਈ ਸਾਧਾਂ ਦੇ ਡੇਰੇ ਵਸਾਉਣ ਵਿੱਚ ਵੀ ਯੋਗਦਾਨ ਪਾਇਆ ਹੈ।

*ਅਸਲ ਵਿੱਚ ਇਸ ਜੁਰਮ ਨੂੰ ਵਧਾਉਣ ਵਿੱਚ ਸਾਧਾਂ ਦੀ ਵੱਡੀ ਹਿੱਸੇਦਾਰੀ ਹੈ ਤੇ ਕਈ ਸਾਧਾਂ ਦਾ ਕਾਰੋਬਾਰ ਹੀ ਇਸ ਗੋਰਖਧੰਦੇ ਤੋਂ ਚਲਦਾ ਹੈ। ਕਈ ਸਾਧ ਆਪਣੇ ਡੇਰੇ ਵਿੱਚ ਗੱਲਾਂਬਾਤਾਂ ਕਰਦੇ ਜਾਣ ਬੁੱਝ ਕੇ ਕਿਸੇ ਨੰਬਰ ਦਾ ਜ਼ਿਕਰ ਕਰ ਦਿੰਦੇ ਹਨ। ਹੋ ਸਕਦਾ ਹੈ ਉਹ ਕਿਸੇ ਸੱਟਾ ਕਾਰੋਬਾਰੀ ਨਾਲ ਰਲ ਕੇ ਅਜਿਹਾ ਕਰਦੇ ਹੋਣ। ਨੰਬਰ ਆਉਣ 'ਤੇ ਸੱਟੇ ਦੇ ਗਾਹਕ ਸਾਧ ਨੂੰ ਰੱਬ ਬਣਾ ਦਿੰਦੇ ਹਨ।*

ਅਸਲ ਵਿੱਚ ਇਸ ਜੁਰਮ ਨੂੰ ਵਧਾਉਣ ਵਿੱਚ ਸਾਧਾਂ ਦੀ ਵੱਡੀ ਹਿੱਸੇਦਾਰੀ ਹੈ ਤੇ ਕਈ ਸਾਧਾਂ ਦਾ ਕਾਰੋਬਾਰ ਹੀ ਇਸ ਗੋਰਖਧੰਦੇ ਤੋਂ ਚਲਦਾ ਹੈ। ਕਈ ਸਾਧ ਆਪਣੇ ਡੇਰੇ ਵਿੱਚ ਗੱਲਾਂਬਾਤਾਂ ਕਰਦੇ ਜਾਣ ਬੁੱਝ ਕੇ ਕਿਸੇ ਨੰਬਰ ਦਾ ਜ਼ਿਕਰ ਕਰ ਦਿੰਦੇ ਹਨ। ਹੋ ਸਕਦਾ ਹੈ ਉਹ ਕਿਸੇ ਸੱਟਾ ਕਾਰੋਬਾਰੀ ਨਾਲ ਰਲ ਕੇ ਅਜਿਹਾ ਕਰਦੇ ਹੋਣ। ਨੰਬਰ ਆਉਣ 'ਤੇ ਸੱਟੇ ਦੇ ਗਾਹਕ ਸਾਧ ਨੂੰ ਰੱਬ ਬਣਾ ਦਿੰਦੇ ਹਨ। ਸਾਧਾਂ ਵੱਲੋਂ ਯਭਲੀਆਂ ਮਾਰ ਕੇ ਦੱਸੇ ਸੱਟੇ ਨੂੰ ਮਲਵਈ ਬੋਲੀ ਵਿੱਚ ਬੌੜ ਮਾਰਨਾ ਕਹਿੰਦੇ ਹਨ। ਠੇਠ ਪੰਜਾਬੀ ਵਿੱਚ ਇਸ ਨੂੰ ਸਾਧ ਦਾ ਕਮਲ ਕੁਦਾਉਣਾ ਵੀ ਕਿਹਾ ਜਾ ਸਕਦਾ ਹੈ। ਕਈ ਸਾਧ ਤਾਂ ਡੇਰੇ ਵਿੱਚ ਗੰਦੀਆਂ ਗਾਲ੍ਹਾਂ ਵੀ ਕੱਢਦੇ ਹਨ ਜਿਸ ਤੋਂ ਸੱਟੇ ਵਾਲੇ ਸੱਟਾ ਬਣਾਉਂਦੇ ਹਨ। ਖਾਈਵਾਲ ਵੀ ਪੂਰੇ ਸ਼ਾਤਿਰ ਹੁੰਦੇ ਹਨ। ਜਿਸ ਨੰਬਰ 'ਤੇ ਘੱਟ ਅਦਾਇਗੀ ਕਰਨੀ ਪਵੇ, ਉਹ ਉਹੀ ਨੰਬਰ ਘੋਸ਼ਿਤ ਕਰਦੇ ਹਨ। ਕਈ ਵਾਰ ਅਦਾਇਗੀ ਨਾ ਕਰਨ ਨੂੰ ਲੈ ਕੇ ਝਗੜੇ ਹੁੰਦੇ ਵੀ ਦੇਖੇ ਹਨ। ਪਰ ਹੁਣ ਨਸ਼ੇ ਦੇ ਕਾਰੋਬਾਰ ਉੱਤੇ ਧਿਆਨ ਹੋਣ ਨਾਲ ਇਸ ਅਪਰਾਧ ਤੋਂ ਸਭ ਦਾ ਧਿਆਨ ਹਟ ਚੁੱਕਾ ਹੈ। ਪੂਰੇ ਬੁਲੰਦ ਹੌਂਸਲਿਆਂ ਨਾਲ ਇਹ ਜੁਰਮ ਪਨਪ ਰਿਹਾ ਹੈ।

ਕਾਫੀ ਸਮਾਂ ਪਹਿਲਾਂ ਸਾਡੇ ਕਾਲਜ ਦੀ ਕੰਧ ਨਾਲ ਇੱਕ ਪਾਗਲ ਵਿਅਕਤੀ ਆ ਕੇ ਬੈਠ ਗਿਆ ਜਿਸਦੇ ਤਨ ਉੱਪਰ ਕੋਈ ਕੱਪੜਾ ਨਹੀਂ ਸੀ। ਉਹ ਵਿਅਕਤੀ ਹਰ ਰੋਜ਼ ਧਰਤੀ ਉੱਤੇ ਨੰਬਰ ਲਿਖਦਾ ਰਹਿੰਦਾ। ਜਾਪਦਾ ਸੀ ਕਿ ਉਸ ਨੂੰ ਕੋਈ ਸੂਝ ਨਹੀਂ ਸੀ ਕਿ ਉਹ ਕੀ ਲਿਖ ਰਿਹਾ ਹੈ। ਨੇੜੇ ਤੋਂ ਲੰਘਣ ਵਾਲੇ ਕਿਸੇ ਸੱਟੇਬਾਜ਼ ਦੀ ਨਿਗਾਹ ਉਸ ਦੇ ਲਿਖੇ ਨੰਬਰਾਂ ਉੱਤੇ ਪੈ ਗਈ ਤਾਂ ਅਗਲੇ ਦਿਨ ਤੋਂ ਉਸ ਪਾਗਲ ਵਿਅਕਤੀ ਨੂੰ ਲੋਕਾਂ ਨੇ ਕਰਨੀ ਵਾਲਾ ਸਾਧ ਸਮਝ ਲਿਆ ਤੇ ਉਸ ਨੂੰ ਵਧੀਆ ਭਗਵੇਂ ਕੱਪੜੇ ਪਵਾ ਦਿੱਤੇ । ਇੱਕ ਬਾਂਸ ਦਾ ਛੱਪਰ ਵੀ ਸੜਕ ਕੰਢੇ ਸਰਕਾਰੀ ਜਗ੍ਹਾ ਨਜਾਇਜ਼ ਰੋਕ ਕੇ ਪਾ ਦਿੱਤਾ। ਲੋਕ ਕਹਿਣ ਲੱਗ ਪਏ ਕਿ ਸੰਤ ਆਪਣਾ ਦੁਨਿਆਵੀ ਰੂਪ ਲੁਕਾ ਕੇ ਰੱਖਦੇ ਹਨ। ਫਿਰ ਪਤਾ ਨਹੀਂ ਉਸ ਪਾਗਲ ਦੇ ਦਿਮਾਗ ਵਿੱਚ ਕੀ ਆਇਆ, ਹਰ ਰੋਜ਼ ਕਈ ਨੰਬਰ ਧਰਤੀ ਉੱਤੇ ਲਿਖਣ ਲੱਗ ਪਿਆ ਜੋ ਸੱਟੇਬਾਜ਼ਾਂ ਲਈ ਸੰਤਾਂ ਦਾ ਬੌੜ ਹੁੰਦਾ ਸੀ।

ਇਸੇ ਦੌਰਾਨ ਇੱਕ ਸਖਤ ਮਿਜਾਜ਼ ਅਫਸਰ ਦੀ ਨਿਯੁਕਤੀ ਉਸ ਸ਼ਹਿਰ ਵਿੱਚ ਹੋ ਗਈ ਜਿਸ ਨੇ ਨਜਾਇਜ਼ ਕਬਜਾ ਕਰੀ ਬੈਠੇ ਕਰਨੀ ਵਾਲੇ ਕਮਲੇ ਦੇ ਤੱਪੜ ਸ਼ਹਿਰੋਂ ਬਾਹਰ ਸੁੱਟ ਦਿੱਤੇ। ਉਸ ਤੋਂ ਬਾਅਦ ਉਹ ਕਦੇ ਨਜ਼ਰ ਨਹੀਂ ਆਇਆ। ਲੋਕਾਂ ਨੇ ਪਾਗਲ ਬਾਬੇ ਨੂੰ ਲੱਭਣ ਦੀ ਕੋਸ਼ਿਸ਼ ਬਹੁਤ ਕੀਤੀ ਪਰ ਉਹ ਮਿਲਿਆ ਨਹੀਂ। ਪਰ ਮਾਨਸਿਕ ਰੂਪ ਵਿੱਚ ਕਮਜ਼ੋਰ ਲੋਕ ਬਗੈਰ ਮਿਹਨਤ ਤੋਂ ਅਮੀਰ ਹੋਣ ਵਾਸਤੇ ਕੋਈ ਹੋਰ ਪਾਗਲ ਬਾਬਾ ਸੱਟੇ ਵਾਲਾ ਲੱਭ ਹੀ ਲੈਣਗੇ।

## ਭਾਰਤ ਮਾਤਾ ਦੇ 'ਹਵਸੀ ਕੁੱਤੇ'

8. ਇਕ ਹੋਰ ਛੇ ਸਾਲਾ ਬੱਚੀ ਦੀ ਗਲੀ ਸੜੀ ਲਾਸ਼ ਰਾਮਪੁਰ ਵਿਚ ਇਕ ਟੁੱਟੇ ਹੋਏ ਘਰ ਦੀ ਚਾਰਦੀਵਾਰੀ ਅੰਦਰ ਮਿਲੀ ਜਿਸ ਨੂੰ ਉਸੇ ਦੇ ਗਵਾਂਢੀ ਨੇ ਬਲਾਤਕਾਰ ਕਰ ਕੇ ਗਲਾ ਘੁੱਟ ਕੇ ਮਾਰ ਮੁਕਾਇਆ ਸੀ।

9. ਦਿੱਲੀ ਵਿਚ ਇੱਕ ਨੌਂ ਸਾਲਾ ਬੱਚੀ ਦਾ ਉਧਾਲਾ ਉਸ ਦੇ ਆਪਣੇ ਸਕੇ ਪਿਓ ਨੇ ਕੀਤਾ। ਜ਼ਖ਼ਮਾਂ ਦੀ ਮਾਰ ਨਾ ਝੱਲਦੀ ਹੋਈ ਤੇ ਬੱਚੇਦਾਨੀ ਫਟਣ ਨਾਲ ਵਾਧੂ ਲਹੂ ਵਹਿ ਜਾਣ ਕਾਰਨ ਉਹ ਸੁਆਸ ਤਿਆਗ ਗਈ।

10. ਹਰਿਆਣੇ ਵਿਚ ਇੱਕ ਵਿਧਵਾ ਔਰਤ ਨੂੰ ਦੋ ਜਣਿਆਂ ਨੇ ਘੜੀਸ ਕੇ ਨਸ਼ਾ ਪਿਆ ਕੇ ਖੇਤਾਂ ਵਿਚ ਲਿਜਾ ਕੇ ਤਿੰਨ ਘੰਟੇ ਬਲਾਤਕਾਰ ਕੀਤਾ।

11. ਇੱਕ 6 ਸਾਲਾ ਬੱਚੀ ਦਾ ਸਮੂਹਕ ਬਲਾਤਕਾਰ ਉਸੇ ਦੇ ਸਕੂਲ ਵਿਚ ਪੜ੍ਹ ਰਹੇ 4 ਨਾਬਾਲਗ (12 ਤੋਂ 15 ਸਾਲਾਂ ਦੇ) ਮੁਸ਼ਟੰਡਿਆਂ ਨੇ ਕੀਤਾ।

12. ਹਰਿਆਣੇ ਵਿਚ 19 ਸਾਲਾ ਬੱਚੀ ਦਾ ਬਲਾਤਕਾਰ ਉਸ ਨੂੰ ਜਬਰੀ ਚੁੱਕ ਕੇ ਨਸ਼ੇ ਦਾ ਟੀਕਾ ਲਾ ਕੇ ਕੀਤਾ ਗਿਆ। ਫੜੇ ਜਾਣ ਉੱਤੇ ਬਲਾਤਕਾਰੀ ਨੇ ਬਿਆਨ ਦਿੱਤਾ ਕਿ ਉਹ ਬੱਚੀ ਪੜ੍ਹਾਈ ਵਿਚ ਪਹਿਲੇ ਨੰਬਰ ਉੱਤੇ ਆਉਂਦੀ ਰਹੀ ਸੀ ਤੇ ਉਸ ਨੇ ਨੈਸ਼ਨਲ ਐਵਾਰਡ ਜਿੱਤਿਆ ਸੀ। ਇਸ ਵਾਸਤੇ ਇਹ ਸਜ਼ਾ ਦਿੱਤੀ ਗਈ ਤਾਂ ਜੋ ਉਸ ਨੂੰ ਵੇਖ ਕੇ ਕੋਈ ਹੋਰ ਬੱਚੀ ਅਗਾਂਹ ਪੜ੍ਹਨ ਦੀ ਹਿੰਮਤ ਨਾ ਕਰ ਸਕੇ।

13. ਦਿੱਲੀ ਵਿਚ ਇਕ ਸੱਤ ਸਾਲਾ ਬੱਚੀ ਦਾ ਬਲਾਤਕਾਰ ਉਸ ਦੇ ਗੁਆਂਢੀ 45 ਸਾਲਾ ਹੈਵਾਨ ਨੇ ਕੀਤਾ। ਬਲਾਤਕਾਰ ਕਰਨਾ ਸੰਭਵ ਨਹੀਂ ਹੋ ਰਿਹਾ ਸੀ ਕਿਉਂਕਿ ਬੱਚੀ ਦੇ ਅੰਦਰੂਨੀ ਅੰਗ ਅਜੇ ਬਣੇ ਹੀ ਨਹੀਂ ਸੀ। ਇਸ ਲਈ ਉਸ ਨੇ ਲੋਹੇ ਦੀ ਵੱਡੀ ਚੌੜੀ ਪਾਈਪ ਉਸ ਦੀ ਬੱਚੇਦਾਨੀ ਅੰਦਰ ਪਾ ਕੇ ਪਾੜ ਦਿੱਤੀ ਤੇ ਇੰਜ ਹੀ ਬੇਸੁਰਤ ਲਹੂ ਵਹਿੰਦੀ ਨੂੰ ਹਵਸ ਮਿਟਾਉਣ ਬਾਅਦ ਗਲੀ ਵਿਚ ਸੁੱਟ ਕੇ ਤੁਰ ਗਿਆ। ਉਸ ਬੱਚੀ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ। ਮਾਂ ਇਕੱਲੀ ਕਮਾਉਣ ਵਾਲੀ ਸੀ ਤੇ ਉਹ ਵੀ ਦਿਹਾੜੀਦਾਰ। ਪੈਸੇ ਦੀ ਕਮੀ ਹੋਣ ਸਦਕਾ ਬੱਚੀ ਦਾ ਆਈ.ਸੀ.ਯੂ. ਦਾ ਖ਼ਰਚਾ ਨਾ ਝੱਲ ਸਕੀ।

14. ਇਸ ਬੱਚੀ ਵੇਲੇ ਤਾਂ ਹੱਦ ਹੀ ਟੱਪੀ ਗਈ! ਕਰੂਰ ਮਾਨਸਿਕਤਾ ਦਾ ਚਿਹਰਾ ਸਭ ਸਾਹਮਣੇ ਸਪਸ਼ਟ ਹੋ ਗਿਆ। ਇਕ ਨਾਮਵਰ ਸਕੂਲ ਦੇ ਬੋਰਡਿੰਗ ਵਿਚ ਪੜ੍ਹ ਰਹੀ 10ਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਨੂੰ ਉਸੇ ਦੇ ਕਲਾਸ ਵਿਚਲੇ ਨਾਲਾਇਕ 4 ਵਿਦਿਆਰਥੀਆਂ, ਜੋ ਵੱਡੇ ਘਰਾਂ ਦੇ ਕਾਕੇ ਸਨ, ਨੇ ਸਮੂਹਕ ਬਲਾਤਕਾਰ ਕੀਤਾ ਤੇ ਸਕੂਲ ਵਾਲਿਆਂ ਨੇ ਬੱਚੀ ਨੂੰ ਸਭ ਕੁੱਝ ਜਰ ਜਾਣ ਲਈ ਕਿਹਾ ਤਾਂ ਜੋ ਸਕੂਲ ਦਾ ਨਾਂ ਬਦਨਾਮ ਨਾ ਹੋ ਜਾਵੇ। ਜਦੋਂ ਗਰਭ ਠਹਿਰ ਗਿਆ ਤਾਂ ਗਰਭਪਾਤ ਵੀ ਚੁੱਪ ਚਪੀਤੇ ਸਕੂਲ ਅੰਦਰ ਹੀ ਕਰਵਾ ਦਿੱਤਾ ਗਿਆ। ਉਸ ਤੋਂ ਬਾਅਦ ਹੀ ਮਾਪਿਆਂ ਨੂੰ ਪਤਾ ਲੱਗਿਆ ਤੇ ਗੱਲ ਮੀਡੀਆ ਤੱਕ ਪਹੁੰਚੀ।

15. ਸੰਗਰੂਰ ਵਿਚ 65 ਸਾਲਾ ਮਾਈ ਭਾਗੋ ਦੇਵੀ ਦਾ ਸਮੂਹਕ ਬਲਾਤਕਾਰ ਬਾਅਦ ਕਤਲ ਕੀਤਾ ਹੋਇਆ ਸਰੀਰ ਖਨੌਰੀ ਪੁਲਿਸ ਨੂੰ ਲੱਭਿਆ। ਕਤਲ ਕਰਨ ਵਾਲੇ ਸ਼ਤਰਾਨੇ ਦੇ ਚਾਰ ਨੌਜਵਾਨ ਮੁਸ਼ਟੰਡਿਆਂ ਵਿੱਚੋਂ ਇਕ 15 ਵਰ੍ਹਿਆਂ ਦਾ ਸੀ। ਸਾਗਰ, ਬੰਟੀ ਤੇ ਬਿੱਟੂ ਨੇ ਮੰਨਿਆ ਕਿ ਉਨ੍ਹਾਂ ਚਾਰਾਂ ਨੇ ਵਾਰੋ ਵਾਰੀ ਰੱਜ ਕੇ ਬਜ਼ੁਰਗ ਬੀਬੀ ਦਾ ਬਲਾਤਕਾਰ ਕਰ ਕੇ ਗਲਾ ਘੁੱਟ ਕੇ ਮਾਰ ਕੇ ਉਸ ਦੇ ਘਰ ਲੁੱਟ ਮਾਰ ਕੀਤੀ ਤੇ ਉਸ ਦੀਆਂ ਸੋਨੇ ਦੀਆਂ ਵਾਲੀਆਂ ਵੀ ਲਾਹ ਲਈਆਂ ਸਨ। ਮਾਈ ਭਾਗੋ ਦੇਵੀ 20 ਸਾਲਾਂ ਤੋਂ ਇਕੱਲੀ ਰਹਿ ਰਹੀ ਸੀ ਕਿਉਂਕਿ ਉਸ ਦਾ ਪਤੀ ਮਰ ਚੁੱਕਿਆ ਸੀ ਤੇ ਪੁੱਤਰ ਵੱਖ ਰਹਿਣ ਤੁਰ ਗਏ ਸਨ। ਜ਼ਰਾ ਧਿਆਨ ਦੇਣਾ! ਇਨ੍ਹਾਂ ਵਿੱਚੋਂ ਇੱਕ ਮੁਸ਼ਟੰਡਾ 19 ਸਾਲਾ ਸਾਗਰ ਮਾਈ ਭਾਗੋ ਦੇ ਸਕੇ ਭਰਾ ਦਾ ਪੋਤਰਾ ਸੀ, ਜੋ ਖਨੌਰੀ ਦੇ ਐਸ.ਐਚ.ਓ. ਕਰਤਾਰ ਸਿੰਘ ਅਨੁਸਾਰ ਬਹੁਤ ਵਾਰ ਆਪਣੀ ਦਾਦੀ ਕੋਲ ਪਿੰਨੀਆਂ ਤੇ ਚੂਰੀ ਖਾਣ ਆਉਂਦਾ ਜਾਂਦਾ ਰਹਿੰਦਾ ਸੀ! ਯਾਨੀ ਹੁਣ ਪੋਤਰੇ ਵੀ ਦਾਦੀ ਦਾ ਬਲਾਤਕਾਰ ਕਰ ਕੇ ਕਤਲ ਕਰ ਕੇ ਉਸ ਦੇ ਕੰਨਾਂ ਦੀਆਂ ਵਾਲੀਆਂ ਚੁਰਾ ਕੇ ਜਾਣ ਵੇਲੇ ਰਤਾ ਕਸਕ ਤੱਕ ਮਹਿਸੂਸ ਨਹੀਂ ਕਰਦੇ! ਇਸ ਤੋਂ ਵੱਧ ਨਿਘਾਰ ਹੋਰ ਆ ਸਕਦਾ ਹੈ? ਨਗਰ ਕੀਰਤਨ ਦੇ ਰੌਲੇ ਵਿਚ ਮਾਈ ਭਾਗੋ ਦੀ ਚੀਖ ਦੱਬ ਕੇ ਰਹਿ ਗਈ। ਪਰ ਅਸਲ ਗੱਲ ਤਾਂ ਇਹ ਹੈ ਕਿ ਹੁਣ ਸਾਗਰ ਨੂੰ ਬਚਾਉਣ ਲਈ ਉਸ ਦਾ ਪਿਓ ਆਪਣੀ ਹੀ ਮਾਂ ਦੇ ਵਿਰੁੱਧ ਗਵਾਹੀ ਦੇਣ ਨੂੰ ਤਿਆਰ ਹੈ।

16. ਧੂਰੀ ਵਿਖੇ ਸਕੂਲ ਬਸ ਕੰਡਕਟਰ ਕਮਲ ਕੁਮਾਰ ਨੇ ਆਪਣੀ ਹੀ ਬਸ ਵਿਚ ਸਕੂਲ ਜਾਂਦੀ 4 ਸਾਲਾ ਬੱਚੀ ਨੂੰ ਸਕੂਲ ਦੀ ਹਦ ਅੰਦਰ ਲਿਜਾ ਕੇ, ਬਲਾਤਕਾਰ ਕਰ ਕੇ ਸਕੂਲ ਦੇ ਪਿਛਵਾੜੇ ਵਿਚ ਸੁੱਟ ਦਿੱਤਾ।

ਹੈ ਨਾ ਇਕ ਤੋਂ ਇਕ ਵੱਡੇ ਦਗਮੱਜੇ ਮਾਰੇ ਹੋਏ? ਸਭ ਹਵਸੀ ਕੁੱਤੇ ਇਕ ਨਵਾਂ ਰਿਕਾਰਡ ਕਾਇਮ ਕਰਨ ਦੀ ਹੋੜ ਵਿਚ ਹਨ। ਨਵਾਂ ਤੋਂ ਨਵਾਂ ਜਨੂੰਨ ਔਰਤ ਦੇ ਜਿਸਮ ਨੂੰ ਹੰਢਾਉਣ ਦਾ! ਉਸ ਦੀਆਂ ਮਿੱਠੀਆਂ ਲੋਰੀਆਂ ਤੇ ਗੋਦ ਵਿਚ ਖਿਡਾ ਕੇ ਆਪਣਾ ਦੁੱਧ ਪਿਆਉਣ ਦੇ ਜੁਰਮ ਦੀ ਸਜ਼ਾ ਦੇਣ ਦੇ ਦਿਲ ਕੰਬਾਊ ਢੰਗ!

ਇਹ ਸਭ ਹੋਇਆ ਇੱਕੋ ਦਿਨ ਪਰ ਇੱਕ ਖ਼ਾਸ ਵਰ੍ਹੇ ਵਿਚ! ਇਸ ਵਰ੍ਹੇ ਪੂਰੀ ਦੁਨੀਆਂ ਵਿਚ ਗੁਰੂ ਨਾਨਕ ਸਾਹਿਬ ਦਾ 550 ਸਾਲਾ ਜਨਮਦਿਨ ਮਨਾਇਆ ਜਾ ਰਿਹਾ ਹੈ ਜਿਨ੍ਹਾਂ ਨੇ ਔਰਤ ਦਾ ਬਿੰਬ ਉਚੇਰਾ ਚੁੱਕਣ ਦੇ ਅਣਥੱਕ ਯਤਨ ਕੀਤੇ ਸਨ।

ਇਕ ਵੱਖ ਕਿਸਮ ਦਾ ਰਿਕਾਰਡ ਦੁਨੀਆ ਸਾਹਮਣੇ ਪੇਸ਼ ਕੀਤਾ ਗਿਆ।

ਇਸ ਇਕ ਵਰ੍ਹੇ ਵਿਚ 38,947 ਬਲਾਤਕਾਰ ਰਿਕਾਰਡ ਕੀਤੇ ਗਏ ਜਿਨ੍ਹਾਂ ਵਿੱਚੋਂ 2167 ਸਮੂਹਕ ਸਨ ਤੇ ਲਗਭਗ 60 ਫੀਸਦੀ ਨਾਬਾਲਗ ਬੱਚੀਆਂ ਦੇ ਸਨ ਜਿਨ੍ਹਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ। ਮੱਧ ਪ੍ਰਦੇਸ਼ ਵਿਚ 4882, ਉਤਰ ਪ੍ਰਦੇਸ ਵਿਚ 4616, ਮਹਾਰਾਸ਼ਟਰ ਵਿਚ 4189, ਰਾਜਸਥਾਨ ਵਿਚ 3656 ਤੇ ਦਿੱਲੀ ਵਿਚ 2155 ਬਲਾਤਕਰ ਹੋਏ।

ਦਿਨੋ ਦਿਨ ਦੁਗਣੀ ਚੌਗੁਣੀ ਹੁੰਦੀ ਇਨ੍ਹਾਂ ਰਾਖਸ਼ੀ ਬਿਰਤੀ ਵਾਲਿਆਂ ਦੀ ਗਿਣਤੀ ਨੇ ਔਰਤ ਜ਼ਾਤ ਲਈ ਕੋਈ ਸੁਰੱਖਿਅਤ ਥਾਂ 'ਭਾਰਤ ਮਾਤਾ' ਦੀ ਹਦ ਅੰਦਰ ਰੱਖੀ ਹੀ ਨਹੀਂ।

ਵਿਹਲੜ ਫਿਰਦੇ ਇਨ੍ਹਾਂ ਲਾਰ ਟਪਕਾਉਂਦੇ ਕੁੱਤਿਆਂ ਦਾ ਇੱਕੋ ਟੀਚਾ ਹੈ ਕਿ ਆਪਣੀ ਮਾਂ ਦੀ ਜਿਨਸ ਵਾਲੀਆਂ ਦੇ ਸਰੀਰਾਂ ਨੂੰ ਮਾਸ ਦਾ ਲੋਥੜਾ ਮੰਨ ਕੇ ਪਾੜ ਸੁੱਟਣਾ ਹੈ ਜਾਂ ਕਿਸੇ ਵੀ ਹਾਲ ਵਿਚ ਉਨ੍ਹਾਂ ਦੇ ਸਰੀਰਾਂ ਨੂੰ ਭੋਗ ਕੇ ਉਨ੍ਹਾਂ ਉੱਤੇ ਕਾਬਜ਼ ਹੋਣਾ ਹੈ! ਅਜਿਹੀ ਹਾਲਤ ਵਿਚ ਕਿਹੜੀ ਔਰਤ ਇਹ ਮੰਨ ਸਕਦੀ ਹੈ ਕਿ ਉਹ ਘਰੋਂ ਨਿਕਲਣ ਬਾਅਦ ਵਾਪਸ ਸੁਰੱਖਿਅਤ ਪਹੁੰਚ ਜਾਵੇਗੀ?

ਔਰਤ ਦੇ ਕੁੱਖੋਂ ਜੰਮਿਆ ਮਾਸ ਦਾ ਲੋਥੜਾ ਏਨਾ ਕਹਿਰੀ ਤੇ ਜ਼ਹਿਰੀ ਹੋ ਚੁੱਕਿਆ ਹੈ ਕਿ ਉਹ ਜੰਮਣ ਬਾਅਦ ਪਹਿਲਾ ਹੱਲਾ ਉਸੇ ਕੁੱਖ ਉੱਤੇ ਹੀ ਕਰਨ ਬਾਰੇ ਸੋਚਣ ਲੱਗ ਪਿਆ ਹੈ!

ਧਾਰਮਿਕ ਪਾਖੰਡਾਂ ਦੀ ਇਸ ਧਰਤੀ 'ਤੇ ਕੋਈ ਘਾਟ ਨਹੀਂ ਹੈ। ਕਮਾਲ ਇਹ ਹੈ ਕਿ ਮੰਦਰ ਦੀ ਚਾਰ ਦੀਵਾਰੀ ਅੰਦਰ ਵੀ ਨਿੱਕੀ ਬਾਲੜੀ ਦਾ ਬਲਾਤਕਾਰ ਹੋ ਜਾਂਦਾ ਹੈ ਤੇ ਕਿਸੇ ਧਰਮ ਦਾ 'ਰਬ' ਉੱਥੇ ਬੱਚੀਆਂ ਨੂੰ ਬਚਾਉਣ ਪਹੁੰਚਦਾ ਨਹੀਂ! ਆਖ਼ਰ ਕਿਸ ਨੇ ਘੜ੍ਹਿਆ ਹੈ ਅਜਿਹਾ ਰਬ ਜੋ ਸਿਰਫ਼ ਮਰਦਾਂ ਲਈ ਬਹੁੜਦਾ ਹੈ ਤੇ ਉਨ੍ਹਾਂ ਨੂੰ ਹੀ ਔਰਤ ਦਾ ਸਮੂਹਕ ਬਲਾਤਕਾਰ ਕਰ ਕੇ ਮਾਰ ਦੇਣ ਦਾ ਹੱਕ ਵੀ ਦੇ ਦਿੰਦਾ ਹੈ? ਕਿਉਂ ਰਬ ਦੇ ਘਰ ਸਾਰੀਆਂ ਬੰਦਸ਼ਾਂ ਸਿਰਫ਼ ਔਰਤ ਜ਼ਾਤ ਉੱਤੇ ਲੱਗਦੀਆਂ ਹਨ? ਕੌਣ ਹੈ ਅਜਿਹੇ ਕਾਨੂੰਨ ਬਣਾਉਣ ਵਾਲਾ ਤੇ ਰੋਕਾਂ ਲਾਉਣ ਵਾਲਾ? ਰਬ ਜਾਂ ਬੰਦੇ ਵੱਲੋਂ ਘੜਿਆ ਰਬ ਦਾ ਬੁੱਤ? ਉਸ ਬੁੱਤ ਨੂੰ ਘੁਮਾਉਣ ਵਾਲਾ ਸ਼ੈਤਾਨੀ ਦਿਮਾਗ਼ ਕਿਸ ਦਾ ਹੈ? ਕਿਉਂ ਔਰਤ ਨੂੰ ਹੀ ਵੱਧ ਧਾਰਮਿਕ ਵਲਗਣਾਂ ਵਿਚ ਘੇਰੀ ਰੱਖਣ ਦਾ ਜਤਨ ਲਗਾਤਾਰ ਜਾਰੀ ਹੈ? ਕਿਉਂ ਬੱਚੀ ਨੂੰ ਚੰਗੀ ਛੋਹ ਮਾੜੀ ਛੋਹ ਸਮਝਾਉਣ ਵੇਲੇ ਵੱਡੀ ਗਿਣਤੀ ਮਰਦ ਸਮਾਜ ਹਾਲ ਦੁਹਾਈ ਪਾਉਣ ਲੱਗ ਜਾਂਦਾ ਹੈ? ਕਿਉਂ ਖ਼ਾਨਦਾਨ ਦੀ ਇੱਜ਼ਤ ਦਾ ਭਾਰ ਸਿਰਫ਼ ਬਾਲੜੀ ਉੱਤੇ ਲੱਦ ਦਿੱਤਾ ਗਿਆ ਹੈ? ਜਦੋਂ ਖ਼ਾਨਦਾਨ ਦਾ "ਚਿਰਾਗ਼" ਦੂਜੇ ਦੀ ਧੀ ਦਾ ਬਲਾਤਕਾਰ ਕਰਦਾ ਹੈ ਤਾਂ ਖ਼ਾਨਦਾਨ ਦੀ ਇੱਜ਼ਤ ਨੂੰ ਕੀ ਚਾਰ ਚੰਨ ਲੱਗ ਜਾਂਦੇ ਹਨ?

ਕੀ ਇਸੇ ਨੂੰ ਅਖੌਤੀ ਇੱਜ਼ਤ ਦਾ ਨਾਂ ਦੇ ਦਿੱਤਾ ਗਿਆ ਹੈ ਕਿ ਔਰਤ ਨੂੰ ਸਦਾ ਚਰਨਾਂ ਦੀ ਦਾਸੀ ਬਣਾਈ ਰੱਖਣਾ ਹੈ?

ਕਦੋਂ ਅਸੀਂ ਆਪਣਾ ਦੋਗਲਾਪਨ ਛੱਡਾਂਗੇ ਤੇ ਔਰਤ ਨੂੰ ਔਰਤ ਦੀ ਦੁਸ਼ਮਨ ਕਹਿ ਕੇ ਪਾਸਾ ਵੱਟਦੇ ਰਹਾਂਗੇ? ਇਨ੍ਹਾਂ ਸਾਰੇ ਬਲਾਤਕਾਰਾਂ ਬਾਅਦ ਕਿਸੇ ਥਾਂ ਤੋਂ ਆਵਾਜ਼ ਕਿਉਂ ਨਹੀਂ ਉੱਠੀ ਕਿ ਮਰਦ ਔਰਤ ਦਾ ਦੁਸ਼ਮਨ ਹੈ? ਜਦੋਂ ਪੁੱਤਰ ਪਿਓ ਦਾ ਕਤਲ ਕਰਦਾ ਹੈ ਜਾਂ ਕੋਈ ਮੁੰਡਾ ਆਪਣੀ ਹੀ ਜਿਨਸ ਵਾਲੇ ਨਾਲ ਬਦਫੈਲੀ ਕਰਦਾ ਹੈ ਤਾਂ ਕਿਉਂ ਮਰਦ ਹੀ ਮਰਦ ਦਾ ਦੁਸ਼ਮਨ ਹੈ ਵਰਗੀ ਆਵਾਜ਼ ਨਹੀਂ ਚੁੱਕੀ ਜਾਂਦੀ? ਕੀ ਆਪਣੇ ਮੁਲਕ ਨੂੰ 'ਭਾਰਤ ਮਾਤਾ' ਕਹਿਣ ਦਾ ਅਡੰਬਰ ਹੁਣ ਤਿਆਗ ਨਹੀਂ ਦੇਣਾ ਚਾਹੀਦਾ? ਕਿਉਂ ਧਾਰਮਿਕ ਸਥਾਨਾਂ ਤੇ ਔਰਤ ਦੀ ਵਡਿਆਈ ਕਰਨ ਦਾ ਪਾਖੰਡ ਰਚਿਆ ਜਾ ਰਿਹਾ ਹੈ?

ਕਿਉਂ ਏਨੇ ਭਿਆਨਕ ਢੰਗ ਨਾਲ ਹੋ ਰਹੇ ਬਾਲੜੀਆਂ ਦੇ ਉਧਾਲਿਆਂ ਦੀ ਖ਼ਬਰ ਸੁਣ ਕੇ ਕਦੇ ਵੀ ਨਿਆਂ ਦਵਾਉਣ ਵਾਸਤੇ ਭਾਰਤ-ਬੰਦ ਨਹੀਂ ਹੋਇਆ? ਸਖ਼ਤ ਕਾਨੂੰਨਾਂ ਦੀ ਘਾਟ ਤੇ ਬਲਾਤਕਾਰੀਆਂ ਲਈ ਨਰਮ ਰਵੱਈਆ ਕਿਤੇ ਏਸੇ ਕਰਕੇ ਤਾਂ ਨਹੀਂ ਕਿ ਭਾਰਤ ਵਿਚ ਸੱਤਾ ਵਿਚ ਬੈਠੇ ਲੋਕ ਹੀ ਅਜਿਹੇ ਹਨ ਜੋ ਅਸੈਂਬਲੀਆਂ ਅੰਦਰ ਪੋਰਨ ਵੇਖਦੇ ਹਨ, ਕੁੱਝ ਨੇ ਪਤਨੀਆਂ ਛੱਡੀਆਂ ਹੋਈਆਂ ਹਨ, ਕੁੱਝ ਨੇ ਧੀਆਂ ਕੁੱਖ ਵਿਚ ਮਾਰੀਆਂ ਹੋਈਆਂ ਹਨ, ਕੁੱਝ ਵਤਨੋਂ ਪਾਰ ਦੇ ਚੱਕਰਾਂ ਵਿਚ ਸਿਰਫ਼ ਗੋਰੀਆਂ ਨੂੰ ਰਾਤ ਭਰ ਹੰਢਾਉਣ ਜਾਂਦੇ ਹਨ? ਕਿਉਂ ਹਰ ਪਿਓ ਆਪਣੀ ਧੀ ਲਈ ਚਿੰਤਿਤ ਨਹੀਂ? ਕਿਉਂ ਭਰਾ ਆਪਣੀ ਭੈਣ ਦੀ ਸੁਰੱਖਿਆ ਲਈ ਆਵਾਜ਼ ਨਹੀਂ ਚੁੱਕ ਰਿਹਾ? ਕਿਉਂ ਪੁੱਤਰ ਆਪਣੀ ਮਾਂ ਦੀ ਸੁਰੱਖਿਆ ਵਾਸਤੇ ਚੁੱਪੀ ਨਹੀਂ ਤੋੜ ਰਿਹਾ? ਕਿਉਂ ਕਦੇ ਵੀ ਚੋਣਾਂ ਵੇਲੇ ਮਾਵਾਂ, ਭੈਣਾਂ ਤੇ ਧੀਆਂ ਦੀ ਸੁਰੱਖਿਆ ਦਾ ਮੁੱਦਾ ਨਹੀਂ ਚੁੱਕਿਆ ਜਾਂਦਾ?

ਕੋਈ ਤਾਂ ਬੋਲੇ ਤੇ ਜਵਾਬ ਦੇਵੇ ਕਿ ਸਦੀਆਂ ਤੋਂ ਔਰਤ ਬਲਾਤਕਾਰ ਦਾ ਸ਼ਿਕਾਰ ਹੁੰਦੀ ਰਹੀ ਹੈ ਤੇ ਹਰ ਸਾਲ ਪਹਿਲਾਂ ਤੋਂ ਵੱਧ ਭਿਆਨਕ ਆਧੁਨਿਕ ਢੰਗਾਂ ਨਾਲ ਸਮੂਹਕ ਬਲਾਤਕਾਰ ਕਰਨ ਦੇ ਰਿਕਾਰਡ ਕਾਇਮ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਨੂੰ ਰੋਕਣ ਵਾਲੇ ਕਾਨੂੰਨ ਸਦਾ ਹੀ ਕਿਉਂ ਫੇਲ੍ਹ ਹੁੰਦੇ ਰਹੇ ਹਨ?

ਕਿਉਂ ਸਾਡੇ ਮੁਲਕ ਦੇ ਸਿਪਾਹੀਆਂ ਨੂੰ ਆਮ ਵਸਨੀਕਾਂ ਦੀ ਸੁਰੱਖਿਆ ਨਾਲੋਂ ਸਿਰਫ਼ ਲੋਕਾਂ ਦੇ ਚੁਣੇ ਨੁਮਾਇੰਦਿਆਂ ਦੀ ਸੁਰੱਖਿਆ ਦੀ ਡਿਊਟੀ ਮਿਲਦੀ ਹੈ? ਕਿਉਂ ਸਾਡੇ ਫਾਸਟ ਟਰੈਕ ਕੋਰਟਾਂ ਵਿੱਚੋਂ ਮਿਲੀਆਂ ਸਜ਼ਾਵਾਂ ਬਾਅਦ ਵੀ ਬੇਲ ਉੱਤੇ ਬਾਹਰ ਨਿਕਲ ਕੇ ਬਲਾਤਕਾਰੀਏ ਦੁਬਾਰਾ ਜਬਰਜ਼ਨਾਹ ਕਰਦੇ ਫੜੇ ਜਾਂਦੇ ਹਨ? ਕਿਉਂ ਵਕੀਲ ਵੀਰ ਜ਼ਮੀਰ ਨੂੰ ਛਿੱਕੇ ਟੰਗ ਕੇ ਇਨ੍ਹਾਂ ਬਲਾਤਕਾਰੀਆਂ ਦੀ ਬੇਲ ਦੀ ਅਰਜ਼ੀ ਪੇਸ਼ ਕਰਦੇ ਹਨ? ਕਿਉਂ ਬਲਾਤਕਾਰ ਦੇ ਕੇਸਾਂ ਦਾ ਮੁਆਵਜ਼ਾ ਉਨ੍ਹਾਂ ਤੱਕ ਨਹੀਂ ਪਹੁੰਚ ਰਿਹਾ? ਇਹ 'ਫੰਡ' ਕੌਣ ਹਜ਼ਮ ਕਰ ਰਿਹਾ ਹੈ? ਨਿਰਭਆ ਫੰਡ ਕਿਉਂ ਹਾਲੇ ਤਕ ਸਹੀ ਢੰਗ ਨਾਲ ਵਰਤਿਆ ਨਹੀਂ ਗਿਆ?

ਕਿਉਂ ਭਾਰਤ ਵਿਚ ਹੀ ਸਭ ਤੋਂ ਵੱਧ ਸਮੂਹਕ ਬਲਾਤਕਾਰ ਤੇ ਸਭ ਤੋਂ ਵੱਧ ਵਹਿਸ਼ੀਆਨਾ ਢੰਗ ਨਾਲ ਜਬਰਜ਼ਨਾਹ ਹੋ ਰਹੇ ਹਨ?

ਕਿਉਂ ਸਿਰਫ਼ ਇਸੇ ਧਰਤੀ 'ਤੇ ਪਤੀ ਨੂੰ ਹਾਲੇ ਵੀ 'ਪਤੀ-ਦੇਵ' ਕਹਿ ਕੇ ਦੇਵਤਾ ਦਾ ਰੁਤਬਾ ਦੇ ਕੇ ਔਰਤ ਨੂੰ ਅਧੀਨਗੀ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ? ਕਿਉਂ ਹਾਲੇ ਵੀ ਇਸ ਧਰਤੀ 'ਤੇ ਔਰਤ ਨੂੰ ਅੱਧੇ ਅੰਗਾਂ ਵਾਲੀ 'ਅਰਧਾਂਗਨੀ' ਕਹਿ ਕੇ ਬੇਬਸ ਦਰਸਾਇਆ ਜਾ ਰਿਹਾ ਹੈ?

ਦੁਨੀਆ ਭਰ ਵਿਚ ਬਲਾਤਕਾਰੀਆਂ ਨੂੰ ਫਾਂਸੀ, ਤਾ-ਉਮਰ ਕੈਦ, ਸਰੇ ਬਜ਼ਾਰ ਲੋਕਾਂ ਸਾਹਮਣੇ ਤਸੀਹੇ ਦੇਣੇ ਜਾਂ ਲੋਕਾਂ ਵਿਚਕਾਰ ਖੜ੍ਹਾ ਕਰ ਕੇ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਜਾਂਦਾ ਹੈ, ਅੰਗ ਵੱਢ ਦਿੱਤਾ ਜਾਂਦਾ ਹੈ ਜਾਂ ਸਿਰ ਵੱਢ ਦਿੱਤਾ ਜਾਂਦਾ ਹੈ। ਬਲਾਤਕਾਰੀਏ ਦੇ ਟੱਬਰ ਨਾਲ ਵੀ ਕਈ ਥਾਈਂ ਸਮਾਜਿਕ ਬਾਈਕਾਟ ਕੀਤਾ ਜਾਂਦਾ ਹੈ। ਭਾਰਤ ਵਿਚ ਹੀ ਇਨ੍ਹਾਂ ਬਲਾਤਕਾਰੀਆਂ ਨੂੰ ਢਿੱਲ ਕਿਉਂ ਦਿੱਤੀ ਜਾਂਦੀ ਹੈ?

ਆਖ਼ਰੀ ਸਵਾਲ ਅਣਖੀ, ਸਵੈਮਾਨ ਭਰਪੂਰ ਪਿਓਆਂ, ਭਰਾਵਾਂ ਤੇ ਪੁੱਤਰਾਂ ਨੂੰ ਇਹੋ ਹੈ ਕਿ ਕਿਉਂ ਰਾਜੇ ਜੰਮਣ ਵਾਲੀ ਔਰਤ ਨੂੰ ਉਸ ਦੇ ਵਾਰਿਸ ਕੁੱਖਾਂ ਵਿਚ ਮਾਰਦੇ ਨੇ, ਤੰਦੂਰ ਵਿਚ ਸਾੜ੍ਹਦੇ ਨੇ, ਕੱਲੀ ਨੂੰ ਘੇਰ ਕੇ ਸਮੂਹਕ ਬਲਾਤਕਾਰ ਕਰਦੇ ਨੇ, ਰਾਹਾਂ 'ਚ ਛੇੜਦੇ ਨੇ ਤੇ ਕਿਉਂ ਹਰ ਆਸਿਫਾ, ਦਾਮਿਨੀ, ਕਿਰਨਜੀਤ, ਕਿਰਨਦੀਪ, 9 ਮਹੀਨਿਆਂ ਦੀ ਸ਼ਬਨਮ ਦੀ ਚੀਕ ਖਲਾਅ 'ਚ ਤੈਰਦੀ ਹੈ ਪਰ ਅਣਖੀ ਵਾਰਿਸਾਂ ਦੇ ਬੋਲੇ ਕੰਨਾਂ ਨੂੰ ਛੂਹ ਕੇ ਸਿਰਫ਼ ਅਗਾਂਹ ਲੰਘ ਜਾਂਦੀ ਹੈ? ਕਿਉਂ ਜਲਸਿਆਂ, ਜੈਕਾਰਿਆਂ ਦੇ ਰੌਲੇ ਰੱਪਿਆਂ ਹੇਠ ਸਿਰਫ਼ ਔਰਤ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ?

ਅਖ਼ੀਰ ਵਿਚ ਸਲਾਮ ਹੈ ਉਨ੍ਹਾਂ ਸੱਚ, ਹੱਕ ਤੇ ਦਲੀਲ ਨਾਲ ਤੁਰਦੇ ਭਰਾ, ਪੁੱਤਰਾਂ ਤੇ ਵੀਰਾਂ ਨੂੰ, ਜਿਹੜੇ ਹਾਲੇ ਵੀ ਦਮ ਰੱਖਦੇ ਹਨ ਇਸ ਵਰਤਾਰੇ ਨੂੰ ਗਲਤ ਕਹਿਣ ਦਾ ਤੇ ਰੁਤਬਿਆਂ ਵਾਲਿਆਂ ਨੂੰ ਨੰਗੇ ਧੜ ਲਲਕਾਰਦੇ ਹਨ ਜਾਂ ਕਲਮ ਰਾਹੀਂ ਹਾਅ ਦਾ ਨਾਅਰਾ ਮਾਰਦੇ ਹਨ!

ਜੇ ਕਿਸੇ ਦੇ ਮਨ ਅੰਦਰ ਸਵਾਲ ਉੱਠਦਾ ਹੈ ਕਿ ਮੈਂ ਭਾਰਤ ਮਾਤਾ ਦੇ ਅਣਖੀ ਪੁੱਤਰਾਂ ਤਾਈਂ ਕਿਉਂ ਪਹੁੰਚ ਕਰ ਰਹੀ ਹਾਂ, ਤਾਂ ਮੇਰਾ ਸਿੱਧਾ ਸਾਦਾ ਜਵਾਬ ਹੈ-ਸੋਮਨਾਥ ਦੇ ਮੰਦਰ ਦੇ ਗਰਭ ਵਿਚ ਬੈਠੇ ਪੰਡਤਾਂ ਵੱਲੋਂ ਰਬ ਨੂੰ ਲੱਖ ਵਾਰ ਬੁਲਾਉਣ 'ਤੇ ਵੀ ਉਨ੍ਹਾਂ ਨੂੰ ਬਚਾਉਣ ਰਬ ਨਹੀਂ ਬਹੁੜਿਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਹੋਏ ਅਨੇਕਾਂ ਹੱਲਿਆਂ ਬਾਅਦ ਵੀ ਅਣਖੀ ਪੁੱਤਰ ਹੀ ਖੜ੍ਹੇ ਹੋਏ ਸਨ, ਅਰਸ਼ੋਂ ਕੋਈ ਨਹੀਂ ਉਤਰਿਆ ਸੀ। ਮੈਂ ਅਜਿਹੇ ਅਣਖੀ ਪੁੱਤਰਾਂ ਨੂੰ ਹੀ ਵੰਗਾਰ ਪਾਈ ਹੈ, ਹਲੂਣਾ ਦਿੱਤਾ ਹੈ ਕਿ ਜਾਗੋ ਤੇ ਔਰਤ ਜ਼ਾਤ ਦੇ ਹੱਕ ਵਿਚ ਨਿੱਤਰੋ!

ਇਹ ਉਨ੍ਹਾਂ ਅਣਖੀ ਪੁੱਤਰਾਂ ਸਦਕਾ ਹੀ ਹੈ ਕਿ ਹਾਲੇ ਤਕ ਇਸ ਧਰਤੀ 'ਤੇ ਔਰਤ ਦਾ ਵਜੂਦ ਖ਼ਤਮ ਨਹੀਂ ਹੋਇਆ ਤੇ ਹਾਲੇ ਵੀ ਮਾਂ ਪੁੱਤਰ ਨੂੰ ਜੰਮਣਾ ਗੁਨਾਹ ਨਹੀਂ ਮੰਨ ਰਹੀ!

ਜੇ ਵੱਡੀ ਗਿਣਤੀ ਲੋਕ ਹਾਲੇ ਵੀ ਨਾ ਜਾਗੇ ਤਾਂ ਮੰਨਣਾ ਪਵੇਗਾ ਕਿ ਔਰਤ ਰਾਜੇ ਮਹਾਰਾਜਿਆਂ ਨੂੰ ਨਹੀਂ ਸਿਰਫ਼ ਹਵਸੀ ਕੁੱਤਿਆਂ ਨੂੰ ਜਨਮ ਦੇਣ ਲੱਗ ਪਈ ਹੈ।

ਮੈਂ ਸਾਰੇ ਕਿਸਮਾਂ ਤੇ ਨਸਲਾਂ ਦੇ ਕੁੱਤਿਆਂ ਤੋਂ ਖਿਮਾ ਮੰਗੇ ਬਗ਼ੈਰ ਇਸ ਲੇਖ ਦਾ ਅੰਤ ਨਹੀਂ ਕਰ ਸਕਦੀ ਕਿਉਂਕਿ ਮੈਂ ਹਵਸੀਆਂ ਨੂੰ ਉਨ੍ਹਾਂ ਨਾਲ ਮੇਚਿਆ ਹੈ। ਕਤੂਰੇ ਭਾਵੇਂ ਜਿਸ ਕੁੱਖੋਂ ਜੰਮੇ ਹੋਣ ਉਸੇ ਨਾਲ ਵੱਡੇ ਹੋ ਕੇ ਸਹਿਵਾਸ ਕਰ ਲੈਂਦੇ ਹਨ ਪਰ ਉਸ ਦੀ ਮਰਜ਼ੀ ਨਾਲ ਤੇ ਕਦੇ ਵੀ ਸਮੂਹਕ ਤੌਰ 'ਤੇ ਨਹੀਂ ਤੇ ਨਾ ਹੀ ਉਸ ਦਾ ਭਿਆਨਕ ਤਰੀਕੇ ਕਤਲ ਕਰਦੇ ਹਨ!

## ਪਾਕਿਸਤਾਨ : ਜਮਹੂਰੀਅਤ ਵਿਚ ਫ਼ੌਜ ਦਾ ਮੁਖੀ ਮਜਬੂਤ

ਆਪਣੇ ਦੌਰ ਵਿਚ ਸਭ ਤੋਂ ਸੀਨੀਅਰ ਨਹੀਂ ਸਨ। ਭੁੱਟੋ ਅਤੇ ਸ਼ਰੀਫ ਨੇ ਇਸ ਉਮੀਦ ਨਾਲ ਉਨ੍ਹਾਂ ਨੂੰ ਫ਼ੌਜ ਦੇ ਸਭ ਤੋਂ ਉੱਚੇ ਅਹੁਦੇ 'ਤੇ ਬਿਠਾਇਆ ਕਿ ਉਹ ਉਨ੍ਹਾਂ ਦੇ ਵਫਾਦਾਰ ਬਣੇ ਰਹਿਣਗੇ। ਇਹ ਉਨ੍ਹਾਂ ਦੀ ਭਾਰੀ ਗ਼ਲਤੀ ਸਿੱਧ ਹੋਈ ਜਿਸ ਦੀ ਉਨ੍ਹਾਂ ਨੂੰ ਵੱਡੀ ਭਾਰੀ ਕੀਮਤ ਤਾਰਨੀ ਪਈ। ਜ਼ਿਆ ਨੇ ਭੁੱਟੋ ਨੂੰ ਫਾਂਸੀ 'ਤੇ ਚੜ੍ਹਾਇਆ ਤਾਂ ਮੁਸ਼ੱਰਫ ਨੇ ਸ਼ਰੀਫ ਨੂੰ ਜੇਲ੍ਹ ਵਿਚ ਸੁੱਟ ਦਿੱਤਾ। ਇਸ ਤੋਂ ਸਪਸ਼ਟ ਹੈ ਕਿ ਪਾਕਿਸਤਾਨ ਫ਼ੌਜ ਮੁਖੀ ਆਪਣੇ ਹਿੱਤ ਵੀ ਦੇਖਦਾ ਹੈ। ਇਨ੍ਹਾਂ ਹਿੱਤਾਂ ਦੀ ਪੂਰਤੀ ਲਈ ਉਹ ਅਕਸਰ ਫ਼ੌਜ ਵਿਚ ਬਦਨਾਮ ਹੋਣ ਦੀ ਵੀ ਪ੍ਰਵਾਹ ਨਹੀਂ ਕਰਦੇ। ਫ਼ੌਜ ਵਿਚ ਤਮਾਮ ਅਧਿਕਾਰੀਆਂ ਲਈ ਸੇਵਾ ਵਿਸਥਾਰ ਵਿਚ ਇਹ ਉਦੋਂ ਝਲਕਦਾ ਵੀ ਹੈ ਜਦ ਤਮਾਮ ਆਮ ਪ੍ਰਕਿਰਿਆਵਾਂ ਨੂੰ ਛਿੱਕੇ ਟੰਗ ਦਿੱਤਾ ਜਾਂਦਾ ਹੈ। ਬਾਜਵਾ ਮਸ਼ਹੂਰ ਫ਼ੌਜ ਮੁਖੀ ਰਹੇ ਹਨ ਪਰ ਇਸ ਘਟਨਾਚੱਕਰ ਮਗਰੋਂ ਉਨ੍ਹਾਂ ਦੀ ਚਮਕ ਜ਼ਰੂਰ ਕੁਝ ਫਿੱਕੀ ਪਵੇਗੀ। ਅਜਿਹੇ ਵਿਚ ਫ਼ੌਜ ਨੂੰ ਅਜਿਹੇ ਕਿਸੇ ਕਾਨੂੰਨ ਤੋਂ ਪ੍ਰਹੇਜ਼ ਨਹੀਂ ਹੋਵੇਗਾ ਜੋ ਫ਼ੌਜ ਮੁਖੀ ਲਈ ਇਕ ਤੋਂ ਵੱਧ ਕਾਰਜਕਾਲ ਦੀ ਰਾਹ ਵਿਚ ਕੁਝ ਅੜਿੱਕੇ ਪੈਦਾ ਕਰੇ। ਇਸ ਦੇ ਤਮਾਮ ਕਾਰਨ ਹਨ। ਸਭ ਤੋਂ ਵੱਡੀ ਵਜ੍ਹਾ ਤਾਂ ਇਹੀ ਹੈ ਕਿ ਪਾਕਿਸਤਾਨੀ ਫ਼ੌਜ ਦੇਸ਼ ਦੀ ਰੱਖਿਆ ਤੇ ਵਿਦੇਸ਼ ਨੀਤੀ 'ਤੇ ਪੂਰਾ ਕੰਟਰੋਲ ਚਾਹੁੰਦੀ ਹੈ। ਇਸ ਵਿਚ ਉਹ ਕਦੇ ਨੇਤਾਵਾਂ ਜਾਂ ਜੱਜਾਂ ਦਾ ਦਖ਼ਲ ਨਹੀਂ ਚਾਹੇਗੀ। ਜਨਰਲ ਇਹੀ ਮੰਨਦੇ ਹਨ ਕਿ ਉਹ ਪਾਕਿਸਤਾਨ ਦੀ ਭੂਗੋਲਿਕ ਸੁਰੱਖਿਆ ਅਤੇ ਵਿਚਾਰਕ ਨਜ਼ਰੀਏ ਦੇ ਅਸਲੀ ਰਾਖੇ ਹਨ। ਵਿਚਾਰਕ ਨਜ਼ਰੀਏ ਦਾ ਸਰੋਕਾਰ ਉਸੇ ਦੋ-ਰਾਸ਼ਟਰ ਸਿਧਾਂਤ ਤੋਂ ਹੈ ਜਿਸ ਦੇ ਆਧਾਰ 'ਤੇ ਪਾਕਿਸਤਾਨ ਬਣਿਆ। ਉਸ ਵਿਚ ਭਾਰਤ ਨੂੰ ਹਿੰਦੂ ਰਾਸ਼ਟਰ ਮੰਨਿਆ ਜਾਂਦਾ ਹੈ ਅਤੇ ਇਸ ਨਾਤੇ ਉਹ ਪਾਕਿ ਦਾ ਸਥਾਈ ਦੁਸ਼ਮਣ ਹੈ। ਬਾਜਵਾ ਨਾਲ ਜੁੜੇ ਮੌਜੂਦਾ ਮਾਮਲੇ ਦਾ ਇਨ੍ਹਾਂ ਵਿਚੋਂ ਕਿਸੇ ਵੀ ਪਹਿਲੂ ਨਾਲ ਕੋਈ ਲੈਣਾ-ਦੇਣਾ ਨਹੀਂ। ਅਜਿਹੇ ਵਿਚ ਫ਼ੌਜ ਕਦੇ ਨਹੀਂ ਚਾਹੇਗੀ ਕਿ ਕਿਸੇ ਮੌਜੂਦਾ ਜਾਂ ਸੇਵਾਮੁਕਤ ਫ਼ੌਜ ਮੁਖੀ ਨੂੰ ਬੇਵਜ੍ਹਾ ਉਨ੍ਹਾਂ ਮਾਮਲਿਆਂ ਸਬੰਧੀ ਅਸਹਿਜ ਹੋਣਾ ਪਵੇ ਜਿਨ੍ਹਾਂ ਕਾਰਨ ਉਸ ਦੀ ਸ਼ਾਨ ਪ੍ਰਭਾਵਿਤ ਹੋਵੇ। ਫ਼ੌਜ ਮੁਖੀ ਬਾਰੇ ਸੁਪਰੀਮ ਕੋਰਟ ਵਿਚ ਚੱਲੇ ਜ਼ੋਰਦਾਰ ਨਾਟਕ ਮਗਰੋਂ ਵੀ ਉੱਥੇ ਨੀਤੀਗਤ ਢਾਂਚੇ ਵਿਚ ਕੋਈ ਤਬਦੀਲੀ ਨਹੀਂ ਆਉਣ ਵਾਲੀ। ਪਾਕਿਸਤਾਨ ਵਿਚ ਹਮੇਸ਼ਾ ਫ਼ੌਜ ਹਾਵੀ ਰਹੀ ਹੈ ਅਤੇ ਭਵਿੱਖ ਵਿਚ ਵੀ ਅਜਿਹਾ ਹੀ ਹੋਵੇਗਾ। ਨਾ ਹੀ ਇਸ ਗੱਲ ਦੇ ਕੋਈ ਸੰਕੇਤ ਹਨ ਕਿ ਭਾਰਤ ਵਿਰੁੱਧ ਪਾਕਿਸਤਾਨੀ ਫ਼ੌਜ ਦਾ ਵਤੀਰਾ ਬਦਲਣ ਵਾਲਾ ਹੈ।

## ਸ਼ਹਾਦਤ ਦੇ ਸਫ਼ਰ ਦਾ ਪਹਿਲਾ ਪੜਾਅ- ਛੰਨ ਕੁੰਮਾ ਮਾਸ਼ਕੀ

ਪਏ। ਉਨ੍ਹਾਂ ਉੱਥੋਂ ਲੰਘੀ ਜਾਂਦੀ ਇੱਕ ਔਰਤ ਨੂੰ ਇਸ ਸਥਾਨ ਅਤੇ ਕੁੰਮੇ ਮਾਸ਼ਕੀ ਬਾਰੇ ਕੁਝ ਜਾਣਕਾਰੀ ਦੇਣ ਦੀ ਬੇਨਤੀ ਕੀਤੀ ਕਿਉਂਕਿ ਗੁਰਦੁਆਰੇ ਵਿੱਚ ਕੋਈ ਸੇਵਾਦਾਰ ਜਾਂ ਜ਼ਿੰਮੇਵਾਰ ਵਿਅਕਤੀ ਮੌਜੂਦ ਨਹੀਂ ਸੀ। ਉਹ ਔਰਤ ਲੇਖਕ ਨੂੰ ਆਪਣੇ ਘਰ ਲੈ ਗਈ। ਉਸ ਘਰ ਦੇ ਬਜ਼ੁਰਗ ਨੇ ਦੱਸਿਆ ਕਿ ਇੱਥੋਂ ਥੋੜ੍ਹੀ ਦੂਰ ਉਹ ਸਥਾਨ ਹੈ, ਜਿੱਥੇ ਕੁੰਮਾ ਮਾਸ਼ਕੀ ਦੀ ਝੁੱਗੀ ਸੀ। ਉੱਥੇ ਹੁਣ ਬਾਬਾ ਸੁਰਿੰਦਰ ਸਿੰਘ ਖ਼ਾਲਸਾ ਪਿੰਡ ਖਜੂਰਲਾ ਵਾਲੇ ਗੁਰਦੁਆਰਾ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਕੁੰਮਾ ਮਾਸ਼ਕੀ ਜੀ) ਦੀ ਸੇਵਾ ਕਰਾ ਰਹੇ ਹਨ।

ਉਨ੍ਹਾਂ ਦਾ ਧੰਨਵਾਦ ਕਰ ਕੇ ਲੇਖਕ ਨੇ ਉੱਥੋਂ ਚਾਲੇ ਪਾ ਦਿੱਤੇ ਤੇ ਕੱਚੇ-ਪੱਕੇ ਰਾਹਾਂ ਤੋਂ ਹੁੰਦੇ ਹੋਏ ਤਕਰੀਬਨ ਤਿੰਨ-ਚਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਉਸ ਪਾਵਨ ਸਥਾਨ 'ਤੇ ਜਾ ਪੁੱਜੇ। ਇੱਥੇ ਗੁਰਦੁਆਰੇ ਦੀ ਛੋਟੀ ਜਿਹੀ ਸੁੰਦਰ ਇਮਾਰਤ ਸੁਸ਼ੋਭਿਤ ਸੀ। ਇੱਥੇ ਗੁਰਦੁਆਰੇ ਦੀ ਲੰਗਰ ਹਾਲ ਦੀ ਇਮਾਰਤ ਦਾ ਕੰਮ ਚੱਲ ਰਿਹਾ ਸੀ। ਉੱਥੋਂ ਦੇ ਪ੍ਰਬੰਧਕ ਭਾਈ ਅਵਤਾਰ ਸਿੰਘ ਨੇ ਬਾਬਾ ਸੁਰਿੰਦਰ ਸਿੰਘ ਨਾਲ ਫੋਨ 'ਤੇ ਗੱਲ ਕਰਵਾਈ, ਜਿਨ੍ਹਾਂ ਨੇ ਪੁਸਤਕ 'ਪੋਹ ਦੀਆਂ ਰਾਤਾਂ' (ਸਾਕਾ ਚਮਕੌਰ-ਸਾਕਾ ਸਰਹਿੰਦ) ਲਿਖੀ ਹੈ।

ਤਕਦੀਰ ਅਤੇ ਹਾਲਾਤ ਨੇ ਜਦੋਂ ਮਾਤਾ ਗੁਜਰੀ ਜੀ ਨੂੰ ਸੱਤ ਅਤੇ ਨੌਂ ਸਾਲਾਂ ਦੇ ਮਾਸੂਮ ਬਾਲਾਂ ਦੀਆਂ ਉਂਗਲਾਂ ਫੜਾ ਕੇ ਸਰਸਾ ਨਦੀ ਦੇ ਕਿਨਾਰਿਓਂ ਤੋਰ ਦਿੱਤਾ, ਉਦੋਂ ਸ਼ਹਾਦਤ ਦੇ ਰਾਹ ਦਾ ਪਹਿਲਾ ਪੜਾਅ ਇਹ ਸਥਾਨ ਕੁੰਮੇ ਮਾਸ਼ਕੀ ਦੀ ਝੁੱਗੀ ਦੱਸੀ ਜਾਂਦੀ ਹੈ। ਇਤਿਹਾਸਕਾਰਾਂ ਅਨੁਸਾਰ ਮਾਤਾ ਜੀ ਪਰਿਵਾਰ ਤੋਂ ਵਿੱਛੜ ਕੇ ਸਰਸਾ ਨਦੀ ਦੇ ਕਿਨਾਰੇ ਤੁਰਦੇ ਹੋਏ ਸਤਲੁਜ ਦਰਿਆ ਦੇ ਪੱਤਣ 'ਤੇ ਪੁੱਜ ਗਏ, ਜਿੱਥੇ ਸਰਸਾ ਨਦੀ ਸਤਲੁਜ ਦਰਿਆ ਵਿੱਚ ਅਭੇਦ ਹੋ ਜਾਂਦੀ ਹੈ। ਸਰਸਾ ਤੇ ਸਤਲੁਜ ਦੇ ਇਸੇ ਸਾਂਝੇ ਪੱਤਣ ਉੱਤੇ 'ਕੁੰਮਾ' ਨਾਂ ਦੇ ਮਾਸ਼ਕੀ ਦੀ ਘਾਹ-ਫੂਸ ਅਤੇ ਕੱਖਾਂ ਕਾਨਿਆਂ ਦੀ ਛੋਟੀ ਜਿਹੀ ਛੰਨ ਸੀ। ਬਿਖੜੇ ਰਾਹਾਂ ਤੋਂ ਤੁਰਦੇ ਮਾਤਾ ਜੀ ਦੋਵਾਂ ਪੋਤਰਿਆਂ ਸਮੇਤ ਇੱਥੇ ਪੁੱਜੇ। ਕੁੰਮਾ ਮਾਸ਼ਕੀ ਨੇਕ ਤੇ ਰੱਬ ਦਾ ਖ਼ੌਫ਼ ਖਾਣ ਵਾਲਾ ਇਨਸਾਨ ਸੀ। ਉਸ ਨੇ ਤਿੰਨਾਂ ਰੂਹਾਨੀ ਮੂਰਤਾਂ ਨੂੰ ਆਪਣੀ ਛੰਨ ਵਿੱਚ ਵਿਸ਼ਰਾਮ ਕਰਨ ਦੀ ਬੇਨਤੀ ਕੀਤੀ। ਉਸ ਰਾਤ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਠਾਹਰ ਕੀਤੀ।

ਨੇੜਲੇ ਨਗਰ ਵਿੱਚ ਲੱਛਮੀ ਨਾਂ ਦੀ ਇੱਕ ਬ੍ਰਾਹਮਣ ਔਰਤ ਰਹਿੰਦੀ ਸੀ। ਕੁੰਮਾ ਮਾਸ਼ਕੀ ਉਸ ਤੋਂ ਭੋਜਨ ਲੈ ਕੇ ਆਇਆ। ਉਸ ਔਰਤ ਨੇ ਠੰਢ ਤੋਂ ਬਚਣ ਲਈ ਕੁਝ ਗਰਮ ਕੱਪੜੇ ਵੀ ਦਿੱਤੇ। ਦਿਨ ਚੜ੍ਹੇ ਬੀਬੀ ਲੱਛਮੀ ਆਪ ਭੋਜਨ ਤਿਆਰ ਕਰ ਕੇ ਲਿਆਈ ਤੇ ਕੁੰਮੇ ਮਾਸ਼ਕੀ ਸਮੇਤ ਚਾਰਾਂ ਨੂੰ ਅੰਨ ਪਾਣੀ ਛਕਾਇਆ। ਇਤਿਹਾਸਕਾਰਾਂ ਅਨੁਸਾਰ ਗੰਗੂ ਬ੍ਰਹਮਣ ਵੀ ਕੁੰਮੇ ਮਾਸ਼ਕੀ ਦੀ ਛੰਨ 'ਚ ਆ ਕੇ ਹੀ ਮਾਤਾ ਜੀ ਨੂੰ ਮਿਲਿਆ। ਇਸ ਦਾ ਪਤਾ 'ਪੋਹ ਦੀਆਂ ਰਾਤਾਂ' ਨਾਮੀ ਪੁਸਤਕ ਵਿੱਚੋਂ ਮਿਲਦਾ ਹੈ। ਇਹ ਛੰਨ ਵਾਲਾ ਸਥਾਨ ਵੀ ਪਿੰਡ ਚੱਕ ਢੇਰਾ, ਜ਼ਿਲ੍ਹਾ ਰੋਪੜ ਵਿੱਚ ਹੀ ਹੈ। ਪੁਰਾਤਨ ਹਵਾਲੇ ਦੇ ਕੇ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਇੱਕ ਖੱਚਰ ਸਮੇਤ ਕੁੰਮਾ ਮਾਸ਼ਕੀ ਮਾਤਾ ਜੀ, ਦੋਵਾਂ ਸਾਹਿਬਜ਼ਾਦਿਆਂ ਤੇ ਗੰਗੂ ਨੂੰ ਆਪਣੀ ਬੇੜੀ ਵਿੱਚ ਬਿਠਾ ਕੇ ਸਤਲੁਜ ਦਰਿਆ ਕੰਢੇ ਪਿੰਡ ਚੱਕ ਢੇਰਾ ਲਿਆਇਆ। ਇੱਥੋਂ ਹੀ ਗੰਗੂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਲੈ ਗਿਆ।

ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਗੰਗੂ ਨੂੰ ਪਤਾ ਸੀ ਕਿ ਮਾਤਾ ਜੀ ਕੋਲ ਧਨ ਦੌਲਤ ਹੈ, ਇਸੇ ਖੋਟੀ ਨੀਅਤ ਸਦਕਾ ਉਹ ਮਾਤਾ ਜੀ ਨੂੰ ਲੱਭਦਾ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਆ ਮਿਲਿਆ। ਮਾਤਾ ਗੁਜਰੀ ਜੀ ਨੇ ਇੱਥੋਂ ਜਾਣ ਸਮੇਂ ਬੀਬੀ ਲੱਛਮੀ ਨੂੰ ਦੋ ਮੋਹਰਾਂ ਦੇ ਮੁੱਲ ਵਾਲੀ ਕੀਮਤੀ ਆਰਸੀ ਤੇ ਸੋਨੇ ਦੀਆਂ ਪੰਜ ਚੂੜੀਆਂ ਦਿੱਤੀਆਂ ਸਨ। ਕੁੰਮੇ ਮਾਸ਼ਕੀ ਨੂੰ ਮਾਤਾ ਜੀ ਨੇ ਪੰਜ ਰੁਪਏ ਦਿੱਤੇ।

ਗੰਗੂ ਲਾਲਚ ਵੱਸ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਇਸ ਥਾਂ ਤੋਂ ਜੰਗਲ-ਬੀਆਬਾਨਾਂ ਵਿੱਚ ਘੁਮਾਉਂਦਾ 'ਕਾਈਨੌਰ' ਪਿੰਡ ਪੁੱਜ ਗਿਆ, ਜੋ ਹੁਣ ਮੋਰਿੰਡਾ ਦੇ ਨੇੜੇ ਜ਼ਿਲ੍ਹਾ ਰੋਪੜ ਵਿੱਚ ਸਥਿਤ ਹੈ। ਇੱਥੇ ਉਨ੍ਹਾਂ ਇੱਕ ਤਲਾਅ ਉੱਤੇ ਸੰਘਣੀ ਝਿੜੀ ਵਿੱਚ ਰਾਤ ਗੁਜ਼ਾਰੀ। ਦੂਜੇ ਦਿਨ ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ, ਜਿਸ ਦਾ ਨਾਂ ਵੀ ਲੋਕ ਨਹੀਂ ਲੈਂਦੇ।

'ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ' ਪਿੰਡ ਚੱਕ ਢੇਰਾ ਵਾਲੇ ਪਵਿੱਤਰ ਸਥਾਨ ਦੀ ਖੋਜ ਬਾਬਾ ਸੁਰਿੰਦਰ ਸਿੰਘ ਖ਼ਾਲਸਾ ਪਿੰਡ ਖਜੂਰਲਾ ਵਾਲਿਆਂ ਨੇ 2004 ਵਿੱਚ ਕੀਤੀ। ਇਸ ਕਾਰਜ ਲਈ ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਪੁਰਾਤਨ ਇਤਿਹਾਸ ਵਾਚਿਆ। ਇਸ ਅਸਥਾਨ 'ਤੇ 6-7-8 ਪੋਹ ਨੂੰ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ।

# ਕੀ ਕਦੇ ਜ਼ਾਤ ਪਾਤ ਦਾ ਭੇਦ ਭਾਵ ਖਤਮ ਹੋ ਸਕਦਾ ਹੈ ?

**ਬਲਰਾਜ ਸਿੰਘ ਸਿੱਧੂ**

ਕੁਝ ਦਿਨ ਪਹਿਲਾਂ ਸੰਗਰੂਰ ਜ਼ਿਲ੍ਹੇ ਵਿੱਚ ਇੱਕ ਦਲਿਤ ਨੌਜਵਾਨ ਦੀ ਛੋਟੀ ਜਿਹੀ ਗੱਲ ਉੱਤੇ ਭਿਆਨਕ ਕੁੱਟ ਮਾਰ ਕੀਤੀ ਗਈ ਜਿਸ ਕਾਰਨ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਭਾਵੇਂ ਇਹ



ਝਗੜਾ ਕਿਸੇ ਹੋਰ ਕਾਰਨ ਹੋਇਆ ਸੀ, ਪਰ ਜਲਦੀ ਹੀ ਜ਼ਾਤੀਵਾਦੀ ਰੂਪ ਧਾਰਨ ਕਰ ਗਿਆ। ਜੇ ਮੌਕੇ ਸਿਰ ਇਸ ਮਸਲੇ ਨਾਲ ਨਾ ਨਜਿੱਠਿਆ ਜਾਂਦਾ ਤਾਂ ਗੱਲ ਹੋਰ ਵਧ ਸਕਦੀ ਸੀ। ਇਸ ਤਰ੍ਹਾਂ ਦੇ ਇੱਕ ਮਾਮਲੇ ਕਾਰਨ ਕੁਝ ਸਾਲ ਪਹਿਲਾਂ ਦੁਆਬੇ ਵਿੱਚ ਭਿਆਨਕ ਦੰਗੇ ਹੋਏ ਸਨ। ਜ਼ਾਤ ਪਾਤ ਦੀ ਇਸ ਬੁਰਾਈ ਕਾਰਨ ਭਾਰਤ ਸੈਂਕੜੇ ਸਾਲਾਂ ਤੱਕ ਵਿਦੇਸ਼ੀ ਹਮਲਾਵਰਾਂ ਦੁਆਰਾ ਰੌਂਦਿਆ ਜਾਂਦਾ ਰਿਹਾ ਹੈ। ਪਾਣੀਪੱਤ ਦੀ ਪਹਿਲੀ ਜੰਗ (21 ਅਪਰੈਲ 1526 ਈਸਵੀ) ਮੁਗਲ ਬਾਦਸ਼ਾਹ ਬਾਬਰ ਅਤੇ ਦਿੱਲੀ ਦੇ ਸੁਲਤਾਨ ਇਬਰਾਹੀਮ ਲੋਧੀ ਦਰਮਿਆਨ ਹੋਈ ਸੀ। ਬਾਬਰ ਦੀ ਫੌਜ ਸਿਰਫ 30 ਹਜ਼ਾਰ ਸੀ ਅਤੇ ਇਬਰਾਹੀਮ ਲੋਧੀ ਦੀ ਇੱਕ ਲੱਖ ਦੇ ਕਰੀਬ ਸੀ। ਇੱਕ ਰਾਤ ਬਾਬਰ ਭੇਸ ਬਦਲ ਕੇ ਇਬਰਾਹੀਮ ਲੋਧੀ ਦੇ ਕੈਂਪ ਵਿੱਚ ਉਸ ਦੀਆਂ ਜੰਗੀ ਤਿਆਰੀਆਂ ਦੀ ਸੂਹ ਲੈਣ ਲਈ ਘੁੰਮ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਲੋਧੀ ਦੀ ਫੌਜ ਦੇ ਹਰ ਟੈਂਟ ਅੱਗੇ ਚੁੱਲ੍ਹੇ ਬਲ ਰਹੇ ਹਨ। ਉਸ ਨੇ ਆਪਣੇ ਜਾਸੂਸਾਂ ਨੂੰ ਇਸ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ ਕਿ ਇਹ ਲੋਕ ਵੱਖ ਵੱਖ ਜ਼ਾਤਾਂ, ਧਰਮਾਂ ਅਤੇ ਫਿਰਕਿਆਂ ਨਾਲ ਸਬੰਧ ਰੱਖਦੇ ਹਨ। ਛੂਤ ਛਾਤ ਮੰਨਣ ਕਾਰਨ ਇਹ ਇੱਕ ਦੂਸਰੇ ਨਾਲ ਬੈਠ ਕੇ ਖਾਣਾ ਨਹੀਂ ਖਾਂਦੇ। ਇਹ ਸੁਣ ਕੇ ਬਾਬਰ ਖੁਸ਼ ਹੋ ਗਿਆ ਕਿ ਜੇ ਇਹ ਫੌਜੀ ਇਕੱਠੇ ਬੈਠ ਕੇ ਰੋਟੀ ਨਹੀਂ ਖਾ ਸਕਦੇ ਤਾਂ ਇਹਨਾਂ ਨੇ ਲੜਾਈ ਵਿੱਚ ਇੱਕ ਮੁੱਠ ਹੋ ਕੇ ਸਵਾਹ ਲੜਨਾ ਹੈ ? ਅਜਿਹੀ ਪਾਟੋਧਾੜ ਸੈਨਾ ਤਾਂ ਕੁਝ ਹੀ ਪਲਾਂ ਵਿੱਚ ਤਬਾਹ ਕੀਤੀ ਜਾ ਸਕਦੀ ਹੈ। ਉਹੀ ਗੱਲ ਹੋਈ, ਅਗਲੇ ਦਿਨ ਸਿਰਫ ਕੁਝ ਘੰਟਿਆਂ ਵਿੱਚ ਹੀ ਇਬਰਾਹੀਮ ਲੋਧੀ ਦੀ ਸਾਰੀ ਫੌਜ ਨਸ਼ਟ ਕਰ ਦਿੱਤੀ ਗਈ ਤੇ ਉਹ ਜੰਗ ਵਿੱਚ ਮਾਰਿਆ ਗਿਆ।

ਮੌਜੂਦਾ ਸਮੇਂ ਵੀ ਇਹੋ ਕੁਝ ਹੋ ਰਿਹਾ ਹੈ। ਦੇਸ਼ ਦੀ ਤਰੱਕੀ ਦੇ ਰਸਤੇ ਵਿੱਚ ਸਭ ਤੋਂ ਵੱਡੀ ਰੁਕਾਵਟ ਜ਼ਾਤੀ ਪ੍ਰਥਾ ਹੀ ਹੈ। ਲੋਕ ਵੋਟ ਪਾਉਣ ਲੱਗਿਆਂ ਉਮੀਦਵਾਰ ਦੀ ਕਾਬਲੀਅਤ ਵਾਚਣ ਦੀ ਬਜਾਏ ਉਸ ਦੀ ਜ਼ਾਤ ਵੇਖਦੇ ਹਨ। ਇਹ ਗੱਲ ਅਲੱਗ ਹੈ ਅੱਜ ਤੱਕ ਕਿਸੇ ਨੇਤਾ ਨੇ ਤਾਕਤ ਮਿਲਣ ਤੋਂ ਬਾਅਦ ਆਪਣੀ ਜ਼ਾਤ ਦਾ ਭਲਾ ਨਹੀਂ ਕੀਤਾ। ਮੰਤਰੀ ਬਣਨ ਤੋਂ ਬਾਅਦ ਉਸ ਦਾ ਸਭ ਤੋਂ ਪਹਿਲਾ ਕੰਮ ਕਿਸੇ ਪਾਸ਼ ਕਲੋਨੀ ਵਿੱਚ ਮਹਿਲ ਪਾ ਕੇ ਗੇਟ ਉੱਤੇ ਗੰਨਮੈਨ ਬਿਠਾਉਣ ਦਾ ਹੁੰਦਾ ਹੈ ਤਾਂ ਜੋ ਗਰੀਬ ਗੁਰਬਾ ਉਸ ਨੂੰ ਕਿਸੇ ਕੰਮ ਲਈ ਤੰਗ ਪਰੇਸ਼ਾਨ ਨਾ ਕਰ ਸਕੇ।

ਸੰਸਾਰ ਵਿੱਚ ਸ਼ਾਇਦ ਭਾਰਤ ਹੀ ਇੱਕੋ ਇੱਕ ਦੇਸ਼ ਹੈ ਜਿੱਥੇ ਇਸ ਕੰਪਿਊਟਰ ਯੁੱਗ ਵਿੱਚ ਵੀ ਜ਼ਾਤੀ ਪ੍ਰਥਾ ਵਰਗੇ ਕਲੰਕ ਦੀ ਪੂਰੀ ਕਰੜਾਈ ਨਾਲ ਪਾਲਣਾ ਕੀਤੀ ਜਾ ਰਹੀ ਹੈ। ਭਾਰਤ ਵਿੱਚ ਜ਼ਾਤੀਵਾਦੀ ਸਿਸਟਮ ਦਾ ਘੋਰ ਅਣਮਨੁੱਖੀ ਰੂਪ ਯੂ.ਪੀ., ਬਿਹਾਰ ਅਤੇ ਦੱਖਣੀ ਭਾਰਤ ਵਿੱਚ ਵੇਖਣ ਨੂੰ ਮਿਲਦਾ ਹੈ। ਇਹਨਾਂ ਸੂਬਿਆਂ ਦੇ ਪਿੰਡਾਂ ਵਿੱਚ ਅੱਜ ਵੀ ਕਥਿਤ ਛੋਟੀਆਂ ਜਾਤਾਂ ਲਈ ਪਾਣੀ ਦੇ ਖੂਹ ਤੱਕ ਵੱਖਰੇ ਹਨ, ਉਹ ਪਿੰਡ ਦੇ ਚੌਧਰੀ ਦੇ ਬਰਾਬਰ ਕੁਰਸੀ ਜਾਂ ਮੰਜੇ ਉੱਤੇ ਨਹੀਂ ਬੈਠ ਸਕਦੇ। ਯੂ.ਪੀ. ਅਤੇ ਬਿਹਾਰ ਦੀ ਤਾਂ ਸਾਰੀ ਸਿਆਸਤ ਅਤੇ ਸਮਾਜਿਕ ਤਾਣਾ ਬਾਣਾ ਹੀ ਜ਼ਾਤੀਵਾਦ ਦੇ ਇਰਦ ਗਿਰਦ ਘੁੰਮਦਾ ਹੈ। ਜ਼ਾਤ ਅਧਾਰਿਤ ਰਾਜਨੀਤਕ ਪਾਰਟੀਆਂ ਹਨ, ਇੱਥੋਂ ਤੱਕ ਕਿ ਗੁੰਡਿਆਂ ਅਤੇ ਡਾਕੂਆਂ ਦੇ ਗਿਰੋਹ ਵੀ ਜ਼ਾਤ ਅਧਾਰਿਤ ਹਨ। 1992-93 ਵਿੱਚ ਮੈਂ ਕਿਸੇ ਮੁਲਜ਼ਮ ਨੂੰ ਪਕੜਨ ਲਈ ਯੂ.ਪੀ. ਦੇ ਕਿਸੇ ਸ਼ਹਿਰ ਗਿਆ। ਸਾਨੂੰ ਪੁਲਿਸ ਮਦਦ ਲੈਣ ਲਈ ਸਥਾਨਿਕ ਥਾਣੇ ਜਾਣਾ ਪਿਆ। ਉੱਥੇ ਵੇਖਿਆ ਕਿ ਥਾਣੇ ਵਿੱਚ ਵੱਖ ਵੱਖ ਜ਼ਾਤਾਂ ਲਈ ਦੋ ਮੈੱਸਾਂ ਸਨ ਤੇ ਸ਼ਰੇਆਮ ਲਿਖਿਆ ਹੋਇਆ ਸੀ ਕਿ ਇਹ ਮੈੱਸ ਫਲਾਣੀ ਜ਼ਾਤ ਲਈ ਹੈ। ਜਦੋਂ ਮੈਂ ਹੈਰਾਨ ਹੋ ਕਿ ਇਸ ਸਬੰਧੀ ਐੱਸ.ਐੱਚ.ਓ. ਨੂੰ ਪੁੱਛਿਆ ਤਾਂ ਉਹ ਬਹੁਤ ਅਰਾਮ ਨਾਲ ਬੋਲਿਆ ਕਿ ਇਸ ਵਿੱਚ ਕੀ ਖਾਸ ਗੱਲ ਹੈ ? ਇਹ ਤਾਂ ਹੁੰਦਾ ਹੀ ਹੈ।

ਰਾਜਸਥਾਨ ਵਿੱਚ ਤਾਂ 40-50 ਸਾਲ ਪਹਿਲਾਂ ਤੱਕ ਕੋਈ ਗੈਰ ਰਾਜਪੂਤ ਆਪਣੇ ਨਾਮ ਨਾਲ ਸਿੰਘ ਨਹੀਂ ਸੀ ਲਗਾ ਸਕਦਾ (ਇਹ ਸਿਰਫ ਰਾਜਪੂਤਾਂ ਵਾਸਤੇ ਰਿਜ਼ਰਵ ਸੀ), ਘੋੜੀ ਉੱਤੇ ਨਹੀਂ ਸੀ ਚੜ੍ਹ ਸਕਦਾ ਤੇ ਚੰਗਾ ਊਠ ਨਹੀਂ ਸੀ ਰੱਖ ਸਕਦਾ। ਅੱਜ ਵੀ ਰਾਜਸਥਾਨ ਵਿੱਚ ਰਾਜਪੂਤਾਂ ਨੂੰ ਛੱਡ ਕੇ ਬਹੁਤੇ ਲੋਕਾਂ ਦੇ ਨਾਮ ਸ਼ਾਮ ਲਾਲ, ਨਿਉਲਾ ਰਾਮ, ਦੂੜੇ ਰਾਮ, ਰਤਨ ਲਾਲ ਜਾਂ ਗੋਦਾ ਰਾਮ ਆਦਿ ਹਨ। ਧਰਮਿੰਦਰ ਦੀ ਫਿਲਮ ਗੁਲਾਮੀ (1985) ਵਿੱਚ ਇਹ ਭੇਦ ਭਾਵ ਬਹੁਤ ਸਟੀਕਤਾ ਨਾਲ ਵਿਖਾਇਆ ਗਿਆ ਸੀ। ਦੱਖਣ ਵਿੱਚ ਤਾਂ ਹਾਲਾਤ ਹੋਰ ਵੀ ਬੁਰੇ ਹਨ। ਉੱਥੇ ਇੱਕ ਯੇਲੱਮਾ ਦੇਵੀ ਦਾ ਮੰਦਰ ਹੈ ਜਿੱਥੇ ਸਿਰਫ ਕਥਿਤ ਛੋਟੀਆਂ ਜ਼ਾਤਾਂ ਦੀਆਂ ਬੱਚੀਆਂ ਨੂੰ ਦੇਵ ਦਾਸੀਆਂ ਬਣਾਇਆ ਜਾਂਦਾ ਹੈ ਤੇ ਬਾਅਦ ਵਿੱਚ ਇਹਨਾਂ ਵਿੱਚੋਂ ਬਹੁਤੀਆਂ ਵੇਸਵਾ ਬਜ਼ਾਰ ਵਿੱਚ ਵੇਚ ਦਿੱਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਵੀ ਮਾਲਵਾ ਖੇਤਰ ਵਿੱਚ ਸਿਆਸੀ ਲੋਕਾਂ ਦਾ ਮਨਪਸੰਦ ਇੱਕ ਅਜਿਹਾ ਡੇਰਾ ਹੈ ਜਿੱਥੇ ਅੱਜ ਦੇ ਯੁੱਗ ਵਿੱਚ ਵੀ ਵੱਖ ਵੱਖ ਜ਼ਾਤਾਂ ਦੇ ਭਾਂਡੇ ਅਲੱਗ ਅਲੱਗ ਰੱਖ ਕੇ ਸਿੱਖ ਧਰਮ ਦੇ ਸਭ ਤੋਂ ਬੁਨਿਆਦੀ ਅਸੂਲ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਪੰਜਾਬ ਵਿੱਚ ਗੁਰੂਆਂ ਅਤੇ ਭਗਤਾਂ ਨੇ ਜ਼ਾਤ ਪਾਤ ਮਿਟਾਉਣ ਲਈ ਬਹੁਤ ਉਪਰਾਲੇ ਕੀਤੇ ਪਰ ਇਹ ਬਿਮਾਰੀ ਲਗਾਤਾਰ ਵਧਦੀ ਹੀ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕਰਨ ਵੇਲੇ ਇਸ ਬੁਰਾਈ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾਂ ਵੱਖ ਵੱਖ ਜ਼ਾਤਾਂ ਦੇ ਪੰਜ ਸੂਰਮਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਫਿਰ ਆਪ ਉਹਨਾਂ ਹੱਥੋਂ ਅੰਮ੍ਰਿਤ ਛਕਿਆ। ਪਰ ਹੁਣ ਹਾਲਾਤ ਇਹ ਬਣ ਗਏ ਹਨ ਕਿ ਅਸੀਂ ਗੁਰੂ ਸਾਹਿਬਾਨ ਨੂੰ ਤਾਂ ਮੰਨਦੇ ਹਾਂ ਪਰ ਉਹਨਾਂ ਦੀਆਂ ਸਿੱਖਿਆਵਾਂ ਨੂੰ ਮੰਨਣ ਲਈ ਤਿਆਰ ਨਹੀਂ। ਅੱਜ ਪੰਜਾਬ ਦੇ ਹਰ ਪਿੰਡ-ਸ਼ਹਿਰ ਵਿੱਚ ਵੱਖ ਵੱਖ ਜ਼ਾਤਾਂ ਦੇ ਅਲੱਗ ਅਲੱਗ ਗੁਰਦਵਾਰੇ, ਮੰਦਰ ਅਤੇ ਸ਼ਮਸ਼ਾਨ ਘਾਟ ਬਣੇ ਹੋਏ ਹਨ, ਜ਼ਾਤ ਪਾਤ ਮਰਨ ਤੋਂ ਬਾਅਦ ਵੀ ਬੰਦੇ ਦਾ ਪਿੱਛਾ ਨਹੀਂ ਛੱਡਦੀ। ਪੱਛਮੀ ਦੇਸ਼ਾਂ ਵਿੱਚ ਵੀ ਭਾਰਤੀ ਆਪਣੀ ਇਹ ਨੀਚ ਪ੍ਰਥਾ ਨਾਲ ਹੀ ਲੈ ਗਏ ਹਨ। ਉੱਥੇ ਵੀ ਅਲੱਗ ਅਲੱਗ ਜ਼ਾਤਾਂ ਦੇ ਧਰਮ ਅਸਥਾਨ ਉਸਾਰ ਲਏ ਹਨ।

ਜ਼ਾਤ ਪਾਤ ਵੈਦਿਕ ਕਾਲ ਵਿੱਚ ਕੰਮ ਦੇ ਅਧਾਰ ਉੱਤੇ ਸ਼ੁਰੂ ਹੋਈ ਹੋਈ ਸੀ, ਪਰ ਸਮਾਂ ਪਾ ਕੇ ਰਾਜਿਆਂ ਅਤੇ ਪੁਜਾਰੀਆਂ ਦੀਆਂ ਸਾਜ਼ਿਸ਼ਾਂ ਕਾਰਨ ਇਹ ਪ੍ਰਥਾ ਪੱਕੀ ਹੀ ਹੋ ਗਈ। ਅੱਜ ਭਾਰਤੀ ਜਿਸ ਜ਼ਾਤ ਵਿੱਚ ਪੈਦਾ ਹੁੰਦਾ ਹੈ, ਉਸੇ ਵਿੱਚ ਮਰਦਾ ਹੈ। ਫਿਲਹਾਲ ਇਹ ਪ੍ਰਥਾ ਖਤਮ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ। ਇਸ ਨੂੰ ਦੇਸ਼ ਦੇ ਰਾਜਨੀਤਕ ਅਤੇ ਧਾਰਮਿਕ ਰਹਿਨੁਮਾਵਾਂ ਵੱਲੋਂ ਭਰਪੂਰ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਇਲੈਕਸ਼ਨਾਂ, ਸਰਕਾਰੀ ਨੌਕਰੀਆਂ, ਇੱਥੋਂ ਤੱਕ ਕੇ ਪੰਚਾਇਤਾਂ ਵੀ ਜ਼ਾਤ ਅਧਾਰਿਤ ਬਣਦੀਆਂ ਹਨ। ਅਫਸਰਾਂ ਦੇ ਸ਼ਰੇਆਮ ਜ਼ਾਤ ਅਧਾਰਿਤ ਗਰੁੱਪ ਬਣੇ ਹੋਏ ਹਨ ਜਿਹਨਾਂ ਵਿੱਚ ਰੱਜ ਕੇ ਦੂਸਰੀ ਜ਼ਾਤ ਵਾਲਿਆਂ ਦੀ ਬਦਖੋਈ ਕੀਤੀ ਜਾਂਦੀ ਹੈ। ਵੈਸੇ ਜ਼ਾਤ ਪਾਤ ਵੀ ਵਿਅਕਤੀ ਦੀ ਆਰਥਿਕ ਸਥਿਤੀ ਅਨੁਸਾਰ ਬਦਲ ਜਾਂਦੀ ਹੈ। ਜੇ ਵਿਅਕਤੀ ਗਰੀਬ ਹੋਵੇ ਤਾਂ ਉਸ ਨਾਲ ਜ਼ਾਤ ਦੇ ਅਧਾਰ ਉੱਤੇ ਰੱਜ ਕੇ ਵਿਤਕਰਾ ਕੀਤਾ ਜਾਂਦਾ ਹੈ, ਪਰ ਜੇ ਉਹ ਵਿਅਕਤੀ ਜਾਂ ਉਸ ਦਾ ਕੋਈ ਬੱਚਾ ਪੜ੍ਹ ਲਿਖ ਕੇ ਵੱਡਾ ਅਫਸਰ ਜਾਂ ਮੰਤਰੀ ਬਣ ਜਾਵੇ ਤਾਂ ਇਲਾਕੇ ਦੇ ਵੱਡੇ ਤੋਂ ਵੱਡੇ ਚੌਧਰੀ ਵੀ ਉਸ ਨੂੰ ਸਲਾਮ ਮਾਰਨ ਪਹੁੰਚ ਜਾਂਦੇ ਹਨ। ਕਹਿੰਦੇ ਹਨ ਕਿ ਪਹਿਲੀ ਪੀੜ੍ਹੀ ਦਾ ਪਾਖੰਡ ਦੂਸਰੀ ਪੀੜ੍ਹੀ ਦੀ ਪਰੰਪਰਾ ਅਤੇ ਤੀਸਰੀ ਪੀੜ੍ਹੀ ਦਾ ਧਰਮ ਬਣ ਜਾਂਦਾ ਹੈ। ਇਹ ਜ਼ਾਤ ਪਾਤ ਵੀ ਸਦੀਆਂ ਗੁਜ਼ਰਨ ਨਾਲ ਸਾਡਾ ਧਰਮ ਹੀ ਬਣ ਗਿਆ ਹੈ। ਇਸ ਭੇਦ ਭਾਵ ਤੋਂ ਅੱਕ ਕੇ ਭਾਰਤ ਵਿੱਚ ਕਰੋੜਾਂ ਲੋਕਾਂ ਨੇ ਧਰਮ ਪਰਿਵਰਤਨ ਕੀਤਾ ਸੀ ਤੇ ਅੱਜ ਵੀ ਕਰ ਰਹੇ ਹਨ।

ਪੰਜਾਬ ਦੇ ਪਿੰਡਾਂ ਵਿੱਚ ਜ਼ਾਤ ਅਧਾਰਿਤ ਕਲੋਨੀਆਂ ਅਤੇ ਮਹੱਲੇ ਬਣੇ ਹੋਏ ਹਨ। ਸਾਡੇ ਨੇਤਾ ਭਾਵੇਂ ਜ਼ਾਤ ਪਾਤ ਖਤਮ ਕਰਨ ਦੀਆਂ ਗੱਲਾਂ ਕਰਦੇ ਹਨ, ਪਰ ਵੱਖ ਵੱਖ ਜ਼ਾਤਾਂ ਦੇ ਧਰਮ ਸਥਾਨਾਂ ਅਤੇ ਧਰਮਸ਼ਾਲਵਾਂ ਲਈ ਖੁੱਲ੍ਹ ਕੇ ਗਰਾਂਟਾਂ ਦਿੰਦੇ ਹਨ। ਵੋਟਾਂ ਖੁੱਸਣ ਦੇ ਡਰੋਂ ਇਸ ਗੱਲ ਉੱਤੇ ਕਦੇ ਵੀ ਜ਼ੋਰ ਨਹੀਂ ਦਿੰਦੇ ਕਿ ਸਾਰੀਆਂ ਜ਼ਾਤਾਂ ਲਈ ਇੱਕ ਹੀ ਸਾਂਝਾ ਧਰਮ ਸਥਾਨ ਹੋਣਾ ਚਾਹੀਦਾ ਹੈ। ਪੰਜਾਬ ਵਿੱਚ ਲਵ ਮੈਰਿਜ ਭਾਵੇਂ ਅੰਤਰਜ਼ਾਤੀ ਹੋ ਜਾਵੇ, ਪਰ ਅਰੇਂਜਡ ਮੈਰਿਜ 99% ਇੱਕ ਹੀ ਜ਼ਾਤ ਵਿੱਚ ਹੁੰਦੀ ਹੈ। ਲੋਕ ਅੰਤਰਜ਼ਾਤੀ ਵਿਆਹਾਂ ਨੂੰ ਬਰਦਾਸ਼ਤ ਨਹੀਂ ਕਰਦੇ, ਲੜਕੇ ਲੜਕੀ ਨੂੰ ਕਤਲ ਤੱਕ ਕਰ ਦਿੱਤਾ ਜਾਂਦਾ ਹੈ। ਪਰ ਜ਼ਾਤ ਪਾਤ ਵਰਗੇ ਕਲੰਕ ਨੂੰ ਮਿਟਾਉਣ ਦਾ ਜਿਹੜਾ ਕੰਮ ਸਾਡੇ ਧਾਰਮਿਕ ਰਹਿਨੁਮਾ ਨਹੀਂ ਕਰ ਸਕੇ, ਉਸ ਆਈਲੈਟਸ ਨੇ ਕਰ ਵਿਖਾਇਆ ਹੈ। ਹੁਣ ਵਿਆਹ ਵੇਲੇ ਸਿਰਫ ਲੜਕੀ ਦੇ ਬੈਂਡ ਵੇਖੇ ਜਾਂਦੇ ਹਨ, ਜ਼ਾਤ ਪਾਤ ਕੋਈ ਨਹੀਂ ਪੁੱਛਦਾ। ਪਰ ਜਿੰਨਾ ਚਿਰ ਭਾਰਤੀਆਂ ਵਿੱਚ ਖੁਦ ਜਾਗਰਤੀ ਨਹੀਂ ਆਉਂਦੀ, ਜਨਤਾ ਜ਼ਾਤ ਦੀ ਬਜਾਏ ਕਾਬਲੀਅਤ ਨਹੀਂ ਵੇਖਦੀ, ਰਾਜਨੀਤਕ ਲੋਕ ਆਪਣੀਆਂ ਰੋਟੀਆਂ ਸੇਕਣੀਆਂ ਬੰਦ ਨਹੀਂ ਕਰਦੇ, ਅੰਤਰ ਜ਼ਾਤੀ ਵਿਆਹ ਆਮ ਨਹੀਂ ਹੁੰਦੇ ਤੇ ਧਾਰਮਿਕ ਛੂਤ ਛਾਤ ਖਤਮ ਨਹੀਂ ਹੁੰਦੀ, ਸਾਡੇ ਸਮਾਜ ਦਾ ਇਹ ਮਹਾਂ ਕਲੰਕ ਕਦੇ ਵੀ ਖਤਮ ਨਹੀਂ ਹੋ ਸਕਦਾ।

---

**ਬਾਕੀ**

## ਗੈਂਗਸਟਰਾਂ ਲਈ ਬਾਦਲ ਦਲ ਜ਼ਿੰਮੇਵਾਰ : ਕੈਪਟਨ ਅਮਰਿੰਦਰ ਸਿੰਘ

ਸਬੂਤ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਦੇ ਉਲਟ ਅਕਾਲੀਆਂ ਖਿਲਾਫ਼ ਸਬੂਤ ਦਸਤਾਵੇਜ਼ੀ ਹਨ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੂੰ ਪ੍ਰਾਪਤ ਹੋਈਆਂ ਤਸਵੀਰਾਂ ਵਿੱਚ ਹਰਜਿੰਦਰ ਸਿੰਘ ਬਿੱਟੂ ਉਰਫ਼ ਬਿੱਟੂ ਸਰਪੰਚ ਸੀਨੀਅਰ ਅਕਾਲੀ ਸਿਆਸਤਦਾਨਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ, ਹਰਸਿਮਰਤ ਬਾਦਲ ਤੇ ਬਿਕਰਮ ਮਜੀਠੀਆ ਨੂੰ ਸਨਮਾਨਿਤ ਕਰਦਾ ਨਜ਼ਰ ਆਉਂਦਾ ਹੈ। ਪੁਲੀਸ ਅਨੁਸਾਰ ਬਿੱਟੂ ਨਸ਼ੇ, ਕਤਲ, ਡਕੈਤੀ, ਆਰਮਜ਼ ਐਕਟ ਆਦਿ ਨਾਲ ਸਬੰਧਤ ਕਈ ਅਪਰਾਧਕ ਮਾਮਲਿਆਂ ਵਿੱਚ ਨਾਮਜ਼ਦ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਜਿਸ ਸ਼ਖਸ ਦੀਆਂ ਤਸਵੀਰਾਂ ਜਾਰੀ ਕਰਕੇ ਇੱਕ-ਦੂਜੇ ਉੱਪਰ ਗੈਂਗਸਟਰਾਂ ਨਾਲ ਮਿਲੀਭੁਗਤ ਦੇ ਇਲਜ਼ਾਮ ਲਾ ਰਹੇ ਹਨ, ਉਸ ਦਾ ਕਹਿਣਾ ਹੈ ਕਿ ਉਸ ਮਾਣਹਾਨੀ ਦਾ ਦਾਅਵਾ ਠੋਕੇਗਾ। ਬਿੱਟੂ ਸਰਪੰਚ ਨੇ ਕਿਹਾ ਹੈ ਕਿ ਕੈਪਟਨ ਨੇ ਗੈਂਗਸਟਰ ਹੋਣ ਦੇ ਝੂਠੇ ਇਲਜ਼ਾਮ ਲਾਏ ਹਨ। ਅਦਾਲਤ ਨੇ ਉਸ ਨੂੰ ਸਾਰੇ ਕੇਸਾਂ ਵਿੱਚੋਂ ਬਾਇੱਜ਼ਤ ਬਰੀ ਕੀਤਾ ਹੈ। ਬਿੱਟੂ ਸਰਪੰਚ ਨੇ ਕਿਹਾ ਹੈ ਕਿ ਉਹ ਕੈਪਟਨ ਖਿਲਾਫ ਮਾਣਹਾਨੀ ਦਾ ਕੇਸ ਦਰਜ ਕਰੇਗਾ। ਉਸ ਨੇ ਇਹ ਵੀ ਇਲਜ਼ਾਮ ਲਾਇਆ ਕਿ ਪੁਲਿਸ ਉਸ ਦੇ ਘਰ ਬਿਨਾ ਵਜ੍ਹਾ ਛਾਪੇ ਮਾਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਨੂੰ ਘੇਰਦੇ-ਘੇਰਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਹੀ ਘਿਰ ਗਏ। ਦਰਅਸਲ ਕੈਪਟਨ ਨੇ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਨੂੰ ਘੇਰਨ ਲਈ ਉਨ੍ਹਾਂ ਦੀ ਗੈਂਗਸਟਰ ਹਰਜਿੰਦਰ ਸਿੰਘ ਬਿੱਟੂ ਸਰਪੰਚ ਨਾਲ ਫੋਟੋਆਂ ਜਾਰੀ ਕੀਤੀਆਂ ਸੀ। ਇਨ੍ਹਾਂ ਤਸਵੀਰਾਂ ਵਿੱਚ ਸੁਖਬੀਰ, ਮਜੀਠੀਆ, ਹਰਸਿਮਰਤ ਤੇ ਹੋਰ ਅਕਾਲੀ ਲੀਡਰ ਨਜ਼ਰ ਆ ਰਹੇ ਹਨ। ਦਿਲਚਸਪ ਹੈ ਕਿ ਇਸ ਤੋਂ ਕੁਝ ਹੀ ਘੰਟੇ ਬਾਅਦ ਅਕਾਲੀ ਦਲ ਨੇ ਉਸੇ ਬਿੱਟੂ ਸਰਪੰਚ ਨਾਲ ਕੈਪਟਨ ਦੀ ਫੋਟੋ ਜਾਰੀ ਕਰਕੇ ਪਾਸਾ ਹੀ ਪਲਟ ਦਿੱਤਾ। ਸੁਖਬੀਰ ਬਾਦਲ ਨੇ ਫੋਟੋ ਜਾਰੀ ਕਰਦਿਆਂ ਦਾਅਵਾ ਕੀਤਾ ਹੈ ਕਿ ਸਾਲ 2017 ਦੇ ਚੋਣ ਪ੍ਰਚਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਨਾਮੀ ਗੈਂਗਸਟਰ ਹਰਜਿੰਦਰ ਸਿੰਘ ਬਿੱਟੂ ਸਰਪੰਚ ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਹੁਣ ਕਿਰਪਾ ਕਰਕੇ ਅੱਜ ਉਨ੍ਹਾਂ ਵੱਲੋਂ ਜਾਰੀ ਕੀਤੀ ਫੋਟੋ ਵੀ ਬਾਕੀ ਫੋਟੋਆਂ ਨਾਲ ਰੱਖ ਕੇ ਡੀਜੀਪੀ ਨੂੰ ਭੇਜੀਆਂ ਜਾਣ। ਇਹ ਸਬੂਤ ਡੀਜੀਪੀ ਦੀ ਉਨ੍ਹਾਂ ਅਸਲੀ ਸਿਆਸਤਦਾਨਾਂ ਨੂੰ ਲੱਭਣ ਵਿੱਚ ਮਦਦ ਕਰਨਗੇ, ਜੋ ਗੈਂਗਸਟਰਾਂ ਨਾਲ ਮਿਲੇ ਹੋਏ ਹਨ ਤੇ ਆਪਣੇ ਸਿਆਸੀ ਉਦੇਸ਼ਾਂ ਦੀ ਪੂਰਤੀ ਲਈ ਉਨ੍ਹਾਂ ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਵੱਲੋਂ ਬਿੱਟੂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਦੀ ਤਸਵੀਰ ਸਮੇਤ ਅਕਾਲੀ ਦਲ ਇੱਕ ਹੋਰ ਤਸਵੀਰ ਵੀ ਭੇਜੇਗਾ, ਜਿਸ ਵਿੱਚ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਨਾਮੀ ਗੈਂਗਸਟਰ ਪਰਦੀਪ ਸੰਧੂ ਨੂੰ ਕਾਂਗਰਸ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਇਹ ਤਸਵੀਰ ਵੀ 2017 ਦੀ ਹੈ।

## ਢੀਂਡਸਾ ਦੀ ਅਗਵਾਈ ’ਚ ਬਾਦਲ ਵਿਰੋਧੀ ਧੜੇ ਹੋ ਸਕਦੇ ਨੇ ਇਕੱਠੇ

ਵਰਨਣਯੋਗ ਹੈ ਕਿ ਉਸੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਕਾਲੀ ਦਲ ਬਾਦਲ ਦਾ ਡੈਲੀਗੇਟ ਅਜਲਾਸ ਸੱਦਿਆ ਗਿਆ ਹੈ। ਇਸ ਅਜਲਾਸ ਵਿਚ ਦਸੰਬਰ 2020 ਵਿਚ ਸਥਾਪਨਾ ਸ਼ਤਾਬਦੀ ਮਨਾਏ ਜਾਣ ਲਈ ਤਿਆਰੀ ਦੀ ਰੂਪ-ਰੇਖਾ ਬਾਰੇ ਵਿਚਾਰ ਕੀਤੇ ਜਾਣ ਦਾ ਐਲਾਨ ਕੀਤਾ ਹੋਇਆ। ਬਾਦਲ ਦਲ ਵਿਰੋਧੀ ਉਕਤ ਚਾਰ ਜਥੇਬੰਦੀਆਂ ਦੇ ਇਕੱਠੇ ਹੋਏ ਆਗੂਆਂ ਦਾ ਕਹਿਣਾ ਹੈ ਕਿ 1996 ਦੀ ਮੋਗਾ ਕਾਨਫ਼ਰੰਸ ਵਿਚ ਅਕਾਲੀ ਦਲ ਨੇ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਹੋਣ ਦਾ ਫ਼ੈਸਲਾ ਤਿਆਗ ਕੇ ਇਸ ਨੂੰ ਸੈਕੂਲਰ ਤੇ ਪੰਜਾਬੀ ਪਾਰਟੀ ਹੋਣ ਦਾ ਮਤਾ ਪਾਸ ਕੀਤਾ ਸੀ, ਇਸ ਕਰਕੇ ਅਕਾਲੀ ਦਲ ਬਾਦਲ ਨੂੰ ਪੰਥ ਪ੍ਰਸਤ ਪਾਰਟੀ ਵਜੋਂ ਵਿਚਰਦੇ ਆ ਰਹੇ, ਬਾਦਲ ਦਲ ਦੀ ਸ਼ਤਾਬਦੀ ਮਨਾਉਣ ਦਾ ਕੋਈ ਵੀ ਨੈਤਿਕ ਜਾਂ ਸੰਵਿਧਾਨਕ ਅਧਿਕਾਰ ਨਹੀਂ ਹੈ। ਪਾਰਟੀ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਟਕਸਾਲੀ 2022 ਦੀਆਂ ਵਿਧਾਨ ਸਭਾ ਚੋਣਾਂ ਹਮਖਿਆਲੀ ਪਾਰਟੀਆਂ ਨਾਲ ਸਾਂਝੇ ਤੌਰ ’ਤੇ ਲੜਨ ਦਾ ਇੱਛੁਕ ਹੈ ਤਾਂ ਜੋ ਬਾਦਲ ਅਕਾਲੀ ਦਲ ਨੂੰ ਇਕ ਵੱਡੀ ਚੁਣੌਤੀ ਦਿੱਤੀ ਜਾ ਸਕੇ। ਪਾਰਟੀ ਵਲੋਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਜਲਦੀ ਕਰਾਉਣ ਵਾਸਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਵੀ ਸੰਪਰਕ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

## ਅਕਾਲੀ ਲੀਡਰਸ਼ਿਪ 3 ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰੇਗੀ ਸੇਵਾ

ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ 12 ਦਸੰਬਰ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮਿ ?ਤਸਰ ਵਿਖੇ ਤਿੰਨ ਦਿਨ ਸੰਗਤ ਦੇ ਜੋੜੇ ਝਾੜਨ, ਭਾਂਡੇ ਮਾਂਜਣ ਅਤੇ ਲੰਗਰ ਦੀ ਸੇਵਾ ਕਰੇਗੀ ਅਤੇ ਸਮੂਹਿਕ ਰੂਪ ਵਿਚ ਕੀਰਤਨ ਸਰਵਣ ਕਰੇਗੀ। ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ 14 ਦਸੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅਕਾਲੀ ਦਲ ਦੇ ਸਥਾਪਨਾ ਦਿਵਸ ਦੇ ਸਬੰਧ ਵਿਚ ਹੋਣ ਵਾਲੇ ਸਮਾਗਮ ਤੋਂ ਪਹਿਲਾਂ 12 ਦਸੰਬਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਆਰੰਭ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਾਠ ਆਰੰਭ ਕਰਨ ਮੌਕੇ ਪਾਰਟੀ ਦੇ ਸਰਕਲ ਪੱਧਰ ਤੋਂ ਲੈ ਕੇ ਕੋਰ ਕਮੇਟੀ ਤੱਕ ਦੇ ਮੈਂਬਰ ਤੇ ਅਹੁਦੇਦਾਰ, ਵਿਧਾਇਕ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਹੋਣਗੇ। ਸਮੂਹ ਲੀਡਰਸ਼ਿਪ ਫਿਰ ਸਾਰਾ ਦਿਨ ਸੰਗਤ ਦੇ ਜੋੜੇ ਝਾੜਨ, ਭਾਂਡੇ ਮਾਂਜਣ ਤੇ ਲੰਗਰ ਦੀ ਸੇਵਾ ਕਰੇਗੀ ਅਤੇ ਸਮੂਹਿਕ ਰੂਪ ਵਿਚ ਕੀਰਤਨ ਵੀ ਸਰਵਣ ਕਰੇਗੀ। 13 ਦਸੰਬਰ ਨੂੰ ਸਾਰਾ ਦਿਨ ਅਕਾਲੀ ਲੀਡਰਸ਼ਿਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਤੇ ਕੀਰਤਨ ਸਰਵਣ ਕਰਨ ਵਿਚ ਬਿਤਾਏਗੀ। 14 ਦਸੰਬਰ ਨੂੰ ਸਵੇਰੇ ਸੇਵਾ ਕਰਨ ਉਪਰੰਤ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਤੇ ਫਿਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਅਕਾਲੀ ਦਲ ਦਾ ਸਥਾਪਨਾ ਦਿਵਸ ਮਨਾਇਆ ਜਾਵੇਗਾ।

## ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਕਾਂਗਰਸੀ ਵਰਕਰ ਤੇ ਨੇਤਾ ਨਿਰਾਸ਼

ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਵਰਕਰਾਂ ਕੋਲੋਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਫੀਡ ਬੈਕ ਲੈਣ ਦੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਤਾਂ ਵਰਕਰਾਂ ਦਾ ਗੁੱਸਾ ਭੜਕ ਕੇ ਸਾਹਮਣੇ ਆ ਗਿਆ। ਹਾਲਾਂ ਕਿ ਸੂਬਾ ਪ੍ਰਧਾਨ ਸੁਨੀਲ ਜਾਖੜ ਵੀ ਕੈਪਟਨ ਤੋਂ ਨਿਰਾਸ਼ ਦੱਸੇ ਜਾ ਰਹੇ ਹਨ। ਕਾਂਗਰਸ ਦੇ ਬਲਾਕ ਪ੍ਰਧਾਨਾਂ ਅਤੇ ਪਾਰਟੀ ਦੇ ਵੱਖ-ਵੱਖ ਸੈੱਲਾਂ ਦੇ ਮੁਖੀਆਂ ਤੇ ਸ਼ਹਿਰ ਦੇ ਕੌਂਸਲਰਾਂ ਨੇ ਇਕਸੁਰ ਹੁੰਦਿਆਂ ਕਿਹਾ ਕਿ ਪੰਜਾਬ ਵਿੱਚ ਤਿੰਨ ਸਾਲਾਂ ਤੋਂ ਕਾਂਗਰਸ ਦੀ ਸਰਕਾਰ ਹੋਣ ਦੇ ਬਾਵਜੂਦ ਦਫਤਰਾਂ ਵਿਚ ਪਾਰਟੀ ਵਰਕਰਾਂ ਦੀ ਪੁੱਛਗਿੱਛ ਨਹੀਂ ਹੋ ਰਹੀ ਤੇ ਖਾਸ ਕਰਕੇ ਥਾਣਿਆਂ ਵਿਚ ਅੱਜ ਵੀ ‘ਜਥੇਦਾਰਾਂ’ ਦੀ ਸੁਣਵਾਈ ਹੋ ਰਹੀ ਹੈ। ਪਾਰਟੀ ਵਰਕਰਾਂ ਨੂੰ ਇਹ ਅਹਿਸਾਸ ਹੀ ਨਹੀਂ ਹੋ ਰਿਹਾ ਕਿ ਸੂਬੇ ਵਿੱਚ ਸਰਕਾਰ ਬਦਲ ਗਈ ਹੈ। ਬਲਾਕ ਸਮਿਤੀ ਆਦਮਪੁਰ ਦੇ ਚੇਅਰਮੈਨ ਸਤਨਾਮ ਸਿੰਘ ਅਤੇ ਨਕੋਦਰ ਦੇ ਜਸਵੀਰ ਸਿੰਘ ਬੱਲ ਨੇ ਬੇਅਦਬੀ ਤੇ ਬਰਗਾੜੀ ਦੇ ਮੁੱਦੇ ਉਠਾਉਂਦਿਆਂ ਕਿਹਾ ਕਿ ਇਹ ਅਜਿਹੇ ਮੁੱਦੇ ਹਨ ਜਿਨ੍ਹਾਂ ਨਾਲ ਸਮੁੱਚੇ ਪੰਜਾਬ ਦੇ ਲੋਕ ਜੁੜੇ ਹੋਏ ਹਨ। ਜੇਕਰ ਇਨ੍ਹਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਜਿਵੇਂ 2017 ਵਿੱਚ ਅਕਾਲੀਆਂ ਦਾ ਹਸ਼ਰ ਹੋਇਆ ਉਹੀ ਹਾਲ 2022 ਦੀਆਂ ਚੋਣਾਂ ਵਿਚ ਕਾਂਗਰਸ ਦਾ ਹੋਵੇਗਾ। ਕਈ ਆਗੂਆਂ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਵਰਗਾ ਜਿਹੜਾ ਸੱਚੀ ਗੱਲ ਕਰਦਾ ਸੀ ਉਸ ਨੂੰ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ ਤੇ ਪੰਜਾਬ ਵਿੱਚ ਇਹ ਪ੍ਰਭਾਵ ਜਾ ਰਿਹਾ ਹੈ ਕਿ ਕੈਪਟਨ ਤੇ ਬਾਦਲ ਰਲੇ ਹੋਏ ਹਨ। ਮੀਟਿੰਗਾਂ ਵਿੱਚ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਲਾਲੀ ਤੇ ਸ਼ਹਿਰੀ ਦੇ ਪ੍ਰਧਾਨ ਬਲਦੇਵ ਸਿੰਘ ਦੇਵ, ਵਿਧਾਇਕ ਪਰਗਟ ਸਿੰਘ, ਸੁਸ਼ੀਲ ਰਿੰਕੂ, ਰਾਜਿੰਦਰ ਬੇਰੀ, ਬਾਵਾ ਹੈਨਰੀ, ਹਰਦੇਵ ਸਿੰਘ ਲਾਡੀ, ਚੌਧਰੀ ਸੁਰਿੰਦਰ ਸਿੰਘ, ਨਕੋਦਰ ਦੇ ਹਲਕਾ ਇੰਚਾਰਜ ਜਗਬੀਰ ਬਰਾੜ, ਮੇਅਰ ਜਗਦੀਸ਼ ਰਾਜਾ ਆਦਿ ਹਾਜ਼ਰ ਸਨ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਰੰਧਾਵਾ ਨਿਰਾਸ਼

ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੁਆਉਣ ਬਾਰੇ ਉੱਠਦੀ ਮੰਗ ’ਤੇ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੀ ਹੀ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਰੰਧਾਵਾ ਨੇ ਕਿਹਾ ਕਿ ਇਹ ਸ਼ਰਮਨਾਕ ਗੱਲ ਹੈ ਕਿ ਇਨਸਾਫ਼ ਦਿਵਾਉਣ ਵਿੱਚ ਦੇਰੀ ਹੋ ਰਹੀ ਹੈ। ਦਰਅਸਲ ਕੁਝ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਡੇਰਾ ਬਾਬਾ ਨਾਨਕ ਸਥਿਤ ਸੁਖਜਿੰਦਰ ਸਿੰਘ ਰੰਧਾਵਾ ਦੇ ਘਰ ਅੱਗੇ ਬਰਗਾੜੀ ਕਾਂਡ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਪਹੁੰਚੇ ਸਨ। ਰੰਧਾਵਾ ਧਰਨਾਕਾਰੀਆਂ ਦੇ ਵਿਚਾਲੇ ਵੀ ਜਾ ਕੇ ਬਹਿ ਗਏ। ਉਨ੍ਹਾਂ ਕਿਹਾ ਕਿ ਮੈਂ ਇਹ ਨਹੀਂ ਕਹਿੰਦਾ ਕਿ ਅਸੀਂ ਦੋਸ਼ੀ ਨਹੀਂ। ਅਸੀਂ ਵੀ ਬਰਾਬਰ ਦੇ ਭਾਗੀਦਾਰ ਬਣਦੇ ਜਾਂਦੇ ਹਾਂ। ਮੈਂ ਆਪਣੀ ਗੱਲ ਤੋਂ ਪਿੱਛੇ ਨਹੀਂ ਹਟਦਾ। ਜੇਕਰ ਗੁਰੂ ਰਹੇਗਾ ਤਾਂ ਹੀ ਵਜਾਰਤਾਂ ਰਹਿਣਗੀਆਂ। ਜਿਹੜੀ ਸਹੁੰ ਅਸੀਂ ਬਠਿੰਡੇ ਖਾਧੀ ਸੀ ਇਹ ਹੁਣ ਤੱਕ ਕਿਸੇ ਬੰਨੇ ਲੱਗ ਜਾਣੀ ਚਾਹੀਦੀ ਸੀ। ਦੋਸ਼ੀ ਵੀ ਪਤਾ ਨੇ ਅਤੇ ਇਹ ਵੀ ਪਤਾ ਹੈ ਕਿ ਕਿਸਨੇ ਕੀਤਾ ਹੈ, ਇਸ ਵਿੱਚ ਦੇਰੀ ਹੋਈ ਜੋ ਵਾਕਈ ਸ਼ਰਮ ਵਾਲੀ ਗੱਲ ਹੈ।

ਸਾਨੂੰ ਤਾਂ ਦੋਸ਼ੀਆਂ ਨੂੰ ਪਹਿਲੇ ਦਿਨ ਹੀ ਫੜ ਕੇ ਅੰਦਰ ਕਰ ਦੇਣਾ ਚਾਹੀਦਾ ਸੀ। ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਹੈ ਕਿ ਸਾਡੇ ਕੋਲੋਂ ਬਾਹਰ ਲੋਕਾਂ ਨੂੰ ਜਵਾਬ ਨਹੀਂ ਦਿੱਤਾ ਜਾਂਦਾ। ਤੁਸੀਂ ਤਾਂ ਭਾਵੇਂ ਨਾ ਮਿਲੋ ਅਸੀਂ ਤਾਂ ਲੋਕਾਂ ਨੂੰ ਮਿਲਣਾ ਹੈ।

## ਵਾਸ਼ਿੰਗਟਨ ਵਿੱਚ ਸਿੱਖ ਟੈਕਸੀ ਡਰਾਈਵਰ ਉੱਤੇ ਹਮਲਾ

ਸੇਅਰਜ਼ ਨੇ ਸਿੱਖ ਡਰਾਈਵਰ ਦਾ ਗ਼ਲ ਘੁੱਟਣ ਦੀ ਵੀ ਕੋਸ਼ਿਸ਼ ਕੀਤੀ ਤੇ ਪੀੜਤ ਦੀ ਚਮੜੀ ਦੇ ਰੰਗ ਬਾਰੇ ਨਸਲੀ ਟਿੱਪਣੀਆਂ ਕੀਤੀਆਂ। ਕੋਮੋ ਨਿਊਜ਼ ਨੇ ਕਿਹਾ ਕਿ ਸਿੱਖ ਡਰਾਈਵਰ ਤੇ ਅਮਰੀਕੀ ਨੌਜਵਾਨ ਦਰਮਿਆਨ ਹੋਈ ਖਿੱਚਧੂਹ ਦੌਰਾਨ ਡਰਾਈਵਰ, ਜਿਸ ਦੀ ਪਛਾਣ ਜ਼ਾਹਰ ਨਹੀਂ ਕੀਤੀ ਗਈ, ਕਿਸੇ ਤਰ੍ਹਾਂ ਕਾਰ ਵਿੱਚੋਂ ਬਾਹਰ ਆ ਗਿਆ। ਉਸ ਨੇ ਮਦਦ ਲਈ 911 ‘ਤੇ ਫੋਨ ਕੀਤਾ। ਰਿਪੋਰਟ ਮੁਤਾਬਕ ਪੁਲੀਸ ਨੇ ਹਮਲਾਵਰ (ਸੇਅਰਜ਼) ਨੂੰ ਮਗਰੋਂ ਉਹਦੇ ਅਪਾਰਟਮੈਂਟ ਵਿਚਲੇ ਪੋਰਚ ਤੋਂ ਗ੍ਰਿਫਤਾਰ ਕਰ ਲਿਆ। ਬੈਲਿੰਗਮ ਪੁਲੀਸ ਨੇ ਸੇਅਰਜ਼ ‘ਤੇ ਦੂਜੇ ਦਰਜੇ ਦੇ ਹਮਲੇ ਤਹਿਤ ਦੋਸ਼ ਆਇਦ ਕੀਤੇ ਸਨ। ਉਂਝ, ਸੇਅਰਜ਼ ਨੂੰ 6 ਦਸੰਬਰ ਨੂੰ 13 ਹਜ਼ਾਰ ਅਮਰੀਕੀ ਡਾਲਰ ਦੀ ਜ਼ਮਾਨਤ ‘ਤੇ ਰਿਹਾਅ ਕਰ ਦਿੱਤਾ ਗਿਆ ਹੈ। ਸਿੱਖ ਡਰਾਈਵਰ ਨੇ ਪੁਲੀਸ ਨੂੰ ਦੱਸਿਆ ਕਿ ਸੇਅਰਜ਼ ਨੇ 5 ਦਸੰਬਰ ਦੀ ਸ਼ਾਮ ਨੂੰ ਉਹਦੀ ਟੈਕਸੀ ਹਾਇਰ ਕੀਤੀ ਸੀ। ਪੁਲੀਸ ਅਧਿਕਾਰੀ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਡਾ. ਮਨਮੋਹਨ ਸਿੰਘ ਨੇ ਨਰਸਿਮ੍ਹਾ ਰਾਓ ਦੀਆਂ ਗਲਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ

ਉਧਰ, ਸੀਨੀਅਰ ਵਕੀਲ ਐਚਐਸ ਫੂਲਕਾ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਬਿੱਲਕੁਲ ਸਹੀ ਕਹਿ ਰਹੇ ਹਨ। ਉਸ ਵੇਲੇ ਗ੍ਰਹਿ ਮੰਤਰੀ ਨਰਸਿਮ੍ਹਾ ਨੂੰ ਵੀ ਬਾਈਪਾਸ ਕਰ ਦਿੱਤਾ ਗਿਆ ਸੀ। ਸਾਰੇ ਨਿਰਦੇਸ਼ ਪ੍ਰਧਾਨ ਮੰਤਰੀ ਦਫਤਰ ਤੋਂ ਦਿੱਤੇ ਜਾ ਰਹੇ ਸੀ। ਉਸ ਵੇਲੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ। ਫੌਜ ਬੁਲਾਉਣ ਲਈ ਉਨ੍ਹਾਂ ਦੀ ਸਹਿਮਤੀ ਜ਼ਰੂਰੀ ਸੀ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ 1984 ਦੇ ਸਿੱਖ ਕਤਲੇਆਮ ਬਾਰੇ ਕੀਤੇ ਖੁਲਾਸੇ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਨੂੰ ਘੇਰਿਆ ਹੈ। ਅਕਾਲੀ ਲੀਡਰ ਬਿਕਰਮ ਮਜੀਠੀਆ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਦੇ ਬਿਆਨ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਸਿੱਖ ਕਤਲੇਆਮ ਸਿੱਖ ਲੜਕੀਆਂ ਨਾਲ ਬਲਾਤਕਾਰ ਤੇ ਹੋਰ ਧੱਕੇਸ਼ਾਹੀ ਗਾਂਧੀ ਪਰਿਵਾਰ ਤੇ ਕਾਂਗਰਸੀ ਲੀਡਰਾਂ ਦੇ ਇਸ਼ਾਰੇ ’ਤੇ ਹੋਇਆ ਸੀ। ਉਸ ਬਾਅਦ ਕਾਂਗਰਸ ਸਰਕਾਰ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਂਦੀ ਰਹੀ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com